JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

SWITCH INSURANCE
AUTO, HOME & COMMERCIAL
- Auto&Home Insurance
- Commercial Vehicle Insurance
- Commercial Property Insurance
- Commercial General Liability (CGL)
- Rental Property
Call:905-965-7474
7900 Hurontario St., Suite 308, Brampton, ON, L6Y 0P6
https://www.switchinsurance.ca

To view our online newspaper visit punjabipost.ca/epaper | Vol 22* Issue 05 | Friday, January 06, 2023 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਵਿਭਿੰਨਤਾ ਨੂੰ ਬਰਕਰਾਰ ਰੱਖਦਿਆਂ ਭਾਰਤੀ ਪਹਿਚਾਣ ਨੂੰ ਮਜ਼ਬੂਤ ਕਰੀਏ : ਹਾਈ ਕਮਿਸ਼ਨਰ ਵਰਮਾ



ਓਟਵਾ, 5 ਜਨਵਰੀ (ਪੋਸਟ ਬਿਊਰੋ): ਬੀਤੇ ਦਿਨੀਂ ਕੈਨੇਡਾ ਵਿਚ ਭਾਰਤੀ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਵਲੋਂ ਕੈਨੇਡਾ ਵਿਚ ਰਹਿ ਰਹੇ ਭਾਰਤੀ ਮੂਲ ਦੇ ਪੱਤਰਕਾਰਾਂ ਨਾਲ ਇਕ ਭੇਂਟ ਵਾਰਤਾ ਕੀਤੀ ਗਈ। ਇਸ ਵਰਚੂਅਲ ਭੇਂਟ ਵਾਰਤਾ ਰਾਹੀਂ ਲਗਭਗ 50 ਦੇ ਕਰੀਬ ਕੋਸਟ ਟੂ ਕੋਸਟ ਵੱਖ ਵਖ ਅਦਾਰਿਆਂ ਨਾਲ ਜੁੜੇ ਭਾਰਤੀ ਮੂਲ ਦੇ ਪੱਤਰਕਾਰਾਂ ਨੇ ਹਿੱਸਾ ਲਿਆ। ਇਨ੍ਹਾਂ ਪੱਤਰਕਾਰਾਂ ਵਲੋਂ ਆਪਣੇ ਸਵਾਲ ਅਗਾਊਂ ਹੀ ਹਾਈ ਕਮਿਸ਼ਨਰ ਦੇ ਦਫਤਰ ਪੁੱਜਦੇ ਕੀਤੇ ਗਏ ਸਨ। ਇਹਨਾਂ ਵਿਚ ਸਭ ਤੋਂ ਪਹਿਲਾਂ ਈ ਵੀਜ਼ਾ ਦੀ ਸਹੂਲਤ ਮੁੜ ਸ਼ੁਰੂ ਹੋਣਾ ਸੀ। ਉਨ੍ਹਾਂ ਨੇ ਭਾਰਤੀ ਮੂਲ ਦੇ ਲੋਕਾਂ ਲਈ ਆਪਣੇ ਦੇਸ਼ ਜਾਣ ਵਾਸਤੇ ਦੁਬਾਰਾ ਸ਼ੁਰੂ ਹੋਈ ਇਸ ਸਹੂਲਤ ਉਤੇ ਖੁਸ਼ੀ ਦਾ ਇਜ਼ਹਾਰ ਕੀਤਾ।

ਉਨ੍ਹਾਂ ਕਿਹਾ ਮਹਾਮਾਰੀ ਦੇ ਕਾਰਨ ਇਹ ਸਭ ਕੁੱਝ ਬੰਦ ਕਰ ਦਿੱਤਾ ਗਿਆ ਸੀ। ਜਿਸ ਕਾਰਨ ਭਾਰਤੀ ਮੂਲ ਦੇ ਲੋਕਾਂ ਨੂੰ ਭਾਰਤ ਦਾ ਵਿਜ਼ੀਟਰ ਵੀਜ਼ਾ, ਟੂਰਿਜ਼ਮ, ਮੈਡੀਕਲ ਜਾਂ ਫਿਰ ਕਾਨਫਰੰਸ ਵੀਜ਼ਾ ਲੈਣ ਲਈ ਲੋਕਾਂ ਨੂੰ ਬਹੁਤ ਪ੍ਰੇਸ਼ਾਨੀ ਆ ਰਹੀ ਸੀ। ਇਨ੍ਹਾਂ ਸੇਵਾਵਾਂ ਨੂੰ ਮੁੜ ਸ਼ੁਰੂ ਕੀਤੇ ਜਾਣ ਨਾਲ ਇਨ੍ਹਾਂ ਸ਼੍ਰੇਣੀਆਂ ਵਿਚ ਵੀਜ਼ਾ ਲੈਣ ਵਾਲਿਆਂ ਦਾ ਕੰਮ ਸੁਖਾਲਾ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਜਿਹੜੇ ਵੀ ਲੋਕਾਂ ਨੇ ਭਾਰਤ ਜਾਣ ਲਈ ਵੀਜ਼ੇ ਲਈ ਆਪਣੀਆਂ ਅਪੁਆਇੰਟਮੈਂਟਾਂ ਬੁੱਕ ਕੀਤੀਆਂ ਸਨ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪਣਾ ਅਪੁਆਇੰਟਮੈਂਟਸ ਵਾਲਾ ਸਲਾਟ ਖਾਲੀ ਕਰ ਦੇਣ ਤਾਂ ਜੋ ਦੂਸਰੀ ਸ਼੍ਰੇਣੀ ਵਾਲੇ ਲੋਕ ਹਨ, ਉਨ੍ਹਾਂ ਨੂੰ ਅਪੁਾਇੰਟਮੈਂਟਸ ਦਾ ਸਮਾਂ ਮਿਲ ਸਕੇ। ਉਨ੍ਹਾਂ ਦੱਸਿਆ ਕਿ ਜਿੱਥੇ ਵੀਜ਼ਾ ਲੈਣ ਵਾਲੇ ਲੋਕਾਂ ਦੀ ਗਿਣਤੀ ਵਧੀ ਹੈ,ਉਥੇ ਹੀ ਓਸੀਆਈ ਦੀਆਂ ਅਪੁਆਇੰਟਮੈਂਟਸ ਵਿਚ ਬੜਾ ਵੱਡਾ ਉਛਾਲ ਆਇਆ ਹੈ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਇਸ ਸਮੇਂ ਭਾਰਤ ਦੀ ਓਸੀਆਈ ਹਾਸਿਲ ਕਰਨਾ ਚਾਹੁੰਦੇ ਹਨ, ਉਨ੍ਹਾਂ ਦੀ ਗਿਣਤੀ ਵਿਚ 800% ਦਾ ਵਾਧਾ ਹੋਇਆ ਹੈ। ...ਬਾਕੀ ਪੰਨਾ 2 'ਤੇ

## 4 ਫਰਵਰੀ ਨੂੰ ਐਨਡੀਪੀ ਆਪਣੀ ਨਵੀਂ ਆਗੂ ਵਜੋਂ ਸਟਾਈਲਜ਼ ਦੇ ਨਾਂ ਉੱਤੇ ਲਾਵੇਗੀ ਮੋਹਰ




ਓਨਟਾਰੀਓ, 5 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਦੀ ਐਨਡੀਪੀ ਵੱਲੋਂ ਮੈਰਿਟ ਸਟਾਈਲਜ਼ ਨੂੰ ਆਪਣਾ ਨਵਾਂ ਆਗੂ ਚੁਣਨ ਦੀ ਪੁਸ਼ਟੀ ਕਰ ਦਿੱਤੀ ਗਈ ਹੈ।

ਅਸਲ ਵਿੱਚ ਪਾਰਟੀ ਵੱਲੋਂ 4 ਮਾਰਚ ਨੂੰ ਲੀਡਰਸ਼ਿਪ ਦੇ ਸਬੰਧ ਵਿੱਚ ਵੋਟ ਕਰਵਾਈ ਜਾਣੀ ਸੀ ਪਰ ਪਾਰਟੀ ਲੀਡਰਸ਼ਿਪ ਦੌੜ ਲਈ ਸਟਾਈਲਜ਼ ਦੇ ਇਕਲੌਤੀ ਉਮੀਦਵਾਰ ਬਚਣ ਕਾਰਨ ਪਾਰਟੀ ਦੀ ਪ੍ਰੋਵਿੰਸ਼ੀਅਲ ਕਾਊਂਸਲ ਨੇ 4 ਫਰਵਰੀ ਨੂੰ ਉਸ ਦੇ ਨਾਂ ਉੱਤੇ ਮੋਹਰ ਲਾਉਣ ਦਾ ਫੈਸਲਾ ਕੀਤਾ ਹੈ। ਇਸ ਤੋਂ ਬਾਅਦ 21 ਫਰਵਰੀ ਨੂੰ ਜਦੋਂ ਸਿਆਲਾਂ ਦੀਆਂ ਛੁੱਟੀਆਂ ਖ਼ਤਮ ਕਰਕੇ ਵਿਧਾਨਸਭਾ ਦਾ ਕੰਮ ਮੁੜ ਸ਼ੁਰੂ ਹੋਵੇਗਾ ਤਾਂ ਸਟਾਈਲਜ਼ ਪਾਰਟੀ ਦੇ ਮੌਜੂਦਾ ਅੰਤਰਿਮ ਆਗੂ ਪੀਟਰ ਟਬਾਨਜ਼ ਦੀ ਥਾਂ ਲਵੇਗੀ।

ਓਨਟਾਰੀਓ ਐਨਡੀਪੀ ਪ੍ਰੈਜ਼ੀਡੈਂਟ ਜੈਨੇਲ ਬ੍ਰੈਡੀ ਨੇ ਆਖਿਆ ਕਿ ਓਨਟਾਰੀਓ ਵਿੱਚ ਐਨਡੀਪੀ ਨੂੰ ਪੱਕੇ ਪੈਰੀਂ ਹੋਣ ਦੀ ਲੋੜ ਹੈ ਤੇ ਸਟਾਈਲਜ਼ ਦੇ ਪਾਰਟੀ ਆਗੂ ਬਣਨ ਨਾਲ ਸਾਡੀ ਸਥਿਤੀ ਕਾਫੀ ਮਜ਼ਬੂਤ ਹੋਵੇਗੀ। ਅਸੀਂ ਆਪਣੀ ਮੂਵਮੈਂਟ ਨੂੰ ਹੋਰ ਤੇਜ਼ ਕਰ ਸਕਾਂਗੇ, ਆਪਣੀ ਕਮਿਊਨਿਟੀ ਵਿੱਚ ਸਮਰੱਥਾ ਵਧਾ ਸਕਾਂਗੇ ਤੇ ਭਵਿੱਖ ਲਈ ਲੋਕਾਂ ਨੂੰ ਨਵੀਂ ਆਸ ਦੇ ਸਕਾਂਗੇ।

ਟੋਰਾਂਟੋ ਦੇ ਡੇਵਨਪੋਰਟ ਹਲਕੇ ਤੋਂ ਐਮਪੀਪੀ ਸਟਾਈਲਜ਼ ਨੂੰ ਐਂਡਰੀਆ ਹੌਰਵਥ ਦੀ ਥਾਂ ਨਿਰਵਿਰੋਧ ਚੁਣ ਲਿਆ ਗਿਆ ਸੀ। ਜ਼ਿਕਰਯੋਗ ਹੈ ਕਿ ਪਿਛਲੇ ਸਾਲ ਜੂਨ ਵਿੱਚ ਪ੍ਰੋਵਿੰਸ਼ੀਅਲ ਚੋਣਾਂ ਵਿੱਚ ਪਾਰਟੀ ਨੂੰ ਮਿਲੀ ਹਾਰ ਤੋਂ ਬਾਅਦ ਹੌਰਵਥ ਵੱਲੋਂ ਪਾਰਟੀ ਆਗੂ ਦਾ ਅਹੁਦਾ ਛੱਡ ਦਿੱਤਾ ਗਿਆ ਸੀ।

## ਚੀਨ ਤੋਂ ਕੈਨੇਡਾ ਆਉਣ ਵਾਲੇ ਟਰੈਵਲਰਜ਼ ਲਈ ਨੈਗੇਟਿਵ ਕੋਵਿਡ ਟੈਸਟ ਪੇਸ਼ ਕਰਨਾ ਹੋਇਆ ਲਾਜ਼ਮੀ



ਵੈਨਕੂਵਰ, 5 ਜਨਵਰੀ (ਪੋਸਟ ਬਿਊਰੋ) : ਚੀਨ, ਹਾਂਗ-ਕਾਂਗ ਤੇ ਮਕਾਓ ਤੋਂ ਕੈਨੇਡਾ ਆਉਣ ਵਾਲੇ ਟਰੈਵਲਰਜ਼ ਲਈ ਨੈਗੇਟਿਵ ਕੋਵਿਡ-19 ਟੈਸਟ ਪੇਸ਼ ਕਰਨਾ ਅੱਜ ਤੋਂ ਲਾਜ਼ਮੀ ਹੋ ਜਾਵੇਗਾ।

ਪਿਛਲੇ ਹਫਤੇ ਕੈਨੇਡੀਅਨ ਸਰਕਾਰ ਵੱਲੋਂ ਇਹ ਐਲਾਨ ਕੀਤਾ ਗਿਆ ਸੀ ਕਿ ਚੀਨ ਤੋਂ ਆਉਣ ਵਾਲੇ ਟਰੈਵਲਰਜ਼ ਨੂੰ ਜਹਾਜ਼ ਚੜ੍ਹਨ ਤੋਂ 48 ਘੰਟੇ ਪਹਿਲਾਂ ਕਰਵਾਏ ਗਏ ਕੋਵਿਡ-19 ਟੈਸਟ ਦੀ ਨੈਗੇਟਿਵ ਰਿਪੋਰਟ ਪੇਸ਼ ਕਰਨੀ ਹੋਵੇਗੀ। ਅਮਰੀਕਾ ਦੇ ਨਾਲ ਨਾਲ ਕਈ ਯੂਰਪੀਅਨ ਦੇਸ਼ਾਂ ਵੱਲੋਂ ਵੀ ਚੀਨ ਤੋਂ ਆਉਣ ਵਾਲੇ ਟਰੈਵਲਰਜ਼ ਲਈ ਇਸੇ ਤਰ੍ਹਾਂ ਦੇ ਨਿਯਮ ਲਾਗੂ ਕੀਤੇ ਗਏ ਹਨ।

ਚੀਨ ਦੇ ਵਿਦੇਸ਼ ਮੰਤਰਾਲੇ ਦੀ ਤਰਜ਼ਮਾਨ ਨੇ ਇਸ ਹਫਤੇ ਇਨ੍ਹਾਂ ਦੇਸ਼ਾਂ ਵੱਲੋਂ ਕੀਤੀਆਂ ਇਸ ਤਰ੍ਹਾਂ ਦੀਆਂ ਤਬਦੀਲੀਆਂ ਦੀ ਨਿਖੇਧੀ ਕੀਤੀ ਸੀ ਤੇ ਇਹ ਵੀ ਆਖਿਆ ਸੀ ਕਿ ਕੁੱਝ ਦੇਸ਼ ਕੋਵਿਡ-19 ਮਾਪਦੰਡਾਂ ਨੂੰ ਸਿਆਸੀ ਕਾਰਨਾਂ ਕਰਕੇ ਵਰਤ ਰਹੇ ਹਨ ਤੇ ਚੀਨ ਵੱਲੋਂ ਇਸ ਲਈ ਜਵਾਬੀ ਕਾਰਵਾਈ ਕੀਤੀ ਜਾਵੇਗੀ।

### ਅੰਦਰ ਇਹ ਵੀ ਪੜ੍ਹੋ

2022 ਵਿੱਚ ਕੈਨੇਡਾ ਪਹੁੰਚੇ ਵੱਡੀ ਗਿਣਤੀ ਨਿਊਕਮਰਜ਼ : ਫਰੇਜ਼ਰ


ਪੰਨਾ 02

ਦੇਸ਼ ਦੇ ਹਾਲਾਤ ਜੋ ਵੀ ਹੋਣ, ਵਿਸ਼ਵ-ਗੁਰੂ ਬਣਨ ਤੁਰੇ ਭਾਰਤ ਦੇ ਲੋਕਾਂ ਨੂੰ ਨਵਾਂ ਸਾਲ ਮੁਬਾਰਕ


ਜਤਿੰਦਰ ਪਨੂੰ ਦੀ ਕਲਮ ਤੋਂ
ਪੰਨਾ 06

## ਯੂਟਾਹ ਦੇ ਘਰ ਵਿੱਚੋਂ 5 ਬੱਚਿਆਂ ਸਮੇਤ 8 ਵਿਅਕਤੀਆਂ ਦੀਆਂ ਮਿਲੀਆਂ ਲਾਸ਼ਾਂ




ਸਾਲਟ ਲੇਕ ਸਿਟੀ, 5 ਜਨਵਰੀ (ਪੋਸਟ ਬਿਊਰੋ) : ਬੁੱਧਵਾਰ ਨੂੰ ਦੱਖਣੀ ਯੂਟਾਹ ਸਥਿਤ ਇੱਕ ਘਰ ਵਿੱਚ ਗੋਲੀਆਂ ਲੱਗਣ ਕਾਰਨ ਅੱਠ ਵਿਅਕਤੀ ਮ੍ਰਿਤਕ ਪਾਏ ਗਏ। ਮਰਨ ਵਾਲਿਆਂ ਵਿੱਚ ਪੰਜ ਬੱਚੇ ਵੀ ਸ਼ਾਮਲ ਸਨ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ ਪਰ ਉਨ੍ਹਾਂ ਵੱਲੋਂ ਇਨ੍ਹਾਂ ਕਤਲਾਂ ਦੇ ਮੰਤਵ ਬਾਰੇ ਕੋਈ ਜਾਣਕਾਰੀ ਮੁਹੱਈਆ ਨਹੀਂ ਕਰਵਾਈ ਗਈ।

ਇਨੋਕ ਦੇ ਅਧਿਕਾਰੀਆਂ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਕਿ ਇਨ੍ਹਾਂ ਲਾਸ਼ਾਂ ਦਾ ਪਤਾ ਉਸ ਸਮੇਂ ਲੱਗਿਆ ਜਦੋਂ ਪੁਲਿਸ ਇਸ ਘਰ ਵਿੱਚ ਵੈਲਫੇਅਰ ਚੈੱਕ ਲਈ ਪਹੁੰਚੀ। ਇਨੋਕ ਸ਼ਹਿਰ ਵਿੱਚ 8,000 ਦੇ ਨੇੜੇ ਤੇੜੇ ਲੋਕ ਰਹਿੰਦੇ ਹਨ ਤੇ ਇਹ ਥਾਂ ਸਾਲਟ ਲੇਕ ਸਿਟੀ ਤੋਂ ਦੱਖਣ ਵੱਲ 245 ਮੀਲ ਦੀ ਦੂਰੀ ਉੱਤੇ ਸਥਿਤ ਹੈ। ਪੁਲਿਸ ਨੇ ਆਖਿਆ ਕਿ ਉਨ੍ਹਾਂ ਨੂੰ ਜਨਤਾ ਲਈ ਕੋਈ ਖਤਰਾ ਨਜ਼ਰ ਨਹੀਂ ਆਇਆ।

ਆਇਰਨ ਕਾਊਂਟੀ ਸਕੂਲ ਡਿਸਟ੍ਰਿਕਟ ਦੇ ਅਧਿਕਾਰੀਆਂ ਨੇ ਮਾਪਿਆਂ ਨੂੰ ਭੇਜੇ ਇੱਕ ਪੱਤਰ ਵਿੱਚ ਦੱਸਿਆ ਕਿ ਇਹ ਪੰਜੇ ਬੱਚੇ ਇਸੇ ਸਕੂਲ ਵਿੱਚ ਪੜ੍ਹਦੇ ਸਨ। ਇਨੋਕ ਸਿਟੀ ਮੈਨੇਜਰ ਰੌਬ ਡੌਟਸਨ ਨੇ ਦੱਸਿਆ ਕਿ ਮਾਰੇ ਗਏ ਸਾਰੇ ਲੋਕ ਇੱਕੋ ਪਰਿਵਾਰ ਦੇ ਜੀਅ ਸਨ ਤੇ ਦੱਖਣੀ ਯੂਟਾਹ ਟਾਊਨ ਵਿੱਚ ਉਨ੍ਹਾਂ ਨੂੰ ਸਾਰੇ ਜਾਣਦੇ ਸਨ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc. Residential, Commercial www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL Insurance Advisor
416-724-5000

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

HOME APPLIANCES STORE
ANNIVERSARY SPECIAL DEAL
PRICE $5199* NO TAX
UPGRADE LAUNDRY IN JUST $99*
KitchenAid moffat MAYTAG LG SAMSUNG Electrolux JENNAIR BOSCH Whirlpool
416-551-5553
WWW.OURRHOMEAPPLIANCES.COM

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

CN Forklift Training Center
Counterbalance All Types / Walkie pallet Low Lift / Electric Motor Narrow Aisle Reach / Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਕੋਵਿਡ-19 ਦੇ ਐਕਸਬੀਬੀ.1.5 ਸਬਵੇਰੀਐਂਟ ਦੇ ਕੈਨੇਡਾ ਵਿੱਚ ਪਾਏ ਗਏ 21 ਮਾਮਲੇ

ਓਟਵਾ, 5 ਜਨਵਰੀ (ਪੋਸਟ ਬਿਊਰੋ) : ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਦਾ ਕਹਿਣਾ ਹੈ ਕਿ 4 ਜਨਵਰੀ ਤੱਕ ਉਨ੍ਹਾਂ ਨੂੰ ਐਕਸਬੀਬੀ.1.5 ਓਮਾਈਕ੍ਰੌਨ ਸਬਵੇਰੀਐਂਟ ਦੇ 21 ਕੇਸ ਕੈਨੇਡਾ ਵਿੱਚ ਮਿਲੇ।



ਬੁੱਧਵਾਰ ਨੂੰ ਏਜੰਸੀ ਨੇ ਆਖਿਆ ਕਿ ਉਨ੍ਹਾਂ ਵੱਲੋਂ ਇਨ੍ਹਾਂ ਮਾਮਲਿਆਂ ਵਿੱਚ ਵਾਧੇ ਦੀ ਪੁਸ਼ਟੀ ਉਦੋਂ ਤੱਕ ਨਹੀਂ ਕੀਤੀ ਜਾ ਸਕਦੀ ਜਦੋਂ ਤੱਕ ਉਨ੍ਹਾਂ ਕੋਲ ਇਸ ਸਬੰਧ ਵਿੱਚ ਲੋੜੀਂਦਾ ਡਾਟਾ ਨਹੀਂ ਹੋਵ-ੇਗਾ। ਇੱਕ ਦਿਨ ਪਹਿਲਾਂ ਏਜੰਸੀ ਨੇ ਇਹ ਵੀ ਆਖਿਆ ਸੀ ਕਿ ਇਹ ਸਬਵੇਰੀਐਂਟ ਕੈਨੇਡਾ ਵਿੱਚ ਤੇਜ਼ੀ ਨਾਲ ਫੈਲ ਰਿਹਾ ਹੈ ਇਹ ਕਹਿਣਾ ਜਲਦਬਾਜ਼ੀ ਹੋਵੇਗੀ। ਏਜੰਸੀ ਨੇ ਦੱਸਿਆ ਕਿ ਪੀਐਚਏਸੀ ਦੇ ਸਾਇੰਟਿਸਟਸ ਕੈਨੇਡਾ ਦੇ ਨਾਲ ਨਾਲ ਦੁਨੀਆ ਭਰ ਵਿੱਚ ਕੋਵਿਡ ਸਬੰਧੀ ਰੁਝਾਨਾਂ ਉੱਤੇ ਨਜ਼ਰ ਰੱਖ ਰਹੇ ਹਨ।

ਐਕਸਬੀਬੀ.1.5 ਵੇਰੀਐਂਟ ਦੇ ਅਮਰੀਕਾ ਭਰ ਵਿੱਚ ਫੈਲਣ ਦਾ ਤੌਖਲਾ ਬਣਿਆ ਹੋਇਆ ਹੈ ਤੇ ਇਸੇ ਕਾਰਨ ਸਿਹਤ ਮਾਹਿਰ ਵੀ ਚਿੰਤਤ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਇਸ ਵੇਰੀਐਂਟ ਦੇ ਪਹਿਲਾਂ ਵਾਲੇ ਸਟਰੇਨਜ਼ ਦੇ ਮੁਕਾਬਲੇ ਐਂਟੀਬੌਡੀਜ਼ ਨਾਲ ਲੜਨ ਦੀ ਸਮਰੱਥਾ ਵਧੇਰੇ ਹੈ। ਦਸੰਬਰ ਦੇ ਸ਼ੁਰੂ ਵਿੱਚ ਓਮਾਈਕ੍ਰੌਨ ਦੇ ਇਸ ਸਬਵੇਰੀਐਂਟ ਐਕਸਬੀਬੀ.1.5 ਦੇ ਅਮਰੀਕਾ ਵਿੱਚ 1.3 ਫੀ ਸਦੀ ਮਾਮਲੇ ਸਾਹਮਣੇ ਆਏ ਸਨ ਜਦਕਿ ਦਸੰਬਰ ਦੇ ਅੰਤ ਤੱਕ ਅਮਰੀਕਾ ਵਿੱਚ ਦਰਜ ਕੀਤੇ ਗਏ 40 ਫੀ ਸਦੀ ਮਾਮਲਿਆਂ ਲਈ ਇਹੋ ਵੇਰੀਐਂਟ ਜ਼ਿੰਮੇਵਾਰ ਸੀ। ਇਸ ਦਾ ਖੁਲਾਸਾ ਯੂਐਸ ਸੈਂਟਰਜ਼ ਫੌਰ ਡਜ਼ੀਜ਼ ਕੰਟਰੋਲ ਐਂਡ ਪ੍ਰਿਵੈਨਸ਼ਨ (ਸੀਡੀਸੀ) ਤੋਂ ਹਾਸਲ ਹੋਏ ਡਾਟਾ ਵਿੱਚ ਹੋਇਆ।

ਇਸ ਦੌਰਾਨ ਪੀਐਚਏਸੀ ਨੇ ਆਖਿਆ ਕਿ ਉਨ੍ਹਾਂ ਵੱਲੋਂ ਕੈਨੇਡਾ ਵਿੱਚ ਕੋਵਿਡ-19 ਦੇ ਇਸ ਵੇਰੀਐਂਟ ਉੱਤੇ ਬਾਰੀਕੀ ਨਾਲ ਨਜ਼ਰ ਰੱਖੀ ਜਾ ਰਹੀ ਹੈ ਪਰ ਅਜੇ ਤੱਕ ਅਮਰੀਕਾ ਵਰਗਾ ਰੁਝਾਨ ਕੈਨੇਡਾ ਵਿੱਚ ਨਹੀਂ ਪਾਇਆ ਜਾ ਰਿਹਾ।

## ਹੁਣ ਬਾਲਗਾਂ ਲਈ ਕੋਲਡ ਤੇ ਫਲੂ ਦੀਆਂ ਦਵਾਈਆਂ ਲੱਭਣੀਆਂ ਹੋਈਆਂ ਮੁਸ਼ਕਲ, ਐਮੌਕਸੀਲਿਨ ਦੀ ਵੀ ਪੈਦਾ ਹੋਈ ਘਾਟ

ਓਨਟਾਰੀਓ, 5 ਜਨਵਰੀ (ਪੋਸਟ ਬਿਊਰੋ) : ਓਨਟਾਰੀਓ ਦੀਆਂ ਫਾਰਮੇਸੀਜ਼ ਦੀਆਂ ਸ਼ੈਲਫਾਂ ਉੱਤੇ ਪਿਛਲੇ ਕਈ ਮਹੀਨਿਆਂ ਤੋਂ ਲੋੜੀਂਦੀਆਂ ਦਵਾਈਆਂ ਨਹੀਂ ਮਿਲ ਰਹੀਆਂ ਤੇ ਹੁਣ ਬਾਲਗਾਂ ਦੀ ਕੋਲਡ ਤੇ ਫਲੂ ਦੀ ਦਵਾਈ ਲੱਭਣੀ ਵੀ ਦਿਨ-ਬ-ਦਿਨ ਮੁਸ਼ਕਲ ਹੁੰਦੀ ਜਾ ਰਹੀ ਹੈ।





ਫਾਰਮਾਸਿਸਟਸ ਨੇ ਦੱਸਿਆ ਕਿ ਇੱਕ ਵਾਰੀ ਫਿਰ ਮੰਗ ਵੱਧ ਜਾਣ ਦੇ ਬਾਵਜੂਦ ਉਹ ਇਸ ਤਰ੍ਹਾਂ ਦੀਆਂ ਦਵਾਈਆਂ ਨਾਲ ਆਪਣੀਆਂ ਸ਼ੈਲਫਾਂ ਨੂੰ ਭਰਨ ਤੋਂ ਅਸਮਰੱਥ ਹਨ। ਪਰ ਦੂਜੇ ਪਾਸੇ ਬੱਚਿਆਂ ਦੀਆਂ ਐਂਟੀਬਾਇਓਟਿਕਸ ਦੇ ਸਬੰਧ ਵਿੱਚ ਚੰਗੀ ਖਬਰ ਸੁਣਨ ਨੂੰ ਮਿਲ ਸਕਦੀ ਹੈ। ਓਨਟਾਰੀਓ ਫਾਰਮਾਸਿਸਟਸ ਐਸੋਸਿਏਸ਼ਨ (ਓਪੀਏ) ਦੀ ਡਾ. ਜੈਨ ਬਲਚਰ ਨੇ ਆਖਿਆ ਕਿ ਪਿਛਲੇ ਅੱਠ ਮਹੀਨਿਆਂ ਤੋਂ ਕੁੱਝ ਬਰੈਂਡਸ ਦੀਆਂ ਦਵਾਈਆਂ ਦਾ ਸਟਾਕ ਘੱਟ ਪਾਇਆ ਜਾ ਰਿਹਾ ਹੈ ਪਰ ਹੁਣ ਇਹ ਘਾਟ ਕਾਫੀ ਵੱਧ ਗਈ ਹੈ।

ਦਵਾਈਆਂ ਦੀ ਘਾਟ ਉਸ ਸਮੇਂ ਸਾਹਮਣੇ ਆਉਣੀ ਸ਼ੁਰੂ ਹੋਈ ਜਦੋਂ ਵਾਇਰਸ, ਇਨਫਲੂਐਂਜ਼ਾ, ਕੋਵਿਡ-19 ਤੇ ਆਰਐਸਵੀ ਨੇ ਇੱਕਠਿਆਂ ਧਾਵਾ ਬੋਲ ਦਿੱਤਾ। ਵੱਡੀ ਗਿਣਤੀ ਬੱਚੇ ਬਿਮਾਰ ਪੈਣ ਲੱਗੇ ਤੇ ਕਈਆਂ ਨੂੰ ਗਲੇ ਪੱਕਣ ਤੇ ਨਿਮੋਨੀਆ ਵਰਗੀਆਂ ਬੈਕਟੀਰੀਅਲ ਇਨਫੈਕਸ਼ਨਜ਼ ਦਾ ਸਾਹਮਣਾ ਕਰਨਾ ਪਿਆ, ਇਹ ਬਿਮਾਰੀਆਂ ਉਹ ਹਨ ਜਿਨ੍ਹਾਂ ਦਾ ਇਲਾਜ ਐਂਟੀਬਾਇਓਟਿਕਸ ਨਾਲ ਕੀਤਾ ਜਾਂਦਾ ਹੈ ਤੇ ਐਂਟੀਬਾਇਓਟਿਕਸ ਦੀ ਸਪਲਾਈ ਕਾਫੀ ਮੱਠੀ ਚੱਲ ਰਹੀ ਹੈ।

ਅਕਤੂਬਰ ਦੇ ਮੱਧ ਤੋਂ ਹੀ ਓਨਟਾਰੀਓ ਦੇ ਮਾਪੇ ਬੱਚਿਆਂ ਲਈ ਦਵਾਈਆਂ ਵਾਸਤੇ ਮਾਰੇ ਮਾਰੇ ਫਿਰ ਰਹੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਜਨਵਰੀ ਦੇ ਅੰਤ ਤੱਕ ਕੈਨੇਡਾ ਕੋਲ ਬੱਚਿਆਂ ਲਈ ਐਮੌਕਸੀਲਿਨ ਦੀ 12 ਹਫਤਿਆਂ ਦੀ ਸਪਲਾਈ ਹੀ ਬਚੀ ਹੋਵੇਗੀ। ਜੂਨੋ ਫਾਰਮਾਸਿਊਟੀਕਲ ਦੇ ਪ੍ਰੈਜ਼ੀਡੈਂਟ ਤੇ ਸੀਈਓ ਮਾਰਕ ਮੈਂਟਲ ਨੇ ਆਖਿਆ ਕਿ ਉਨ੍ਹਾਂ ਦੀ ਕੰਪਨੀ ਹੈਲਥ ਕੈਨੇਡਾ ਨਾਲ ਰਲ ਕੇ ਕੰਮ ਕਰ ਰਹੀ ਹੈ ਤੇ ਉਸ ਨੂੰ ਇੰਟਰਨੈਸ਼ਨਲ ਸਪਲਾਈ ਦੀਆਂ 100,000 ਯੂਨਿਟਸ ਇੰਪੋਰਟ ਕਰਨ ਦੀ ਮਨਜ਼ੂਰੀ ਮਿਲੀ ਹੈ।

## ਪੈਸੈਂਜਰਜ਼ ਦੇ ਅਧਿਕਾਰਾਂ ਨੂੰ ਮਜ਼ਬੂਤ ਕਰਨ ਲਈ ਸਰਕਾਰ ਕਰ ਰਹੀ ਹੈ ਕੰਮ : ਅਲਘਬਰਾ

ਓਟਵਾ, 5 ਜਨਵਰੀ (ਪੋਸਟ ਬਿਊਰੋ) : ਏਅਰ ਤੇ ਟਰੇਨ ਟਰਾਂਸਪੋਰਟੇਸ਼ਨ ਵਿੱਚ ਬੀਤੇ ਦਿਨੀਂ ਹੋਈ ਵੱਡੀ ਗੜਬੜੀ ਤੋਂ ਬਾਅਦ ਟਰਾਂਸਪੋਰਟ ਮੰਤਰੀ ਓਮਰ ਅਲਘਬਰਾ ਦਾ ਕਹਿਣਾ ਹੈ ਕਿ ਸਰਕਾਰ ਯਾਤਰੀਆਂ ਦੇ ਅਧਿਕਾਰਾਂ ਨੂੰ ਹੋਰ ਮਜ਼ਬੂਤ ਕਰਨ ਲਈ ਕੰਮ ਕਰ ਰਹੀ ਹੈ। ਹਾਲੀਡੇਅ ਸੀਜ਼ਨ ਦੌਰਾਨ ਕਈ ਫਲਾਈਟਸ ਤੇ ਟਰੇਨਜ਼ ਰੱਦ ਹੋਣ ਜਾਂ ਉਨ੍ਹਾਂ ਵਿੱਚ ਦੇਰ ਹੋਣ ਕਾਰਨ ਕੈਨੇਡੀਅਨ ਪੈਸੈਂਜਰਜ਼ ਕਾਫੀ ਪ੍ਰਭਾਵਿਤ ਹੋਏ ਤੇ ਕਈ ਥਾਂਵਾਂ ਉੱਤੇ ਟਰੈਵਲਰਜ਼ ਫਸ ਵੀ ਗਏ।



ਮੰਤਰੀ ਨੇ ਆਖਿਆ ਕਿ ਉਨ੍ਹਾਂ ਵੱਲੋਂ ਵੀਰਵਾਰ ਸਵੇਰੇ ਸਨਵਿੰਗ ਦੇ ਪ੍ਰੈਜ਼ੀਡੈਂਟ ਲੈਨ ਕੋਰੈਡੋ ਨਾਲ ਮੁਲਾਕਾਤ ਕੀਤੀ ਗਈ। ਉਨ੍ਹਾਂ ਦੱਸਿਆ ਕਿ ਏਅਰਲਾਈਨ ਵੱਲੋਂ ਕੈਨੇਡਾ ਦੀਆਂ ਕਈ ਥਾਂਵਾਂ ਤੇ ਵਿਦੇਸ਼ਾਂ ਵਿੱਚ ਆਪਣੇ ਕਸਟਮਰਜ਼ ਨੂੰ ਫਸੇ ਰਹਿਣ ਦਿੱਤਾ ਗਿਆ ਤੇ ਉਨ੍ਹਾਂ ਨਾਲ ਕੋਈ ਸੰਪਰਕ ਵੀ ਨਹੀਂ ਕੀਤਾ ਗਿਆ, ਜਿਸ ਕਾਰਨ ਕੋਰੈਡੋ ਨੇ ਏਅਰਲਾਈਨ ਵੱਲੋਂ ਮੁਆਫੀ ਵੀ ਮੰਗੀ। ਇੱਕ ਇੰਟਰਵਿਊ ਦੌਰਾਨ ਅਲਘਬਰਾ ਨੇ ਇਹ ਵੀ ਆਖਿਆ ਕਿ ਸਨਵਿੰਗ ਨੇ ਆਪਣੇ ਆਪਰੇਸ਼ਨ ਦੌਰਾਨ ਕੁਤਾਹੀ ਵਰਤੀ ਤੇ ਏਅਰਲਾਈਨ ਵੱਲੋਂ ਆਪਣੇ ਕਸਟਮਰਜ਼ ਨਾਲ ਰਾਬਤਾ ਨਾ ਰੱਖਣ ਦੀ ਜਿਹੜੀ ਗਲਤੀ ਕੀਤੀ ਗਈ ਹੈ ਉਸ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ।

ਇਸ ਕਸੂਤੀ ਸਥਿਤੀ ਵਿੱਚ ਖਰਾਬ ਮੌਸਮ ਨੇ ਵੀ ਆਪਣੀ ਭੂਮਿਕਾ ਨਿਭਾਈ। ਅਲਘਬਰਾ ਨੇ ਆਖਿਆ ਕਿ ਛੁੱਟੀਆਂ ਵਿੱਚ ਟਰੈਵਲ ਕਰਦੇ ਸਮੇਂ ਕੈਨੇਡੀਅਨ ਖਰਾਬ ਮੌਸਮ ਨਾਲ ਜੁੜੇ ਮੁੱਦਿਆਂ ਨੂੰ ਵੀ ਧਿਆਨ ਵਿੱਚ ਰੱਖਕੇ ਚੱਲਦੇ ਹਨ ਪਰ ਇਸ ਹੱਦ ਤੱਕ ਏਅਰਲਾਈਨ ਦੀ ਲਾਪਰਵਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਆਖਿਆ ਕਿ ਅਸੀਂ ਸਿਸਟਮ ਵਿੱਚ ਹੋਰ ਸੁਧਾਰ ਕਰਨ ਬਾਰੇ ਵੀ ਵਿਚਾਰ ਕਰ ਰਹੇ ਹਾਂ। ਇੱਕ ਹੋਰ ਇੰਟਰਵਿਊ ਵਿੱਚ ਅਲਘਬਰਾ ਨੇ ਆਖਿਆ ਕਿ ਸਨਵਿੰਗ ਨੇ ਫਸੇ ਹੋਏ ਪੈਸੈਂਜਰਜ਼ ਨੂੰ ਮੁਆਵਜ਼ਾ ਦੇਣ ਦੀ ਗੱਲ ਮੰਨੀ ਹੈ। ਉਨ੍ਹਾਂ ਆਖਿਆ ਕਿ ਏਅਰਲਾਈਨਜ਼ ਦੀਆਂ ਇਨ੍ਹਾਂ ਗਲਤੀਆਂ ਤੋਂ ਸਰਕਾਰ ਨੂੰ ਪੈਸੈਂਜਰਜ਼ ਦੇ ਅਧਿਕਾਰਾਂ ਨੂੰ ਹੋਰ ਮਜ਼ਬੂਤ ਕਰਨ ਦਾ ਮੌਕਾ ਮਿਲ ਰਿਹਾ ਹੈ ਤੇ ਇਸ ਦੀ ਅਸੀਂ ਸਹੀ ਵਰਤੋਂ ਕਰਾਂਗੇ।

## ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਰਾਹਗੀਰ ਜ਼ਖ਼ਮੀ

ਓਨਟਾਰੀਓ, 5 ਜਨਵਰੀ (ਪੋਸਟ ਬਿਊਰੋ) : ਐਗਲਿੰਟਨ ਸਟਰੀਟ ਵੈਸਟ ਦੇ ਨੇੜੇ ਇੱਕ ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਰਾਹਗੀਰ ਜ਼ਖ਼ਮੀ ਹੋ ਗਿਆ। ਇੱਕ ਵਿਅਕਤੀ ਨੂੰ ਗੱਡੀ ਵੱਲੋਂ ਟੱਕਰ ਮਾਰੇ ਜਾਣ ਦੀ ਖਬਰ ਦੇ ਕੇ ਪੁਲਿਸ ਨੂੰ ਰਾਤੀਂ 9:00 ਵਜੇ ਤੋਂ ਪਹਿਲਾਂ ਐਗਲਿੰਟਨ ਤੇ ਮਿਰਾਂਡਾ ਐਵਨਿਊ ਦੇ ਇੰਟਰਸੈਕਸ਼ਨ ਉੱਤੇ ਸੱਦਿਆ ਗਿਆ। ਜ਼ਖ਼ਮੀ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਨਸ਼ਾ ਕਰਕੇ ਗੱਡੀ ਚਲਾਉਣ ਦੇ ਮਾਮਲੇ ਵਿੱਚ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਗਿਆ।




ਜਾਂਚ ਲਈ ਇੱਕ ਵਾਰੀ ਤਾਂ ਐਗਲਿੰਟਨ ਨੂੰ ਮਿਰਾਂਡਾ ਤੇ ਹਾਰਟਲੇਅ ਐਵਨਿਊ ਦਰਮਿਆਨ ਬੰਦ ਕਰ ਦਿੱਤਾ ਗਿਆ ਸੀ ਪਰ ਬਾਅਦ ਵਿੱਚ ਖੋਲ੍ਹ ਦਿੱਤਾ ਗਿਆ।

## ਓਸਲਰ ਵੱਲੋਂ ਨਵੇਂ ਸਾਲ ਵਿੱਚ ਪੈਦਾ ਹੋਈ ਪਹਿਲੀ ਬੱਚੀ ਲਈ ਪਰਿਵਾਰ ਨੂੰ ਦਿੱਤੀਆਂ ਗਈਆਂ ਵਧਾਈਆਂ



ਬਰੈਂਪਟਨ, 5 ਜਨਵਰੀ (ਪੋਸਟ ਬਿਊਰੋ) : ਵਿਲੀਅਮ ਓਸਲਰ ਹੈਲਥ ਸਿਸਟਮ (ਓਸਲਰ) ਬਰੈਂਪਟਨ ਸਿਵਿਕ ਹਸਪਤਾਲ ਵੱਲੋਂ 2023 ਵਿੱਚ ਪੈਦਾ ਹੋਏ ਪਹਿਲੇ ਬੱਚੇ ਦੀ ਖੁਸ਼ੀ ਸਭਨਾਂ ਨਾਲ ਸਾਂਝੀ ਕੀਤੀ ਗਈ। ਇਹ ਬੱਚੀ ਪਹਿਲੀ ਜਨਵਰੀ 2023 ਨੂੰ ਰਾਤੀਂ 12:16 ਵਜੇ ਬਰੈਂਪਟਨ ਦੀ ਜਸਮੀਤ ਕੌਰ ਬਾਜਵਾ ਤੇ ਯਾਦਵਿੰਦਰ ਸਿੰਘ ਬਾਜਵਾ ਦੇ ਘਰ ਪੈਦਾ ਹੋਈ। ਬੱਚੀ ਬਿਲਕੁਲ ਤੰਦਰੁਸਤ ਹੈ ਤੇ ਉਸ ਦਾ ਵਜ਼ਨ 8 ਪਾਊਂਡ, 2 ਆਊਂਸ ਹੈ। ਬੱਚੀ ਦਾ ਭਰਾ ਉੱਦਮਵੀਰ ਸਿੰਘ ਬਾਜਵਾ ਵੀ ਆਪਣੀ ਭੈਣ ਦੇ ਆਉਣ ਨਾਲ ਕਾਫੀ ਖੁਸ਼ ਹੈ। ਇਸ ਦੌਰਾਨ ਓਸਲਰ ਵੱਲੋਂ ਪਰਿਵਾਰ ਨੂੰ ਵਧਾਈਆਂ ਦਿੱਤੀਆਂ ਗਈਆਂ ਤੇ ਬੱਚਿਆਂ ਦੀਆਂ ਆਈਟਮਾਂ ਵਾਲੀ ਵੱਡੀ ਸਾਰੀ ਗਿਫਟ ਬਾਸਕਿਟ ਪਰਿਵਾਰ ਨੂੰ ਦੇਣ ਲਈ ਸ਼ੌਪਰਜ਼ ਡਰੱਗ ਮਾਰਟ-ਸਪਰਿੰਗਡੇਲ ਸਕੁਏਅਰ, 49 ਮਾਊਂਟੇਨੈਸ ਰੋਡ, ਬਰੈਂਪਟਨ ਦਾ ਧੰਨਵਾਦ ਵੀ ਕੀਤਾ ਗਿਆ।

## 2022 ਵਿੱਚ ਕੈਨੇਡਾ ਪਹੁੰਚੇ ਵੱਡੀ ਗਿਣਤੀ ਨਿਊਕਮਰਜ਼ : ਫਰੇਜ਼ਰ

ਓਟਵਾ, 5 ਜਨਵਰੀ (ਪੋਸਟ ਬਿਊਰੋ) : ਮਹਾਂਮਾਰੀ ਤੋਂ ਸੱਭ ਤੋਂ ਵੱਧ ਤੇਜ਼ੀ ਨਾਲ ਪਾਰ ਪਾਉਣ ਵਿੱਚ ਕੈਨੇਡਾ ਨੇ ਵੱਡੀ ਸਫਲਤਾ ਹਾਸਲ ਕੀਤੀ ਹੈ ਤੇ ਇਹ ਸੱਭ ਹੋਇਆ ਹੈ ਇਮੀਗ੍ਰੇਸ਼ਨ ਪ੍ਰਤੀ ਸਾਡੀ ਪਹੁੰਚ ਸਦਕਾ।

ਉਕਤ ਬਿਆਨ ਦਿੰਦਿਆਂ ਇਮੀਗ੍ਰੇਸ਼ਨ ਮੰਤਰੀ ਸ਼ਾਨ ਫਰੇਜ਼ਰ ਨੇ ਆਖਿਆ ਕਿ ਨਿਊਕਮਰਜ਼ ਸਾਡੀਆਂ ਕਮਿਊਨਿਟੀਜ਼ ਨੂੰ ਅਮੀਰ ਬਣਾਉਂਦੇ ਹਨ, ਆਪਣੀ ਮਿਹਨਤ ਨਾਲ ਦੇਸ਼ ਦੇ ਅਰਥਚਾਰੇ ਨੂੰ ਪੈਰਾਂ ਸਿਰ ਕਰਨ ਵਿੱਚ ਮਦਦ ਕਰਦੇ ਹਨ, ਰੋਜ਼ਗਾਰ ਦੇ ਨਵੇਂ ਮੌਕੇ ਕਾਇਮ ਕਰਦੇ ਹਨ ਤੇ ਸਾਡੇ ਲੋਕਲ ਕਾਰੋਬਾਰਾਂ ਵਿੱਚ ਵੱਡਾ ਯੋਗਦਾਨ ਪਾਉਂਦੇ ਹਨ। ਇਨ੍ਹਾਂ ਦੀ ਇਸ ਕੀਮਤ ਨੂੰ ਪਛਾਣਦਿਆਂ ਹੋਇਆਂ ਕੈਨੇਡਾ ਸਰਕਾਰ ਨੇ 2022 ਵਿੱਚ 431,645 ਨਵੇਂ ਪਰਮਾਨੈਂਟ ਰੈਜ਼ੀਡੈਂਟਸ ਦਾ ਸਵਾਗਤ ਕਰਨ ਦੀ ਯੋਜਨਾ ਬਣਾਈ ਸੀ।



ਫਰੇਜ਼ਰ ਨੇ ਦੱਸਿਆ ਕਿ ਕੈਨੇਡਾ ਵੱਲੋਂ ਆਪਣਾ ਇਹ ਟੀਚਾ ਪੂਰਾ ਕਰ ਲਿਆ ਗਿਆ ਤੇ 2021 ਦੇ ਰਿਕਾਰਡ ਨੂੰ ਵੀ ਮਾਤ ਦਿੱਤੀ ਗਈ। ਕੈਨੇਡਾ ਦੇ ਇਤਿਹਾਸ ਵਿੱਚ ਇੱਕ ਸਾਲ ਵਿੱਚ ਐਨੀ ਵੱਡੀ ਗਿਣਤੀ ਵਿੱਚ ਲੋਕਾਂ ਦਾ ਸਵਾਗਤ ਪਹਿਲੀ ਵਾਰੀ ਕੀਤਾ ਗਿਆ। ਇਸ ਤੋਂ ਪਹਿਲਾਂ 1913 ਵਿੱਚ ਵੱਡੀ ਗਿਣਤੀ ਵਿੱਚ ਨਿਊਕਮਰਜ਼ ਕੈਨੇਡਾ ਆਏ ਸਨ। ਫਰੇਜ਼ਰ ਨੇ ਆਖਿਆ ਕਿ ਇਹ ਪ੍ਰਾਪਤੀ ਇਮੀਗ੍ਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਦੇ ਮੁਲਾਜ਼ਮਾਂ ਦੀ ਮਿਹਨਤ ਤੋਂ ਬਿਨਾਂ ਹਾਸਲ ਨਹੀਂ ਸੀ ਕੀਤੀ ਜਾ ਸਕਦੀ। 2022 ਵਿੱਚ ਆਈਆਰਸੀਸੀ ਨੇ ਪਰਮਾਨੈਂਟ ਰੈਜ਼ੀਡੈਂਸ, ਆਰਜ਼ੀ ਰੈਜੀਡੈਂਸ ਤੇ ਸਿਟੀਜ਼ਨਸ਼ਿਪ ਲਈ ਅੰਦਾਜ਼ਨ 5.2 ਮਿਲੀਅਨ ਅਰਜ਼ੀਆਂ ਪ੍ਰੋਸੈੱਸ ਕੀਤੀਆਂ।

## ਡਾਊਨਟਾਊਨ ਦੀ ਬਿਲਡਿੰਗ ਨਾਲ ਕਾਰ ਟਕਰਾ ਜਾਣ ਕਾਰਨ 3 ਜ਼ਖ਼ਮੀ

ਟੋਰਾਂਟੋ, 5 ਜਨਵਰੀ (ਪੋਸਟ ਬਿਊਰੋ) : ਡਾਊਨਟਾਊਨ ਟੋਰਾਂਟੋ ਵਿੱਚ ਇੱਕ ਕਾਰ ਦੇ ਇੱਕ ਬਿਲਡਿੰਗ ਨਾਲ ਟਕਰਾ ਜਾਣ ਕਾਰਨ ਤਿੰਨ ਵਿਅਕਤੀ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਵਿੱਚ ਇੱਕ ਰਾਹਗੀਰ ਵੀ ਸ਼ਾਮਲ ਸੀ। ਟੋਰਾਂਟੋ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਹਾਦਸੇ ਦੀ ਖਬਰ ਦੇ ਕੇ ਸਵੇਰੇ 9:00 ਵਜੇ ਚਰਚ ਤੇ ਕਾਰਲਟਨ ਸਟਰੀਟਸ ਨੇੜੇ ਸੱਦਿਆ ਗਿਆ। ਗੱਡੀ ਵੱਲੋਂ ਟੱਕਰ ਮਾਰੇ ਜਾਣ ਕਾਰਨ ਇੱਕ ਰਾਹਗੀਰ ਜ਼ਖ਼ਮੀ ਹੋ ਗਿਆ ਸੀ ਤੇ ਉਸ ਦੀ ਲੱਤ ਉੱਤੇ ਗੰਭੀਰ ਸੱਟਾਂ ਲੱਗੀਆਂ ਸਨ ਪਰ ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਗਈ। ਇਸ ਹਾਦਸੇ ਵਿੱਚ ਸ਼ਾਮਲ ਡਰਾਈਵਰ ਤੇ ਗੱਡੀ ਵਿੱਚ ਸਵਾਰ ਪੈਸੈਂਜਰ ਨੂੰ ਵੀ ਮਾਮੂਲੀ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਚੀਨੀ ਪੈਸੈਂਜਰਜ਼ ਉੱਤੇ ਕੋਵਿਡ-19 ਸਬੰਧੀ ਪਾਬੰਦੀਆਂ ਲਾਉਣ ਵਾਲੇ ਦੇਸ਼ਾਂ ਖਿਲਾਫ ਚੀਨ ਨੇ ਜਵਾਬੀ ਕਾਰਵਾਈ ਕਰਨ ਦੀ ਦਿੱਤੀ ਧਮਕੀ

ਬੀਜਿੰਗ, 5 ਜਨਵਰੀ (ਪੋਸਟ ਬਿਊਰੋ) : ਕੋਵਿਡ-19 ਨੂੰ ਮੁੜ ਫੈਲਣ ਤੋਂ ਰੋਕਣ ਲਈ ਕਈ ਦੇਸ਼ਾਂ ਵੱਲੋਂ ਮੁੜ ਚੀਨ ਤੋਂ ਆਉਣ ਵਾਲੇ ਯਾਤਰੀਆਂ ਉੱਤੇ ਲਾਈਆਂ ਗਈਆਂ ਕੁੱਝ ਪਾਬੰਦੀਆਂ ਕਾਰਨ ਚੀਨੀ ਸਰਕਾਰ ਕਾਫੀ ਨਾਰਾਜ਼ ਹੋ ਗਈ ਹੈ। ਇਸ ਤਰ੍ਹਾਂ ਦੀਆਂ ਪਾਬੰਦੀਆਂ ਲਾਉਣ ਵਾਲੇ ਦੇਸ਼ਾਂ ਉੱਤੇ ਚੀਨ ਵੱਲੋਂ ਵੀ ਜਵਾਬੀ ਕਾਰਵਾਈ ਕਰਨ ਦੀ ਧਮਕੀ ਦਿੱਤੀ ਗਈ ਹੈ। ਇਨ੍ਹਾਂ ਦੇਸ਼ਾਂ ਵਿੱਚ ਅਮਰੀਕਾ, ਕੈਨੇਡਾ ਤੇ ਕਈ ਯੂਰਪੀਅਨ ਦੇਸ਼ ਵੀ ਸ਼ਾਮਲ ਹਨ।




ਚੀਨ ਦੇ ਵਿਦੇਸ਼ ਮੰਤਰਾਲੇ ਦੀ ਤਰਜ਼ਮਾਨ ਮਾਓ ਨਿੰਗ ਨੇ ਮੰਗਲਵਾਰ ਨੂੰ ਇੱਕ ਬ੍ਰੀਫਿੰਗ ਵਿੱਚ ਆਖਿਆ ਕਿ ਸਾਨੂੰ ਲੱਗਦਾ ਹੈ ਕਿ ਚੀਨ ਨੂੰ ਨਿਸ਼ਾਨਾ ਬਣਾ ਕੇ ਕੁੱਝ ਦੇਸ਼ਾਂ ਵੱਲੋਂ ਲਾਈਆਂ ਗਈਆਂ ਪਾਬੰਦੀਆਂ ਦਾ ਕੋਈ ਵਿ-ਗਆਨਕ ਆਧਾਰ ਨਹੀਂ ਹੈ ਤੇ ਕਈ ਰੁਝਾਨਾਂ ਨੂੰ ਤਾਂ ਸਵੀਕਾਰਿਆ ਵੀ ਨਹੀਂ ਜਾ ਸਕਦਾ। ਉਨ੍ਹਾਂ ਆਖਿਆ ਕਿ ਸਿਆਸੀ ਕਾਰਨਾਂ ਕਰਕੇ ਕੋਵਿਡ ਮਾਪਦੰਡਾਂ ਦਾ ਸਹਾਰਾ ਲੈਣ ਦੀ ਕੋਸ਼ਿਸ਼ ਕਰਨ ਦਾ ਅਸੀਂ ਸਖ਼ਤ ਵਿਰੋਧ ਕਰਦੇ ਹਾਂ ਤੇ ਅਸੀਂ ਸਬੰਧਤ ਦੇਸ਼ਾਂ ਖਿਲਾਫ ਜਵਾਬੀ ਕਾਰਵਾਈ ਜ਼ਰੂਰ ਕਰਾਂਗੇ।

ਇਸ ਮੁੱਦੇ ਉੱਤੇ ਚੀਨ ਵੱਲੋਂ ਹੁਣ ਤੱਕ ਪ੍ਰਗਟਾਈ ਇਹ ਸੱਭ ਤੋਂ ਸਖ਼ਤ ਪ੍ਰਤੀਕਿਰਿਆ ਸੀ। ਇਸ ਹਫਤੇ ਆਸਟਰੇਲੀਆ ਤੇ ਕੈਨੇਡਾ ਵੱਲੋਂ ਵੀ ਚੀਨ ਤੋਂ ਆਉਣ ਵਾਲੇ ਯਾਤਰੀਆਂ ਲਈ ਜਹਾਜ਼ ਚੜ੍ਹਨ ਤੋਂ ਪਹਿਲਾਂ ਕੋਵਿਡ-19 ਸਬੰਧੀ ਟੈਸਟ ਦੀ ਨੈਗੇਟਿਵ ਰਿਪੋਰਟ ਲਾਜ਼ਮੀ ਕਰ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਮਹਾਂਮਾਰੀ ਦੌਰਾਨ ਪਾਬੰਦੀਆ ਲਾਈ ਰੱਖਣ ਤੋਂ ਬਾਅਦ ਤਾਜ਼ਾ ਆਊਟਬ੍ਰੇਕ ਮਗਰੋਂ ਚੀਨ ਵੱਲੋਂ ਅਚਾਨਕ ਇਹ ਪਾਬੰਦੀਆਂ ਹਟਾ ਲਈਆਂ ਗਈਆਂ।

ਇਸ ਮਗਰੋਂ ਅਮਰੀਕਾ, ਯੂਕੇ, ਭਾਰਤ, ਜਾਪਾਨ ਤੇ ਕਈ ਹੋਰਨਾਂ ਯੂਰਪੀਅਨ ਦੇਸ਼ਾਂ ਵੱਲੋਂ ਚੀਨ ਤੋਂ ਆਉਣ ਵਾਲੇ ਟਰੈਵਲਰਜ਼ ਲਈ ਸਖ਼ਤ ਪਾਬੰਦੀਆਂ ਐਲਾਨ ਦਿੱਤੀਆਂ ਗਈਆਂ।

## ਹੈਮਿਲਟਨ ਦੇ ਅਪਾਰਟਮੈਂਟ ਵਿੱਚ ਮਾਰੀ ਗਈ ਮਹਿਲਾ ਦੇ ਕਤਲ ਦੇ ਸਬੰਧ ਵਿੱਚ ਤੀਜੇ ਟੀਨੇਜਰ ਨੂੰ ਕੀਤਾ ਗਿਆ ਚਾਰਜ

ਹੈਮਿਲਟਨ, 5 ਜਨਵਰੀ (ਪੋਸਟ ਬਿਊਰੋ) : ਨਵੰਬਰ ਵਿੱਚ ਕਥਿਤ ਤੌਰ ਉੱਤੇ ਇੱਕ ਮਹਿਲਾ ਦੇ ਕਤਲ ਦੇ ਸਬੰਧ ਵਿੱਚ ਹੈਮਿਲਟਨ ਪੁਲਿਸ ਵੱਲੋਂ ਤੀਜੇ ਟੀਨੇਜਰ ਨੂੰ ਗ੍ਰਿਫਤਾਰ ਕੀਤਾ ਗਿਆ ਹੈ।



10 ਨਵੰਬਰ, ਦਿਨ ਵੀਰਵਾਰ ਨੂੰ ਸਵੇਰੇ 11:00 ਵਜੇ ਤੋਂ ਬਾਅਦ ਇੱਕ ਮਹਿਲਾ ਦੇ ਆਪਣੇ ਅਪਾਰਟਮੈਂਟ ਵਿੱਚ ਮ੍ਰਿਤਕ ਪਏ ਮਿਲਣ ਦੀਆਂ ਖਬਰਾਂ ਤੋਂ ਬਾਅਦ ਪੁਲਿਸ ਫਰਗੂਸਨ ਐਵਨਿਊ ਨੌਰਥ ਸਥਿਤ ਇਸ ਅਪਾਰਟਮੈਂਟ ਪਹੁੰਚੀ। ਮਹਿਲਾ ਨੂੰ ਮੌਕੇ ਉੱਤੇ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਤੇ ਹੈਮਿਲਟਨ ਪੁਲਿਸ ਨੇ ਆਖਿਆ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਮਹਿਲਾ ਦੀ ਮੌਤ ਕਈ ਦਿਨ ਪਹਿਲਾਂ ਐਤਵਾਰ ਸ਼ਾਮ ਜਾਂ ਸੋਮਵਾਰ ਸਵੇਰੇ ਹੋਈ ਹੋਵੇਗੀ। ਮ੍ਰਿਤਕ ਮਹਿਲਾ ਦੀ ਪਛਾਣ ਹੈਮਿਲਟਨ ਦੀ 38 ਸਾਲਾ ਡੈਨੀਅਲ ਸਟਰਾਸ ਵਜੋਂ ਹੋਈ ਤੇ ਮੌਤ ਦੇ ਕਾਰਨਾਂ ਦਾ ਖੁਲਾਸਾ ਨਹੀਂ ਕੀਤਾ ਗਿਆ।

26 ਨਵੰਬਰ ਨੂੰ ਪੁਲਿਸ ਨੇ ਹੈਮਿਲਟਨ ਸਟਰੀਟ ਰੇਲਵੇਅ (ਐਚਐਸਆਰ) ਤੋਂ ਦੋ ਟੀਨੇਜਰਜ਼ ਨੂੰ ਗ੍ਰਿਫਤਾਰ ਕਰ ਲਿਆ। ਇਨ੍ਹਾਂ ਟੀਨੇਜਰਜ਼ ਵਿੱਚ 15 ਸਾਲਾ ਲੜਕੀ ਤੇ 16 ਸਾਲਾ ਲੜਕਾ ਸ਼ਾਮਲ ਸਨ। ਪੁਲਿਸ ਵੱਲੋਂ ਹਾਸਲ ਹੋਈ ਅਪਡੇਟ ਅਨੁਸਾਰ ਜਾਂਚਕਾਰਾਂ ਨੇ ਦੱਸਿਆ ਕਿ ਇਸ ਸਬੰਧ ਵਿੱਚ ਜਿਸ 16 ਸਾਲਾ ਲੜਕੇ ਦੀ ਉਹ ਭਾਲ ਕਰ ਰਹੇ ਸਨ ਉਹ ਘਟਨਾ ਤੋਂ ਬਾਅਦ ਦੇਸ਼ ਛੱਡ ਕੇ ਭੱਜ ਗਿਆ ਸੀ ਤੇ 31 ਦਸੰਬਰ ਨੂੰ ਉਸ ਦੇ ਜੈਚੀਆ ਤੋਂ ਕੈਨੇਡਾ ਪਰਤਣ ਦੀ ਜਾਣਕਾਰੀ ਮਿਲੀ। ਉਸ ਨੂੰ ਟੋਰਾਂਟੋ ਪੀਅਰਸਨ ਇੰਟਰਨੈਸ਼ਨਲ ਏਅਰਪੋਰਟ ਉੱਤੇ ਹੀ ਗ੍ਰਿਫਤਾਰ ਕਰ ਲਿਆ ਗਿਆ ਤੇ ਉਸ ਨੂੰ ਸੈਕਿੰਡ ਡਿਗਰੀ ਮਰਡਰ ਸਬੰਧੀ ਚਾਰਜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਸਬਵੇਅ ਸਟੇਸ਼ਨ ਉੱਤੇ ਹੋਈ ਲੜਾਈ ਦੌਰਾਨ ਇੱਕ ਵਿਅਕਤੀ ਨੇ ਦੂਜੇ ਨੂੰ ਟਰੈਕ ਉੱਤੇ ਦਿੱਤਾ ਧੱਕਾ

ਟੋਰਾਂਟੋ, 5 ਜਨਵਰੀ (ਪੋਸਟ ਬਿਊਰੋ) : ਟੋਰਾਂਟੋ ਦੇ ਸੱਭ ਤੋਂ ਮਸ਼ਰੂਫ ਰਹਿਣ ਵਾਲੇ ਸਬਵੇਅ ਸਟੇਸ਼ਨ ਉੱਤੇ ਸ਼ਾਮ ਸਮੇਂ ਹੋਏ ਇੱਕ ਝਗੜੇ ਦੌਰਾਨ ਇੱਕ ਵਿਅਕਤੀ ਨੂੰ ਟਰੈਕ ਉੱਤੇ ਧੱਕਾ ਦੇ ਦਿੱਤਾ ਗਿਆ। ਇਹ ਘਟਨਾ ਮੰਗਲਵਾਰ ਨੂੰ ਵਾਪਰੀ।



ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਬਲੂਅਰ-ਯੰਗ ਸਟੇਸ਼ਨ ਦੇ ਪਲੇਟਫਾਰਮ ਉੱਤੇ ਖੜ੍ਹੇ ਦੋ ਵਿਅਕਤੀਆਂ ਦਰਮਿਆਨ ਸ਼ਾਮੀਂ 6:15 ਉੱਤੇ ਕਿਸੇ ਗੱਲ ਨੂੰ ਲੈ ਕੇ ਬਹਿਸ ਹੋ ਗਈ ਤੇ ਫਿਰ ਇਹ ਲੜਾਈ ਹੱਥੋਪਾਈ ਵਿੱਚ ਬਦਲ ਗਈ। ਇਸ ਲੜਾਈ ਦੌਰਾਨ ਹੀ ਇੱਕ ਵਿਅਕਤੀ ਨੇ ਕਥਿਤ ਤੌਰ ਉੱਤੇ ਦੂਜੇ ਨੂੰ ਟਰੈਕ ਉੱਤੇ ਧੱਕਾ ਦੇ ਦਿੱਤਾ। ਮੌਕੇ ਉਤੇ ਮੌਜੂਦ ਟੀਟੀਸੀ ਦੇ ਸਪੈਸ਼ਲ ਕਾਂਸਟੇਬਲ ਨੇ ਮਸ਼ਕੂਕ ਨੂੰ ਗ੍ਰਿਫਤਾਰ ਕਰ ਲਿਆ ਤੇ ਬਾਅਦ ਵਿੱਚ ਉਸ ਨੂੰ ਟੋਰਾਂਟੋ ਪੁਲਿਸ ਹਵਾਲੇ ਕਰ ਦਿੱਤਾ ਗਿਆ। ਉਸ ਉੱਤੇ ਹਮਲਾ ਕਰਨ ਦੇ ਸਬੰਧ ਵਿੱਚ ਚਾਰਜ ਲਾਏ ਗਏ।

ਅਜੇ ਜ਼ਖ਼ਮੀ ਵਿਅਕਤੀ ਦੀ ਹਾਲਤ ਬਾਰੇ ਪਤਾ ਨਹੀਂ ਲੱਗ ਸਕਿਆ ਹੈ। ਇਹ ਵੀ ਪਤਾ ਨਹੀਂ ਲੱਗਿਆ ਹੈ ਕਿ ਕੀ ਉਸ ਨੂੰ ਕੋਈ ਸੱਟ ਫੇਟ ਲੱਗੀ ਹੈ ਜਾਂ ਨਹੀਂ। ਪੁਲਿਸ ਵੱਲੋਂ ਟੀਟੀਸੀ ਨਾਲ ਰਲ ਕੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਡਰੱਗਜ਼ ਤੇ ਹਥਿਆਰਾਂ ਨਾਲ 2 ਕਾਬੂ

ਟੋਰਾਂਟੋ, 5 ਜਨਵਰੀ (ਪੋਸਟ ਬਿਊਰੋ) : ਰਿਚਮੰਡ ਹਿੱਲ ਉੱਤੇ ਇੱਕ ਟਰੈਫਿਕ ਸਟੌਪ ਦੌਰਾਨ ਇੱਕ ਗੱਡੀ ਵਿੱਚ ਹਥਿਆਰ ਤੇ ਡਰੱਗਜ਼ ਮਿਲਣ ਉੱਤੇ ਟੋਰਾਂਟੋ ਦੇ ਦੋ 22 ਸਾਲਾ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। 30 ਦਸੰਬਰ ਨੂੰ ਰਾਤੀਂ 1:30 ਉੱਤੇ ਯੌਰਕ ਰੀਜਨਲ ਪੁਲਿਸ ਨੇ ਐਲਗਿਨ ਮਿੱਲਜ਼ ਰੋਡ ਤੇ ਯੰਗ ਸਟਰੀਟ ਏਰੀਆ ਵਿੱਚ ਇੱਕ ਗੱਡੀ ਨੂੰ ਰੋਕਿਆ। ਉਸ ਸਮੇਂ ਕਾਰ ਵਿੱਚ ਦੋ ਵਿਅਕਤੀ ਸਵਾਰ ਸਨ। ਆਫੀਸਰਜ਼ ਵੱਲੋਂ ਪਹਿਲਾਂ ਡਰਾਈਵਰ ਤੋਂ ਪੁੱਛਗਿੱਛ ਕੀਤੀ ਗਈ ਤੇ ਫਿਰ ਉਨ੍ਹਾਂ ਨੂੰ ਗੱਡੀ ਵਿੱਚੋਂ ਮੈਰੀਯੁਆਨਾ, ਦੋ ਹੈਂਡਗੰਨਜ਼-ਜਿਨ੍ਹਾਂ ਵਿੱਚੋਂ ਇੱਕ ਭਰੀ ਹੋਈ ਤੇ ਦੂਜੀ ਖਾਲੀ ਸੀ, ਕੋਕੀਨ ਤੇ ਨਕਦੀ ਬਰਾਮਦ ਹੋਈ। ਟੋਰਾਂਟੋ ਸਥਿਤ ਮਸ਼ਕੂਕਾਂ ਦੇ ਘਰ ਦੀ ਤਲਾਸ਼ੀ ਲਈ ਸਰਚ ਵਾਰੰਟ ਕਢਵਾਏ ਗਏ, ਜਿੱਥੋਂ ਪੁਲਿਸ ਨੂੰ ਹੋਰ ਗੋਲੀ ਸਿੱਕਾ ਮਿ-ਲਆ। ਪੁਲਿਸ ਨੂੰ ਇਸ ਜੋੜੇ ਦੇ ਨਾਂ ਉੱਤੇ ਇੱਕ ਹੋਰ ਗੱਡੀ ਵੀ ਰਜਿਸਟਰ ਮਿਲੀ। ਇਸ ਸਬੰਧ ਵਿੱਚ ਟੋਰਾਂਟੋ ਦੇ 22 ਸਾਲਾ ਜ਼ਾਰਾ ਸ਼ਿਫਾਰਾ ਤੇ ਕੈਸ਼ ਡਿਲਨ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਉੱਤੇ ਪਾਬੰਦੀਸ਼ੁਦਾ ਹਥਿਆਰ ਕੋਲ ਰੱਖਣ, ਸਮਗਲਿੰਗ ਦੇ ਇਰਾਦੇ ਨਾਲ ਕੋਕੀਨ ਰੱਖਣ ਆਦਿ ਵਰਗੇ ਚਾਰਜਿਜ਼ ਤੋਂ ਇਲਾਵਾ ਕਈ ਹੋਰ ਚਾਰਜਿਜ਼ ਲਾਏ ਗਏ।

## ਟਰੇਲਰ ਵਿੱਚ ਹੋਏ ਧਮਾਕੇ ਕਾਰਨ ਇੱਕ ਜ਼ਖ਼ਮੀ

ਟੋਰਾਂਟੋ, 5 ਜਨਵਰੀ (ਪੋਸਟ ਬਿਊਰੋ) : ਬੁੱਧਵਾਰ ਸ਼ਾਮ ਨੂੰ ਨੌਰਥ ਯੌਰਕ ਵਿੱਚ ਇੱਕ ਟਰੇਲਰ ਦੇ ਫਟ ਜਾਣ ਕਾਰਨ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ ਤੇ ਉਸ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ। ਇਹ ਜਾਣਕਾਰੀ ਟੋਰਾਂਟੋ ਪੁਲਿਸ ਨੇ ਦਿੱਤੀ। ਐਮਰਜੰਸੀ ਅਮਲੇ ਨੂੰ ਰਾਤੀਂ 11:30 ਵਜੇ ਦੇ ਨੇੜੇ ਤੇੜੇ ਐਲਨ ਰੋਡ ਤੇ ਗਲੈਨਕੇਅਰਨ ਐਵਨਿਊ ਇਲਾਕੇ ਵਿੱਚ ਧਮਾਕੇ ਦੀ ਰਿਪੋਰਟ ਦੇ ਕੇ ਸੱਦਿਆ ਗਿਆ। ਪੈਰਾਮੈਡਿਕਸ ਨੇ ਦੱਸਿਆ ਕਿ ਇੱਕ ਵਿਅਕਤੀ, ਜੋ ਕਿ ਆਪਣੇ 40ਵਿਆਂ ਵਿੱਚ ਸੀ, ਨੂੰ ਜਲਣ ਕਾਰਨ ਹਸਪਤਾਲ ਲਿਜਾਇਆ ਗਿਆ। ਉਸ ਦੇ ਜ਼ਖ਼ਮ ਜਾਨਲੇਵਾ ਨਹੀਂ ਸਨ।




ਪੁਲਿਸ ਨੇ ਦੱਸਿਆ ਕਿ ਟਰੇਲਰ ਦੇ ਅੰਦਰ ਪ੍ਰੋਪੇਨ ਲੀਕ ਹੋਣ ਦੀ ਵੀ ਖਬਰ ਸੀ। ਮਾਮਲੇ ਦੀ ਜਾਂਚ ਲਈ ਓਨਟਾਰੀਓ ਫਾਇਰ ਮਾਰਸ਼ਲ ਮੌਕੇ ਉੱਤੇ ਪਹੁੰਚ ਚੁੱਕੇ ਸਨ।

## ਵਿਭਿੰਨਤਾ ਨੂੰ ਬਰਕਰਾਰ ਰੱਖਦਿਆਂ ਭਾਰਤੀ ਪਹਿਚਾਣ ਨੂੰ ਮਜਬੂਤ ਕਰੀਏ : ਹਾਈ ਕਮਿਸ਼ਨਰ ਵਰਮਾ

...ਪੰਨਾ 1 ਦਾ ਬਾਕੀ

ਉਨ੍ਹਾਂ ਨੇ ਵੱਖ ਵੱਖ ਮਹੀਨਿਆਂ ਦਾ ਵੇਰਵਾ ਦਿੰਦਿਆਂ ਦੱਸਿਆ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਸਮੇਂ 20 ਤੋਂ 25 ਹਜਾਰ ਲੋਕ ਪ੍ਰਤੀ ਮਹੀਨੇ ਓਸੀਆਈ ਲਈ ਅਪਲਾਈ ਕਰਦੇ ਹਨ। ਨਵੰਬਰ, 2022 ਬਾਰੇ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ 49 ਹਜਾਰ ਲੋਕਾਂ ਵਲੋਂ ਓਸੀਆਈ ਲਈ ਅਪਲਾਈ ਕੀਤਾ ਗਿਆ ਸੀ ਤੇ ਇੰਨੀ ਵੱਡੀ ਗਿਣਤੀ ਨੂੰ ਅਕੋਮੋਡੇਟ ਕਰਨਾ ਕਈ ਵਾਰੀ ਔਖਾ ਹੋ ਜਾਂਦਾ ਹੈ। ਉਨ੍ਹਾਂ ਇਹ ਗੱਲ ਮੰਨੀ ਕਿ ਓਸੀਆਈ ਪ੍ਰਦਾਨ ਕਰਨ ਵਿਚ ਸਾਡਾ ਬੈਕਲਾਗ ਚੱਲ ਰਿਹਾ ਹੈ, ਜਿਸ ਨੂੰ ਅਸੀਂ ਬੜੀ ਜਲਦੀ ਕਲੀਅਰ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਕੈਨੇਡਾ ਵਿਚ ਸਟੱਡੀ ਵੀਜ਼ਾ ਉਤੇ ਆਏ ਭਾਰਤੀ ਮੂਲ ਦੇ ਵਿਦਿਆਰਥੀਆਂ ਨਾਲ ਜੋ ਲੁੱਟਾਂ-ਖਸੁੱਟ ਹੋ ਰਹੀ, ਉਸ ਉਤੇ ਹਾਈ ਕਮਿਸ਼ਨਰ ਸ਼੍ਰੀ ਸੰਜੇ ਕੁਮਾਰ ਵਰਮਾ ਨੇ ਚਿੰਤਾ ਜਤਾਈ ਹੈ। ਉਨ੍ਹਾਂ ਸਾਰੇ ਪੱਤਰਕਾਰਾਂ ਨੂੰ ਬੇਨਤੀ ਕੀਤੀ ਕਿ ਵੱਧ ਤੋਂ ਵੱਧ ਇਸ ਬਾਰੇ ਲੋਕਾਂ ਵਿਚ ਜਾਗ੍ਰਿਤੀ ਫੈਲਾਓ। ਕੋਈ ਵੀ ਵਿਦਿਆਰਥੀ ਜਾਂ ਉਨ੍ਹਾਂ ਦੇ ਮਾਪੇ ਕਿਸੇ ਗਲਤ ਏਜੰਟ ਜਾਂ ਫਿਰ ਕਿਸੇ ਗਲਤ ਸਲਾਹਕਾਰ ਦੇ ਹੱਥ ਚੜ੍ਹ ਕੇ ਧੋਖਾ ਨਾ ਖਾਣ। ਉਨ੍ਹਾਂ ਕੈਨੇਡਾ ਵਸਦੇ ਭਾਰਤੀ ਮੂਲ ਦੇ ਲੋਕਾਂ ਨੂੰ ਅਤੇ ਭਾਰਤ ਵਿਚ ਜਿਹੜੇ ਇਨ੍ਹਾਂ ਵਿਦਿਆਰਥੀਆਂ ਦੀ ਮੱਦਦ ਕਰਦੇ ਹਨ, ਉਨ੍ਹਾਂ ਅੱਗ ਵੀ ਅਪੀਲ ਕੀਤੀ ਕਿ ਜਦੋਂ ਆਪਣਿਆਂ ਵਲੋਂ ਹੀ ਆਪਣਿਆਂ ਨਾਲ ਧੋਖਾ ਕਰਨ ਦੀਆਂ ਖਬਰਾਂ ਸਾਡੇ ਕੋਲ ਪਹੁੰਚਦੀਆਂ ਹਨ, ਤਾਂ ਮਨ ਨੂੰ ਬਹੁਤ ਦੁੱਖ ਹੁੰਦਾ ਹੈ। ਉਨ੍ਹਾਂ ਨੇ ਇਨ੍ਹਾਂ ਵਿਦਿਆਰਥੀਆਂ ਦੀ ਮੁਸ਼ਕਿਲ ਭਰੀ ਜਿੰਦਗੀ ਪ੍ਰਤੀ ਵੀ ਆਪਣੀ ਹਮਦਰਦੀ ਪ੍ਰਗਟਾਈ। ਕੈਨੇਡਾ ਅਤੇ ਭਾਰਤ ਵਿਚਕਾਰ ਵਪਾਰਕ ਸਮਝੌਤਿਆਂ ਲਈ ਲਗਾਤਾਰ ਕੋਸ਼ਿਸ਼ਾਂ ਜਾਰੀ ਹਨ। ਇਨ੍ਹਾਂ ਦੋ ਵੱਡੇ ਵਪਾਰਕ ਸਮਝੌਤਿਆਂ ਉਤੇ ਇਸ ਸਮੇਂ ਸਰਕਾਰਾਂ ਕੰਮ ਕਰ ਰਹੀਆਂ ਹਨ। ਇਕ ਇਪਟਾ (ਓਫਠਓ) ਤੇ ਦੂਸਰਾ ਸੀਪਾ। ਸ਼੍ਰੀ ਸੰਜੇ ਕੁਮਾਰ ਵਰਮਾ ਨੇ ਦੱਸਿਆ ਕਿ ਇਪਟਾ (ਓਫਠਓ) 2023 ਵਿਚ ਜੀ-20 ਸਮਿਟ ਦੌਰਾਨ ਸਿਰੇ ਚੜ੍ਹ ਜਾਵੇਗਾ ਅਤੇ ਇਸ ਦੇ ਨਾਲ ਭਾਰਤ ਅਤੇ ਕੈਨੇਡਾ ਵਿਚਕਾਰ ਚਲ ਰਹੇ ਵਪਾਰ ਨੂੰ 242% ਬੜ੍ਹਾਵਾ ਮਿਲਣ ਦੀ ਉਮੀਦ ਹੈ ਜਿਹੜਾ ਦੋਨਾਂ ਮੁਲਕਾਂ ਲਈ ਫਾਇਦੇਮੰਦ ਹੋਵੇਗਾ। ਉਨ੍ਹਾਂ ਬੀਤੇ ਦਿਨੀਂ ਦੋਨਾਂ ਮੁਲਕਾਂ ਵੱਲੋਂ ਕੈਨੇਡਾ-ਇੰਡੋਪੈਸੇਫਿਕ ਸਟਰੈਟਜੀ ਦੇ ਮੁਕੰਮਲ ਹੋਣ ’ਤੇ ਵੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਇਸ ਨਾਲ ਵੀ ਦੋਨਾਂ ਸਰਕਾਰਾਂ ਵਿਚਕਾਰ ਵਪਾਰਕ ਸੰਬੰਧ ਹੋਰ ਮਜ਼ਬੂਤ ਹੋਏ ਹਨ।

ਅੰਮ੍ਰਿਤਸਰ ਜਾਂ ਫਿਰ ਚੰਡੀਗੜ੍ਹ ਲਈ ਸਿੱਧੀ ਉਡਾਨ ਦੇ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਜੋ ਬੀਤੇ ਦਿਨੀਂ ਭਾਰਤ ਅਤੇ ਕੈਨੇਡਾ ਵਿਚਕਾਰ ਓਪਨ ਸਕਾਈ ਐਗਰੀਮੈਂਟ ਹੋਇਆ ਹੈ ਉਸਦਾ ਤਹਿਤ ਦੋਨਾਂ ਦੇਸ਼ਾਂ ਲਈ ਅਨਲਿਮਟਿਡ ਫਲਾਈਟਸ ਦਾ ਜੋ ਸਮਝੌਤਾ ਹੋਇਆ ਹੈ ਉਸ ਨਾਲ ਦੋਨਾਂ ਦੇਸ਼ਾਂ ਵਿਚ ਵਪਾਰ ਅਤੇ ਲੋਕਾਂ ਲਈ ਆਉਣ-ਜਾਣ ਦੀ ਸਹੂਲਤ ਵਿਚ ਹੋਰ ਵਾਧਾ ਹੋਵੇਗਾ। ਅੰਮ੍ਰਿਤਸਰ ਜਾਂ ਚੰਡੀਗੜ੍ਹ ਲਈ ਸਿੱਧੀ ਫਲਾਈਟ ਦੇ ਮਾਮਲੇ ਵਿਚੇ ਉਨ੍ਹਾਂ ਕਿਹਾ ਕਿ ਭਾਰਤ ਦੀਆਂ ਜੋ ਨੀਤੀਆਂ ਹਨ, ਉਹ ਭਾਰਤ ਦੇ ਮੈਟਰੋਪੋਲੇਟਿਨ ਸਿਟੀ ਦੇ ਹੀ ਏਅਰਪੋਰਟਾਂ ਨੂੰ ਅਤੇ ਫਲਾਈਟ ਉਤਾਰਨ ਨੂੰ ਤਰਜੀਹ ਦਿੰਦੀਆਂ ਹਨ। ਮੈਟਰੋਪੋਲੇਟਿਨ ਸਿਟੀ ਟੀਅਰ-1 ਵਿਚ ਆਉਂਦੇ ਹਨ ਅਤੇ ਬਾਕੀ ਜੋ ਏਅਰਪੋਰਟ ਹਨ ਉਨ੍ਹਾਂ ਟੀਅਰ-2 ਵਿਚ ਰੱਖਿਆ ਜਾਂਦਾ ਹੈ। ਉਨ੍ਹਾ ਦੱਸਿਆ ਅੰਮ੍ਰਿਤਸਰ ਟੀਅਰ-2 ਵਿਚ ਆਉਂਦਾ ਹੈ। ਇਸ ਲਈ ਜੇ ਸਿੱਧੀ ਫਲਾਈਟ ਲੱਗਣੀ ਹੈ ਤਾਂ ਫਿਰ ਉਹੋ ਦੋਨਾਂ ਦੇਸ਼ਾਂ ਦੇ ਨੈਸ਼ਨਲ ਕੈਰੀਅਰ ਜਿਵੇਂ ਭਾਰਤ ਦਾ ਏਅਰ ਇੰਡੀਆ ਅਤੇ ਕੈਨੇਡਾ ਦਾ ਏਅਰ ਕੈਨੇਡਾ ਸਟਾਰਅਲਾਇੰਸ ਰਾਹੀਂ ਕੋ-ਸ਼ੇਅਰਿੰਗ ਦੇ ਫਾਰਮੂਲੇ ਨੂੰ ਵਰਤ ਕੇ ਆਪਸ ਵਿਚ ਕੋਈ ਸਮਝੌਤਾ ਕਰ ਲੈਂਦੇ ਹਨ ਤਾਂ ਕੈਨੇਡਾ ਤੋਂ ਅੰਮ੍ਰਿਤਸਰ ਦੀ ਫਲਾਈਟ ਚਾਲੂ ਹੋ ਸਕਦੀ ਹੈ। ਉਨ੍ਹਾ ਕਿਹਾ ਕਿ ਇਸ ਉੱਤੇ ਦੋਨਾਂ ਦੇਸ਼ਾਂ ਦੀਆਂ ਏਅਰਲਾਈਨਜ਼ ਨਾਲ ਲਾਬੀ ਕਰਨੀ ਜ਼ਰੂਰੀ ਹੈ ਅਤੇ ਫਿਰ ਉਨ੍ਹਾਂ ਦੇ ਕਮਰਸ਼ੀਅਲ ਇੰਟਰਸਟ ’ਤੇ ਨਿਰਭਰ ਕਰਦਾ ਹੈ ਕਿ ਦੋਵੇਂ ਫਲਾਈਟਾਂ ਇਸ ਰੂਪ ਨੂੰ ਕਿਸ ਤਰ੍ਹਾਂ ਦੇਖਦੀਆਂ ਹਨ।



ਅੰਤ ਵਿਚ ਨਵੇਂ ਸਾਲ 2023 ਦੀਆਂ ਸ਼ੁਭਇਛਾਵਾਂ ਦਿੰਦਿਆਂ ਭਾਰਤੀ ਹਾਈ ਕਮਿਸ਼ਨਰ ਸ੍ਰੀ ਸੰਜੇ ਕੁਮਾਰ ਵਰਮਾ ਨੇ ਸਾਰੇ ਐੱਨਆਰਆਈ ਮੂਲ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਜਾਤ, ਧਰਮ, ਖਿੱਤਾ, ਸੂਬਾ ਇਹ ਸਾਰੀਆਂ ਵਿਭਿੰਨਤਾਵਾਂ ਰੱਖਦੇ ਹੋਏ ਭਾਰਤ ਇੱਕ ਕੈਨੇਡਾ ਵਾਂਗ ਵੱਡਾ ਮਲਟੀਕਲਚਲਰ ਮੁਲਕ ਹੈ ਅਤੇ ਆਓ ਇਨ੍ਹਾਂ ਵਿਭਿੰਨਤਾਵਾਂ ਦੇ ਬਾਵਜੂਦ ਵੀ ਆਪਾਂ ਭਾਰਤੀ ਪਹਿਚਾਣ ਨੂੰ ਵਿਦੇਸ਼ਾਂ ਵਿਚ ਮਜ਼ਬੂਤ ਕਰੀਏ।

ਇੱਥੇ ਇਹ ਦੱਸਣਾ ਬਣਦਾ ਹੈ ਕਿ ਕਿਸੇ ਵੀ ਹਾਈ ਕਮਿਸ਼ਨਰ ਵਲੋਂ ਬੀਤੇ ਕਈ ਦਹਾਕਿਆਂ ਤੋਂ ਬਾਅਦ ਇਹ ਪਹਿਲਾ ਅਜਿਹਾ ਉਦਮ ਕੀਤਾ ਗਿਆ ਹੈ ਕੋਸਟ ਟੂ ਕੋਸਟ ਸਾਰੇ ਪੱਤਰਕਾਰਾਂ ਨੂੰ ਇੱਕ ਪਲੇਟਫਾਰਮ ’ਤੇ ਇਕੱਠਾ ਕਰਕੇ ਉਨ੍ਹਾਂ ਦੇ ਸਵਾਲਾਂ ਦੇ ਜਵਾਬ ਦਿੱਤੇ ਗਏ ਹੋਣ।

# ਟੀਟੀਸੀ ਬੱਸ ਵੱਲੋਂ ਕਾਰ ਨੂੰ ਟੱਕਰ ਮਾਰੇ ਜਾਣ ਕਾਰਨ ਦੋ ਗੰਭੀਰ ਜ਼ਖ਼ਮੀ

ਓਨਟਾਰੀਓ, 5 ਜਨਵਰੀ (ਪੋਸਟ ਬਿਊਰੋ) : ਸੋਮਵਾਰ ਰਾਤ ਨੂੰ ਨੌਰਥ ਯੌਰਕ ਵਿੱਚ ਇੱਕ ਟੀਟੀਸੀ ਬੱਸ ਵੱਲੋਂ ਗੱਡੀ ਨੂੰ ਟੱਕਰ ਮਾਰੇ ਜਾਣ ਕਾਰਨ ਇੱਕ ਵਿਅਕਤੀ ਤੇ 12 ਸਾਲਾ ਲੜਕਾ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ।

ਇਹ ਹਾਦਸਾ ਅੱਧੀ ਰਾਤ ਤੋਂ ਠੀਕ ਪਹਿਲਾਂ ਹਾਈਵੇਅ 401 ਉੱਤੇ ਦੱਖਣ ਵੱਲ ਬਾਥਰਸਟ ਸਟਰੀਟ ਤੇ ਹੈਡ਼ਿੰਗਟਨ ਐਵਨਿਊ ਉੱਤੇ ਵਾਪ-ਰਆ। ਪੁਲਿਸ ਨੇ ਦੱਸਿਆ ਕਿ ਬੱਸ ਵੱਲੋਂ ਕਾਰ ਦੇ ਪਿਛਲੇ ਕਿਨਾਰੇ ਨੂੰ ਟੱਕਰ ਮਾਰੀ ਗਈ ਜਿਸ ਕਾਰਨ ਕਾਰ ਸੜਕ ਤੋਂ ਉਤਰ ਕੇ ਇੱਕ ਰੁੱਖ ਨਾਲ ਜਾ ਟਕਰਾਈ। ਕਾਰ ਵਿੱਚ ਸਵਾਰ ਇੱਕ ਵਿਅਕਤੀ, ਜੋ ਗੱਡੀ ਚਲਾ ਰਿਹਾ ਸੀ ਤੇ ਉਸ ਨਾਲ




ਬੈਠਾ 12 ਸਾਲਾ ਲੜਕਾ ਜ਼ਖ਼ਮੀ ਹੋ ਗਿਆ ਤੇ ਉਨ੍ਹਾਂ ਨੂੰ ਹਸਪਤਾਲ ਲਿਜਾਇਆ ਗਿਆ। ਚਸ਼ਮਦੀਦਾਂ ਨੇ ਦੱਸਿਆ ਕਿ ਕਾਰ ਵਿੱਚ ਸਵਾਰ ਦੋਵਾਂ ਵਿਅਕਤੀਆਂ ਨੂੰ ਕਾਰ ਨੂੰ ਕੱਟ ਕੇ ਬਾਹਰ ਕੱਢਿਆ ਗਿਆ।

ਪੁਲਿਸ ਨੇ ਦੱਸਿਆ ਕਿ ਗੱਡੀ ਚਲਾ ਰਹੇ ਵਿਅਕਤੀ ਦੀ ਹਾਲਤ ਨਾਜ਼ੁਕ ਹੈ ਤੇ ਉਹ ਜ਼ਿੰਦਗੀ ਤੇ ਮੌਤ ਦੀ ਲੜਾਈ ਲੜ ਰਿਹਾ ਹੈ ਪਰ ਬੱਚੇ ਦੀ ਸਥਿਤੀ ਗੰਭੀਰ ਪਰ ਸਥਿਰ ਹੈ ਤੇ ਉਸ ਦਾ ਇਲਾਜ ਇੰਟੈਂਸਿਵ ਕੇਅਰ ਯੂਨਿਟ ਵਿੱਚ ਚੱਲ ਰਿਹਾ ਹੈ। ਹਾਦਸੇ ਸਮੇਂ ਬੱਸ ਵਿੱਚ ਕੋਈ ਪੈਸੈਂਜਰ ਨਹੀਂ ਸਨ। ਮਾਮਲੇ ਦੀ ਜਾਂਚ ਲਈ ਬਾਥਰਸਟ ਸਟਰੀਟ ਨੂੰ ਹੈਡਿੰਗਟਨ ਉੱਤੇ ਦੋਵਾਂ ਪਾਸਿਆਂ ਉੱਤੇ ਬੰਦ ਕਰ ਦਿੱਤਾ ਗਿਆ ਹੈ।

# ਸਕਾਰਲੈਟ ਤੇ ਐਗਲਿੰਟਨ ਨੇੜੇ ਚੱਲੀ ਗੋਲੀ, ਇੱਕ ਜ਼ਖ਼ਮੀ

ਟੋਰਾਂਟੋ, 5 ਜਨਵਰੀ (ਪੋਸਟ ਬਿਊਰੋ) : ਸਕਾਰਲੈਟ ਰੋਡ ਤੇ ਐਗਲਿੰਟਨ ਐਵਨਿਊ ਵੈਸਟ ਨੇੜੇ ਗੋਲੀ ਮਾਰੇ ਜਾਣ ਕਾਰਨ ਇੱਕ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ।

ਕਿਸੇ ਵਿਅਕਤੀ ਨੂੰ ਗੋਲੀ ਮਾਰੇ ਜਾਣ ਦੀ ਖਬਰ ਦੇ ਕੇ ਟੋਰਾਂਟੋ ਪੁਲਿਸ ਨੂੰ ਇਸ ਇਲਾਕੇ ਵਿੱਚ ਸੱਦਿਆ ਗਿਆ। ਪੁਲਿਸ ਨੂੰ ਮੌਕੇ ਤੋਂ ਇੱਕ ਵਿਅਕਤੀ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ ਤੇ ਘਟਨਾ ਵਾਲੀ ਥਾਂ ਉੱਤੇ ਕਈ ਗੋਲੀਆਂ ਦੇ ਖੋਲ ਵੀ ਪਏ ਮਿਲੇ।

ਪਹਿਲਾਂ ਪੁਲਿਸ ਨੇ ਦੱਸਿਆ ਕਿ ਵਿਅਕਤੀ ਗੰਭੀਰ ਰੂਪ ਵਿੱਚ ਜ਼ਖ਼ਮੀ ਹੋਇਆ ਪਰ ਬਾਅਦ ਵਿੱਚ ਪੁਲਿਸ ਨੇ



ਆਖਿਆ ਕਿ ਉਸ ਨੂੰ ਮਾਮੂਲੀ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਜਾਂਚਕਾਰਾਂ ਨੇ ਦੱਸਿਆ ਕਿ ਇਸ ਘਟਨਾ ਵਿੱਚ ਦੋ ਗੱਡੀਆਂ ਸ਼ਾਮਲ ਸਨ। ਇਹ ਵੀ ਪਤਾ ਲਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇੱਕ ਚੱਲਦੀ ਗੱਡੀ ਵਿੱਚੋਂ ਦੂਜੀ ਚੱਲਦੀ ਗੱਡੀ ਉੱਤੇ ਹਮਲਾ ਕੀਤਾ ਗਿਆ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

# ਗਲੋਬਲ ਰੈਂਸਮਵੇਅਰ ਆਪਰੇਟਰ ਲੌਕਬਿੱਟ ਨੇ ਸਿੱਕਕਿੱਡਜ਼ ਉੱਤੇ ਹੋਏ ਸਾਈਬਰ ਹਮਲੇ ਲਈ ਮੰਗੀ ਮੁਆਫੀ

ਟੋਰਾਂਟੋ, 5 ਜਨਵਰੀ (ਪੋਸਟ ਬਿਊਰੋ) : ਗਲੋਬਲ ਰੈਂਸਮਵੇਅਰ ਆਪਰੇਟਰ ਵੱਲੋਂ ਇਹ ਦਾਅਵਾ ਕੀਤਾ ਗਿਆ ਹੈ ਕਿ ਕੈਨੇਡਾ ਦੇ ਸੱਭ ਤੋਂ ਵੱਡੇ ਪੀਡੀਐਟ੍ਰਿਕ ਮੈਡੀਕਲ ਸੈਂਟਰ ਸਿੱਕਕਿੱਡਜ਼ ਉੱਤੇ ਸਾਈਬਰ ਹਮਲਾ ਕਰਨ ਵਾਲਾ ਕੋਈ ਹੋਰ ਨਹੀਂ ਸਗੋਂ ਉਸ ਦਾ ਹੀ ਭਾਈਵਾਲ ਸੀ। ਇਸ ਲਈ ਲੌਕਬਿੱਟ ਨਾਂ ਦੇ ਇਸ ਰੈਂਸਮਵੇਅਰ ਗਰੁੱਪ ਵੱਲੋਂ ਮੁਆਫੀ ਵੀ ਮੰਗੀ ਗਈ ਹੈ।

ਲੌਕਬਿੱਟ, ਜਿਹੜਾ ਕਿ ਇੱਕ ਰੈਂਸਮਵੇਅਰ ਗਰੁੱਪ ਹੈ ਤੇ ਜਿਸ ਬਾਰੇ ਅਮਰੀਕਾ ਦੇ ਫੈਡਰਲ ਬਿਊਰੋ ਆਫ ਇਨਵੈਸਟੀਗੇਸ਼ਨ ਦਾ ਕਹਿਣਾ ਹੈ ਕਿ ਇਹ ਦੁਨੀਆ ਵਿੱਚ ਸੱਭ ਤੋਂ ਵੱਧ ਸਰਗਰਮ ਤੇ ਖਤਰਨਾਕ ਹੈ, ਵੱਲੋਂ ਇੱਕ ਬਿਆਨ ਪੋਸਟ ਕਰਕੇ ਆਖਿਆ




ਗਿਆ ਹੈ ਕਿ ਟੋਰਾਂਟੋ ਦੇ ਹਾਸਪਿਟਲ ਫੌਰ ਸਿੱਕ ਚਿਲਡਰਨ ਉੱਤੇ ਹੋਏ ਸਾਈਬਰ ਹਮਲੇ ਲਈ ਉਸ ਦਾ ਭਾਈਵਾਲ ਜ਼ਿੰਮੇਵਾਰ ਹੈ ਤੇ ਇਸ ਗਰੁੱਪ ਵੱਲੋਂ ਸਿਸਟਮ ਨੂੰ ਰੀਸਟੋਰ ਕਰਨ ਲਈ ਕੋਡ ਮੁਹੱਈਆ ਕਰਵਾਉਣ ਦੀ ਪੇਸ਼ਕਸ਼ ਵੀ ਕੀਤੀ ਗਈ ਹੈ।

ਜ਼ਿਕਰਯੋਗ ਹੈ ਕਿ ਸਿੱਕਕਿੱਡਜ਼ ਵੱਲੋਂ ਐਤਵਾਰ ਨੂੰ ਇਹ ਸਵੀਕਾਰ ਕੀਤਾ ਗਿਆ ਸੀ ਕਿ ਇਸ ਤਰ੍ਹਾਂ ਦੇ ਬਿਆਨ ਤੋਂ ਉਹ ਜਾਣੂ ਹੈ ਤੇ ਇਹ ਵੀ ਆਖਿਆ ਗਿਆ ਸੀ ਕਿ ਉਨ੍ਹਾਂ ਵੱਲੋਂ ਇਸ ਪੇਸ਼ਕਸ਼ ਨੂੰ ਸਵੀਕਾਰਨ ਜਾਂ ਨਾ ਸਵੀਕਾਰਨ ਲਈ ਮਾਹਿਰਾਂ ਦੀ ਰਾਇ ਲਈ ਜਾ ਰਹੀ ਹੈ। ਸਿੱਕਕਿੱਡਜ਼ ਨੇ ਇਹ ਵੀ ਆਖਿਆ ਕਿ ਉਨ੍ਹਾਂ ਵੱਲੋਂ ਕਿਸੇ ਕਿਸਮ ਦੀ ਫਿਰੌਤੀ ਕਿਸੇ ਨੂੰ ਨਹੀਂ ਦਿੱਤੀ ਗਈ। ਹਸਪਤਾਲ ਨੇ ਆਖਿਆ ਕਿ ਪਿਛਲੇ ਮਹੀਨੇ ਹੋਏ ਇਸ ਹਮਲੇ ਕਾਰਨ ਲੈਬ ਟੈਸਟ ਤੇ ਇਮੇਜਿੰਗ ਦੇ ਨਤੀਜਿਆਂ ਵਿੱਚ ਦੇਰ ਹੋਈ, ਫੋਨ ਲਾਈਨਾਂ ਠੱਪ ਪੈ ਗਈਆਂ ਤੇ ਸਟਾਫ ਦਾ ਪੇਅਰੋਲ ਸਿਸਟਮ ਬੰਦ ਹੋ ਗਿਆ। ਪਰ ਉਸ ਸਮੇਂ ਤੋਂ ਲੈ ਕੇ ਹੁਣ ਤੱਕ 60 ਫੀ ਸਦੀ ਸਿਸਟਮ ਨੂੰ ਮੁੜ ਆਨਲਾਈਨ ਕਰ ਲਿਆ ਗਿਆ ਹੈ ਤੇ ਸਿਸਟਮ ਨੂੰ ਪੂਰੀ ਤਰ੍ਹਾਂ ਰੀਸਟੋਰ ਕਰਨ ਦੀਆਂ ਕੋਸ਼ਿਸ਼ਾਂ ਸਹੀ ਢੰਗ ਨਾਲ ਚੱਲ ਰਹੀਆਂ ਹਨ।

# ਕੈਨੇਡਾ ’ਚ ਹੁਣ ਵਿਦੇਸ਼ੀ ਲੋਕ ਨਹੀਂ ਖਰੀਦ ਸਕਣਗੇ ਘਰ, ਸਰਕਾਰ ਨੇ 2 ਸਾਲ ਲਈ ਲਗਾਈ ਪਾਬੰਦੀ

ਟੋਰਾਂਟੋ, 5 ਜਨਵਰੀ (ਪੋਸਟ ਬਿਊਰੋ)- ਕੈਨੇਡਾ ‘ਚ ਸਰਕਾਰ ਨੇ ਵਿਦੇਸ਼ੀਆਂ ਲਈ ਜਾਇਦਾਦ ਖਰੀਦਣ ‘ਤੇ ਪਾਬੰਦੀ ਲਗਾ ਦਿੱਤੀ ਹੈ। ਰਿਹਾਇਸ਼ ਦੀ ਘਾਟ ਦਾ ਸਾਹ-ਮਣਾ ਕਰ ਰਹੇ ਸਥਾਨਕ ਲੋਕਾਂ ਨੂੰ ਵਧੇਰੇ ਘਰ ਪ੍ਰਦਾਨ ਕਰਨ ਦੇ ਉਦੇਸ਼ ਨਾਲ ਕੈਨੇਡਾ ਵਿੱਚ ਰਿਹਾਇਸ਼ੀ ਜਾਇਦਾਦ ਖਰੀਦਣ ਵਾਲੇ ਵਿਦੇਸ਼ੀ ਲੋਕਾਂ 'ਤੇ ਪਾਬੰਦੀ ਲਗਾਈ ਗਈ ਹੈ। ਇਹ ਪਾਬੰਦੀ ਐਤਵਾਰ 1 ਜਨਵਰੀ, 2023 ਤੋਂ ਲਾਗੂ ਹੋ ਗਈ ਹੈ। ਹਾਲਾਂਕਿ, ਐਕਟ ਦੇ ਬਹੁਤ ਸਾਰੇ ਅਪਵਾਦ ਹਨ। ਕੈਨੇਡੀਅਨ ਸਰਕਾਰ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਪਾਬੰਦੀ ਸਿਰਫ਼ ਸ਼ਹਿਰ ਦੀਆਂ ਰਿਹਾਇਸ਼ਾਂ 'ਤੇ ਲਾਗੂ ਹੋਵੇਗੀ। ਇਹ ਪਾਬੰਦੀ ਸਮਰ ਕਾਟੇਜ ਵਰਗੀਆਂ ਜਾਇਦਾਦਾਂ 'ਤੇ ਲਾਗੂ ਨਹੀਂ ਹੋਵੇਗੀ।

ਇਸ ਤੋਂ ਪਹਿਲਾਂ ਕੈਨੇਡਾ ਸਰਕਾਰ ਵੀ ਸਟੱਡੀ ਅਤੇ ਪੀਆਰ ਵੀਜ਼ਿਆਂ ਲਈ ਅਪਲਾਈ ਕਰਨ ਵਾਲਿਆਂ ਨੂੰ ਝਟਕਾ ਦੇ ਚੁੱਕੀ ਹੈ। ਪਿਛਲੇ ਸਾਲ ਵੱਡੀ ਗਿਣਤੀ ਵਿੱਚ ਵੀਜ਼ੇ ਰੱਦ ਕੀਤੇ ਗਏ ਸਨ। ਰਿਹਾਇਸ਼ ਦੀ ਘਾਟ ਦਾ ਸਾਹਮਣਾ ਕਰ ਰਹੇ ਕੈਨੇਡਾ ਨੇ ਵਿਦੇਸ਼ੀਆਂ ਨੂੰ ਰਿਹਾਇਸ਼ੀ ਜਾਇਦਾਦ ਖਰੀਦਣ 'ਤੇ ਪਾਬੰਦੀ ਲਗਾ



ਦਿੱਤੀ ਹੈ। ਦਰਅਸਲ, ਕੈਨੇਡਾ ਵਿੱਚ ਘਰ ਖਰੀਦਣ ਵਾਲਿਆਂ ਦੀ ਮੰਗ ਪਿਛਲੇ ਸਮੇਂ ਵਿੱਚ ਬਹੁਤ ਵੱਧ ਗਈ ਹੈ। ਲੋਕ ਕੈਨੇਡਾ ਵਿੱਚ ਮੁਨਾਫ਼ੇ ਦੀ ਜਾਇਦਾਦ ਖਰੀਦਣ ਅਤੇ ਵੇਚਣ ਵਿੱਚ ਲੱਗੇ ਹੋਏ ਹਨ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਮਕਾਨ ਲੋਕਾਂ ਲਈ ਹਨ ਨਾ ਕਿ ਨਿਵੇਸ਼ਕਾਂ ਲਈ। ਸਰਕਾਰ ਨੇ ਨਾਨ-ਕੈਨੇਡੀਅਨ ਐਕਟ ਤਹਿਤ ਰਿਹਾਇਸ਼ੀ ਜਾਇਦਾਦ ਖਰੀਦਣ 'ਤੇ ਪਾਬੰਦੀ ਲਾਗੂ ਕਰ ਦਿੱਤੀ ਹੈ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 2021 ਵਿੱਚ ਚੋਣ ਪ੍ਰਚਾਰ ਦੌਰਾਨ ਲੋਕਾਂ ਦੀ ਸਹੂਲਤ ਲਈ ਜਾਇਦਾਦ ਨੂੰ ਲੈ ਕੇ ਇਹ ਪ੍ਰਸਤਾਵ ਰੱਖਿਆ ਸੀ। ਕੈਨੇਡਾ ਵਿੱਚ ਵਧਦੀਆਂ ਕੀਮਤਾਂ ਕਾਰਨ ਬਹੁਤ ਸਾਰੇ ਲੋਕ ਘਰ ਨਹੀਂ ਖਰੀਦ ਪਾ ਰਹੇ ਹਨ। ਇਹ ਫੈਸਲਾ ਸਥਾਨਕ ਲੋਕਾਂ ਨੂੰ ਫਾਇਦਾ ਪਹੁੰਚਾਉਣ ਲਈ ਲਿਆ ਗਿਆ ਹੈ। ਹਾਲਾਂਕਿ, ਐਕਟ ਵਿੱਚ ਕਈ ਅਪਵਾਦ ਹਨ ਜੋ ਸ਼ਰਨਾਰਥੀ ਅਤੇ ਸਥਾਈ ਨਿਵਾਸੀਆਂ ਨੂੰ ਘਰ ਖਰੀਦਣ ਦੀ ਆਗਿਆ ਦਿੰਦੇ ਹਨ। ਵੈਨਕੂਵਰ ਅਤੇ ਟੋਰਾਂਟੋ ਵਰਗੇ ਪ੍ਰਮੁੱਖ ਬਾਜ਼ਾਰਾਂ ਨੇ ਵੀ ਗੈਰ-ਨਿਵਾਸੀਆਂ ਅਤੇ ਖਾਲੀ ਘਰਾਂ 'ਤੇ ਟੈਕਸ ਲਗਾਉਣਾ ਸ਼ੁਰੂ ਕਰ ਦਿੱਤਾ ਹੈ। ਦੇਸ਼ ਦੀ ਰੀਅਲ ਅਸਟੇਟ ਮਾਰਕੀਟ ਵੇਚਣ ਵਾਲਿਆਂ ਲਈ ਸੁਸਤ ਹੋ ਗਈ ਹੈ ਕਿਉਂਕਿ ਬੈਂਕ ਆਫ ਕੈਨੇਡਾ ਦੀ ਮੁਦਰਾ ਨੀਤੀ ਦੀ ਪਾਲਣਾ ਮਹਿੰਗਾਈ ਨੂੰ ਰੋਕਣ ਲਈ ਕੀਤੀ ਜਾ ਰਹੀ ਹੈ।

# ਡਰਾਈਵਰ ਨੂੰ ਚਾਕੂ ਮਾਰ ਕੇ ਗੱਡੀ ਖੋਹਣ ਵਾਲੇ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ ਪੁਲਿਸ

ਟੋਰਾਂਟੋ, 5 ਜਨਵਰੀ (ਪੋਸਟ ਬਿਊਰੋ) : ਨੌਰਥ ਯੌਰਕ ਵਿੱਚ ਇੱਕ ਹਿੰਸਕ ਕਾਰਜੈਕਿੰਗ ਦੌਰਾਨ ਡਰਾਈਵਰ ਨੂੰ ਚਾਕੂ ਮਾਰ ਦਿੱਤਾ ਗਿਆ ਤੇ ਟੋਰਾਂਟੋ ਪੁਲਿਸ ਚਾਰ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ।

ਸੋਮਵਾਰ ਨੂੰ ਰਾਤੀਂ 12:30 ਵਜੇ ਤੋਂ ਠੀਕ ਪਹਿਲਾਂ ਕੀਲ ਸਟਰੀਟ ਤੇ ਫਿੰਚ ਐਵਨਿਊ ਵੈਸਟ ਨੇੜੇ ਪੁਲਿਸ ਨੂੰ ਇਸ ਵਾਰਦਾਤ ਦੀ ਜਾਣਕਾਰੀ ਦੇ ਕੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਹਥਿਆਰਾਂ ਨਾਲ ਲੈਸ ਮਸ਼ਕੂਕ ਇੱਕ ਗੱਡੀ ਕੋਲ ਪਹੁੰਚੇ ਤੇ ਉਨ੍ਹਾਂ ਡਰਾਈਵਰ ਨੂੰ ਚਾਕੂ ਮਾਰ ਕੇ ਗੱਡੀ ਖੋਹ ਲਈ ਤੇ ਫਿਰ ਉਸ ਵਿਅਕਤੀ ਦੀ ਗੱਡੀ ਵਿੱਚ ਸਵਾਰ ਹੋ ਕੇ ਉੱਥੋਂ ਫਰਾਰ



ਹੋ ਗਏ।

ਜ਼ਖ਼ਮੀ ਵਿਅਕਤੀ ਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਲਿਜ-ਾਇਆ ਗਿਆ। ਉਸ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾਂਦੀ ਹੈ। ਪੁਲਿਸ ਵੱਲੋਂ ਅਜੇ ਮਸ਼ਕੂਕਾਂ ਜਾਂ ਗੱਡੀ ਦੇ ਸਬੰਧ ਵਿੱਚ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ।

# ਵੈਸਟਨ ਤੇ ਹੰਬਰ ਨੇੜੇ ਚੱਲੀ ਗੋਲੀ ਵਿੱਚ ਇੱਕ ਜ਼ਖ਼ਮੀ

ਟੋਰਾਂਟੋ, 5 ਜਨਵਰੀ (ਪੋਸਟ ਬਿਊਰੋ) : ਸੋਮਵਾਰ ਸਵੇਰੇ ਸਿਟੀ ਦੇ ਨੌਰਥਵੈਸਟ ਸਿਰੇ ਉੱਤੇ ਇੱਕ ਵਿਅਕਤੀ ਨੂੰ ਗੋਲੀ ਮਾਰੇ ਜਾਣ ਦੇ ਮਾਮਲੇ ਦੀ ਟੋਰਾਂਟੋ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਇਸ ਇਲਾਕੇ ਵਿੱਚ ਗੋਲੀ ਚੱਲਣ ਦੀ ਆਵਾਜ਼ ਸੁਣੇ ਜਾਣ ਦੀਆਂ ਰਿਪੋਰਟਾਂ ਮਿਲਣ ਤੋਂ ਬਾਅਦ ਪੁਲਿਸ ਨੂੰ ਵੈਸਟਨ ਰੋਡ ਤੇ ਹੰਬਰ ਬੁਲੇਵਾਰਡ ਏਰੀਆ ਵਿੱਚ ਸੱਦਿਆ ਗਿਆ। ਪੁਲਿਸ ਦੇ ਮੌਕੇ ਉੱਤੇ ਪਹੁੰਚਣ ਉੱਤੇ ਇੱਕ ਵਿਅਕਤੀ ਉਨ੍ਹਾਂ ਨੂੰ ਗੋਲੀ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ। ਪੁਲਿਸ ਨੇ ਦੱਸਿਆ ਕਿ ਇਸ ਵਿਅਕਤੀ ਦੇ ਜ਼ਖ਼ਮ ਗੰਭੀਰ ਹਨ ਪਰ ਜਾਂਚਕਾਰਾਂ ਵੱਲੋਂ ਉਸ ਦੀ ਹਾਲਤ ਦੇ ਸਬੰਧ ਵਿੱਚ ਕੋਈ ਅਪਡੇਟ ਮੁਹੱਈਆ ਨਹੀਂ ਕਰਵਾਈ ਗਈ ਹੈ। ਕਿਸੇ ਮਸ਼ਕੂਕ ਬਾਰੇ ਵੀ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।

# ਟਰੈਵਲਰਜ਼ ਨੂੰ ਪੇਸ਼ ਆ ਰਹੀਆਂ ਦਿੱਕਤਾਂ ਬਾਰੇ ਕੰਜ਼ਰਵੇਟਿਵਜ਼ ਤੇ ਐਨਡੀਪੀ ਨੇ ਕਮੇਟੀ ਮੀਟਿੰਗ ਸੱਦਣ ਦੀ ਕੀਤੀ ਮੰਗ

ਓਟਵਾ, 5 ਜਨਵਰੀ (ਪੋਸਟ ਬਿਊਰੋ) : ਛੁੱਟੀਆਂ ਦੇ ਇਸ ਸੀਜ਼ਨ ਵਿੱਚ ਸੈਂਕੜੇ ਟਰੈਵਲਰਜ਼ ਦੇ ਵੱਖ ਵੱਖ ਥਾਂਵਾਂ ਉੱਤੇ ਬੁਰੀ ਤਰ੍ਹਾਂ ਫਸ ਜਾਣ ਦੇ ਮਾਮਲੇ ਵਿੱਚ ਫੈਡਰਲ ਕੰਜ਼ਰਵੇਟਿਵਜ਼ ਤੇ ਐਨਡੀਪੀ ਵੱਲੋਂ ਲਿਬਰਲ ਸਰਕਾਰ ਤੋਂ ਸਪਸ਼ਟੀਕਰਣ ਮੰਗਿਆ ਜਾ ਰਿਹਾ ਹੈ। ਹਾਊਸ ਆਫ ਕਾਮਨਜ਼ ਦੀ ਟਰਾਂਸਪੋਰਟ ਕਮੇਟੀ ਦੇ ਟੋਰੀ ਤੇ ਨਿਊ ਡੈਮੋਕ੍ਰੈਟ ਮੈਂਬਰਾਂ ਵੱਲੋਂ ਬੁੱਧਵਾਰ ਨੂੰ



ਕਮੇਟੀ ਦੇ ਚੇਅਰ ਨੂੰ ਪੱਤਰ ਭੇਜ ਕੇ ਇਸ ਸਬੰਧ ਵਿੱਚ ਜਲਦ ਤੋਂ ਜਲਦ ਮੀਟਿੰਗ ਸੱਦਣ ਦੀ ਮੰਗ ਕੀਤੀ ਗਈ। ਐਨਡੀਪੀ ਟਰਾਂਸਪੋਰਟ ਕ੍ਰਿਟਿਕ ਟੇਲਰ ਬੈਕਰੈਕ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਲਿਬਰਲ ਮੰਤਰੀ ਇਹ ਟਵੀਟ ਕਰਕੇ ਆਪਣਾ ਖਹਿੜਾ ਨਹੀਂ ਛੁਡਾ ਸਕਦੇ ਕਿ ਹਾਲਾਤ ਸਵੀਕਾਰਨਯੋਗ ਨਹੀਂ ਹਨ। ਉਨ੍ਹਾਂ ਆਖਿਆ ਕਿ ਕੈਨੇਡਾ ਦੇ ਟਰਾਂਸਪੋਰਟੇਸ਼ਨ ਸਿਸਟਮ ਦੀ ਨਿਗਰਾਨੀ ਕਰਨਾ ਲਿਬਰਲ ਮੰਤਰੀ ਦਾ ਕੰਮ ਹੈ ਤੇ ਇਸ ਲਈ ਉਨ੍ਹਾਂ ਨੂੰ ਸਥਿਤੀ ਸਾਂਭਣ ਵਾਸਤੇ ਵਿਸ਼ੇਸ਼ ਸ਼ਕਤੀਆਂ ਵੀ ਹਾਸਲ ਹਨ। ਜੇ ਕੋਈ ਪੈਸੈਂਜਰਜ਼ ਦੀ ਹਿਫਾਜ਼ਤ ਕਰ ਸਕਦਾ ਹੈ ਤਾਂ ਉਹ ਉਹੀ ਹਨ। ਕੈਨੇਡੀਅਨਜ਼ ਇਹ ਜਾਨਣ ਦੇ ਹੱਕਦਾਰ ਹਨ ਕਿ ਸੰਕਟ ਦੀ ਇਸ ਘੜੀ ਵਿੱਚ ਉਨ੍ਹਾਂ ਵੱਲੋਂ ਕਿਹੜੇ ਕਦਮ ਚੁੱਕੇ ਗਏ ਤੇ ਅਗਾਂਹ ਪੈਸੈਂਜਰਜ਼ ਦੀ ਹਿਫਾਜ਼ਤ ਲਈ ਉਨ੍ਹਾਂ ਵੱਲੋਂ ਕੀ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਮੰਗਲਵਾਰ ਨੂੰ ਟਵੀਟ ਕਰਕੇ ਕਮੇਟੀ ਦੇ ਚੇਅਰ ਤੇ ਲਿਬਰਲ ਐਮਪੀ ਪੀਟਰ ਸਿਏਫਕ ਨੇ ਆਖਿਆ ਸੀ ਕਿ ਉਨ੍ਹਾਂ ਵੱਲੋਂ ਸਨਵਿੰਗ ਏਅਰਲਾਈਨਜ਼ ਤੇ ਵੀਆ ਰੇਲ ਦੇ ਸੀਈਓਜ਼ ਨਾਲ ਮੀਟਿੰਗ ਕਰਕੇ ਟਰੈਵਲ ਸਬੰਧੀ ਇਨ੍ਹਾਂ ਦਿੱਕਤਾਂ ਬਾਰੇ ਗੱਲਬਾਤ ਕੀਤੀ ਜਾਵੇਗੀ। ਵਿਰੋਧੀ ਧਿਰ ਦੇ ਐਮਪੀ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀ ਕਿਸੇ ਵੀ ਸੁਣਵਾਈ ਦੌਰਾਨ ਅਲਘਬਰਾ ਤੋਂ ਸਵਾਲ ਜਵਾਬ ਲਈ ਦੋ ਘੰਟੇ ਦਾ ਸਮਾਂ ਵੀ ਦਿੱਤਾ ਜਾਵੇ। ਇਸ ਦੌਰਾਨ ਕੰਜ਼ਰਵੇਟਿਵ ਪਾਰਟੀ ਦੇ ਟਰਾਂਸਪੋਰਟ ਕ੍ਰਿਟਿਕ ਮਾਰਕ ਸਟ੍ਰਾਹਲ ਤੇ ਕਮੇਟੀ ਵਿੱਚ ਮੌਜੂਦ ਤਿੰਨ ਹੋਰਨਾਂ ਟੋਰੀਜ਼ ਵੱਲੋਂ ਵੀ ਮੀਟਿੰਗ ਦੀ ਮੰਗ ਵਾਲੇ ਇਸ ਪੱਤਰ ਉੱਤੇ ਦਸਤਖ਼ਤ ਕੀਤੇ ਗਏ।

# ਪਾਣੀ ਵਾਲੀ ਮੇਨ ਪਾਈਪ ਟੁੱਟਣ ਨਾਲ ਮਿਸੀਸਾਗਾ ਵਿੱਚ ਬਣੀ ਹੜ੍ਹ ਵਾਲੀ ਸਥਿਤੀ



ਮਿਸੀਸਾਗਾ, 5 ਜਨਵਰੀ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਪਾਣੀ ਵਾਲੀ ਮੇਨ ਪਾਈਪ ਟੁੱਟ ਜਾਣ ਕਾਰਨ ਹੜ੍ਹ ਵਾਲੀ ਸਥਿਤੀ ਬਣ ਗਈ ਤੇ ਵੀਰਵਾਰ ਰਾਤ ਨੂੰ ਕਈ ਕਾਰਾਂ ਇਸ ਪਾਣੀ ਵਿੱਚ ਫਸ ਗਈਆਂ। ਇਹ ਜਾਣਕਾਰੀ ਪੀਲ ਰੀਜਨਲ ਪੁਲਿਸ ਨੇ ਵੀਡੀਓ ਟਵੀਟ ਕਰਕੇ ਦਿੱਤੀ।

ਪੁਲਿਸ ਨੇ ਦੱਸਿਆ ਕਿ ਇਸ ਨਾਲ ਲੇਕਸ਼ੋਰ ਰੋਡ ਉੱਤੇ ਪਾਣੀ ਭਰ ਗਿਆ। ਇਸ ਲਈ ਲੇਕਸ਼ੋਰ ਰੋਡ ਨੂੰ ਲੌਰਨ ਪਾਰਕ ਰੋਡ ਤੇ ਮਿਸੀਸਾਗਾ ਰੋਡ ਦਰਮਿਆਨ ਬੰਦ ਕਰ ਦਿੱਤਾ ਗਿਆ ਹੈ।

ਪੁਲਿਸ ਨੇ ਇਹ ਵੀ ਦੱਸਿਆ ਕਿ ਇਸ ਦੌਰਾਨ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਜਾਣਕਾਰੀ ਨਹੀਂ ਮਿਲੀ ਹੈ ਤੇ ਇਸ ਮੁੱਦੇ ਨੂੰ ਹੱਲ ਕਰਨ ਲਈ ਕ੍ਰਿਊ ਮੌਕੇ ਉੱਤੇ ਮੌਜੂਦ ਹੈ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ ‘ਨਾਂਹ’, ਅਸੀਂ ਕਰਾਂਗੇ ‘ਹਾਂ’
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

REXDALE BODY SHOP
USED CAR SALE
Specialization In:
★ All Kinds of Body Work
★ Auto Glass Windshield
★ Denting, Painting & Welding
SPECIAL PAINT JOB $779
RENTAL CAR PROVIDED
25 years of Canadian Experience
OPEN MON - SAT 9AM TO 7PM
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
CHEEMA
LOWEST PRICE IN TOWN
Towing Service Car Paint Starts $799* upto 100% Deductible Paid*
Call Rick or Manminder Cheema: 416.749.9596 / 416.951.6471
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

ਬਰਾੜ ਗਰਾਜ ਡੋਰ
ਅਸੀਂ ਰੀਪੇਅਰ ਕਰਦੇ ਹਾਂ :
BROKEN SPRINGS
CABLES & ROLLERS
GARAGE DOOR OPENERS
We Install Garage Door Openers
ਸੰਪਰਕ ਕਰੋ: (416) 357-4082, ਈਮੇਲ ਕਰੋ: brargaragedoors@gmail.com

ShergGill Law Firm
Barrister, Solicitor & Notary Public
Services:
• Real Estate
• Residential, Commercial & Franchise
• Criminal Law
• Family Law
• Affidavit, Power Of Attorney & Notarization
• Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
➡ Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
➡ Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

# ਹੈਮਿਲਟਨ ਦੇ ਘਰ ਵਿੱਚ ਲੱਗੀ ਜ਼ਬਰਦਸਤ ਅੱਗ ਕਾਰਨ 2 ਬੱਚਿਆਂ ਸਮੇਤ 4 ਦੀ ਹੋਈ ਮੌਤ

ਹੈਮਿਲਟਨ, 5 ਜਨਵਰੀ (ਪੋਸਟ ਬਿਊਰੋ): ਬੀਤੇ ਦਿਨੀਂ ਹੈਮਿਲਟਨ ਦੇ ਇੱਕ ਘਰ ਵਿੱਚ ਲੱਗੀ ਜ਼ਬਰਦਸਤ ਅੱਗ ਕਾਰਨ ਦੋ ਬੱਚਿਆਂ ਸਮੇਤ ਚਾਰ ਵਿਅਕਤੀਆਂ ਦੀ ਮੌਤ ਹੋ ਗਈ।



ਵੀਰਵਾਰ ਰਾਤ ਨੂੰ 11:00 ਵਜੇ ਤੋਂ ਤੁਰੰਤ ਬਾਅਦ ਫਾਇਰਫਾਈਟਰਜ਼ ਨੂੰ ਅੱਪਰ ਗੇਜ ਐਵਨਿਊ ਤੇ ਰਾਇਮਲ ਰੋਡ ਇਲਾਕੇ ਵਿੱਚ 14 ਡਰਬੀ ਸਟਰੀਟ ਵਿਖੇ ਟਾਊਨਹਾਊਸ ਵਿੱਚ ਸੱਦਿਆ ਗਿਆ। ਜਦੋਂ ਫਾਇਰਫਾਈਟਰਜ਼ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ ਟਾਊਨਹਾਊਸਿਜ਼ ਦੀ ਵਿੱਚ ਵਾਲੀ ਰੋਅ ਦੇ ਸੈਂਟਰ ਵਿੱਚ ਇੱਕ ਘਰ ਨੂੰ ਅੱਗ ਲੱਗੀ ਨਜ਼ਰ ਆਈ। ਉਨ੍ਹਾਂ ਵੱਲੋਂ ਫੌਰੀ ਤੌਰ ਉੱਤੇ ਅੱਗ ਉੱਤੇ ਕਾਬੂ ਪਾਉਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ ਗਈ।

ਕ੍ਰਿਊ ਨੂੰ ਟਾਊਨਹੋਮ ਦੀ ਦੂਜੀ ਮੰਜ਼ਿਲ ਉੱਤੇ ਫਸੇ ਹੋਏ ਕੁੱਝ ਲੋਕਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਫਾਇਰ ਅਧਿਕਾਰੀਆਂ ਵੱਲੋਂ ਇੱਕ ਬਿਆਨ ਵਿੱਚ ਆਖਿਆ ਗਿਆ ਕਿ ਦੂਜੀ ਮੰਜ਼ਿਲ ਉੱਤੇ ਲੋਕਾਂ ਨੂੰ ਬਚਾਉਣ ਲਈ ਜਾਂਦੇ ਸਮੇਂ ਕ੍ਰਿਊ ਨੂੰ ਭਾਰੀ ਧੂੰਏ ਤੇ ਤੇਜ਼ ਗਰਮੀ ਦਾ ਸਾਹਮਣਾ ਕਰਨਾ ਪਿਆ। ਸਰਚ ਤੇ ਰੈਸਕਿਊ ਆਪਰੇਸ਼ਨ ਦੌਰਾਨ ਫਾਇਰਫਾਈਟਰਜ਼ ਵੱਲੋਂ ਚਾਰ ਵਿਅਕਤੀਆਂ ਨੂੰ ਦੂਜੀ ਮੰਜ਼ਿਲ ਤੋਂ ਜਲਦੀ ਹੇਠਾਂ ਲਿਜਾਇਆ ਗਿਆ।

ਪੈਰਾਮੈਡਿਕਸ ਨਾਲ ਰਲ ਕੇ ਫਾਇਰਫਾਈਟਰਜ਼ ਨੇ ਚਾਰਾਂ ਨੂੰ ਬਚਾਉਣ ਦੀ ਕੋਸ਼ਿਸ਼ ਸ਼ੁਰੂ ਕੀਤੀ ਤੇ ਉਨ੍ਹਾਂ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ ਜਿੱਥੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਹੈਮਿਲਟਨ ਪੁਲਿਸ ਨੇ ਦੱਸਿਆ ਕਿ ਕੁੱਲ ਛੇ ਵਿਅਕਤੀਆਂ ਨੂੰ ਹਸਪਤਾਲ ਲਿਜਾਇਆ ਗਿਆ ਸੀ ਜਿਨ੍ਹਾਂ ਵਿੱਚੋਂ ਦੋ ਵਿਅਕਤੀਆਂ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਦੋਵਾਂ ਬਾਲਗਾਂ ਤੇ ਬੱਚਿਆਂ ਦੀ ਉਮਰ ਤੇ ਲਿੰਗ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ।

ਫਾਇਰ ਅਧਿਕਾਰੀਆਂ ਨੇ ਦੱਸਿਆ ਕਿ ਹੌਲੀ ਹੌਲੀ ਅੱਗ ਉੱਤੇ ਕਾਬੂ ਪਾ ਲਿਆ ਗਿਆ ਤੇ ਕਿਸੇ ਹੋਰ ਵਿਅਕਤੀ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਓਨਟਾਰੀਓ ਫਾਇਰ ਮਾਰਸ਼ਲ ਦੇ ਆਫਿਸ ਨੂੰ ਮਾਮਲੇ ਦੀ ਜਾਂਚ ਕਰਨ ਲਈ ਸੱਦਿਆ ਗਿਆ ਹੈ।

# ਪਾਬੰਦੀਸ਼ੁਦਾ ਹਥਿਆਰਾਂ ਨੂੰ ਮੁੜ ਖਰੀਦਣ ਦੇ ਸਬੰਧ ਵਿੱਚ ਕਈ ਬਦਲ ਵਿਚਾਰ ਰਹੀ ਹੈ ਫੈਡਰਲ ਸਰਕਾਰ : ਮੈਂਡੀਸਿਨੋ

ਓਟਵਾ, 5 ਜਨਵਰੀ (ਪੋਸਟ ਬਿਊਰੋ) : ਪਾਬੰਦੀਸ਼ੁਦਾ ਹਥਿਆਰਾਂ ਨੂੰ ਮੁੜ ਖਰੀਦਣ ਦੇ ਸਬੰਧ ਵਿੱਚ ਫੈਡਰਲ ਸਰਕਾਰ ਕਈ ਬਦਲ ਵਿਚਾਰ ਰਹੀ ਹੈ। ਬੀਤੇ ਦਿਨੀਂ ਇਹ ਖੁਲਾਸਾ ਪਬਲਿਕ ਸੇਫਟੀ ਮੰਤਰੀ ਮਾਰਕੋ ਮੈਂਡੀਸਿਨੋ ਨੇ ਕੀਤਾ।

ਜ਼ਿਕਰਯੋਗ ਹੈ ਕਿ ਫੈਡਰਲ ਸਰਕਾਰ ਨੇ ਏਆਰ-15 ਤੇ ਰੂਗਰ ਮਿਨੀ-14 ਸਮੇਤ ਹਥਿਆਰਾਂ ਦੇ 1500 ਮਾਡਲਜ਼ ਉੱਤੇ ਪਾਬੰਦੀ ਲਾ ਦਿੱਤੀ ਸੀ। ਇਨ੍ਹਾਂ ਹਥਿਆਰਾਂ ਨੂੰ ਮੁੜ ਖਰੀਦਣ ਵਾਲੇ ਪ੍ਰਸਤਾਵਿਤ ਪ੍ਰੋਗਰਾਮ ਤਹਿਤ ਹਥਿਆਰਾਂ ਦੇ ਮਾਲਕਾਂ ਨੂੰ ਜਾਂ ਤਾਂ ਆਪਣੇ ਇਹ ਹਥਿਆਰ ਸਰਕਾਰ ਨੂੰ ਵੇਚਣੇ ਹੋਣਗੇ ਤੇ ਜਾਂ ਫੈਡਰਲ ਸਰਕਾਰ ਦੇ ਖਰਚੇ ਉੱਤੇ ਇਨ੍ਹਾਂ ਨੂੰ ਖ਼ਤਮ ਕਰਵਾਉਣਾ ਹੋਵੇਗਾ।

ਇਸ ਦੌਰਾਨ ਦ ਕੈਨੇਡੀਅਨ ਐਸੋਸਿਏਸ਼ਨ ਆਫ ਚੀਫਜ਼ ਆਫ ਪੁਲਿਸ ਵੱਲੋਂ ਲਿਬਰਲ ਸਰਕਾਰ ਨੂੰ ਇਹ ਬੇਨਤੀ ਕੀਤੀ ਗਈ ਹੈ ਕਿ ਇਸ ਕੰਮ ਨੂੰ ਸਿਰੇ ਚੜ੍ਹਾਉਣ ਲਈ ਕਿਸੇ ਹੋਰ ਆਰਗੇਨਾਈਜ਼ੇਸ਼ਨ, ਕੁਰੀਅਰ ਜਾਂ ਮੇਲ ਸੇਵਾਵਾਂ ਦੀ ਮਦਦ ਲਈ ਜਾਵੇ ਤਾਂ ਕਿ ਪੁਲਿਸ ਕਾਨੂੰਨ ਤੋੜਨ ਵਾਲਿਆਂ ਦੇ ਨਾਲ ਨਾਲ ਸਰਹੱਦੀ ਅਖੰਡਤਾ ਨੂੰ ਤੋੜਨ, ਸਮਗਲਿੰਗ ਆਦਿ ਵਰਗੇ ਜੁਰਮਾਂ ਨੂੰ ਅੰਜਾਮ ਦੇਣ ਵਾਲਿਆਂ ਉੱਤੇ ਆਪਣਾ ਧਿਆਨ ਕੇਂਦਰਿਤ ਕਰ ਸਕੇ।



ਇਸ ਦੌਰਾਨ ਮੈਂਡੀਸਿਨੋ ਨੇ ਆਖਿਆ ਕਿ ਇਸ ਕੰਮ ਨੂੰ ਅੰਜਾਮ ਦੇਣ ਲਈ ਕਈ ਸਟੇਕਹੋਲਡਰਜ਼, ਭਾਈਵਾਲਾਂ ਤੇ ਕਾਨੂੰਨ ਲਾਗੂ ਕਰਵਾਉਣ ਵਾਲੀਆਂ ਏਜੰਸੀਆਂ ਦੀ ਮਦਦ ਲੈਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਸਰਕਾਰ ਦੇ ਹੋਰਨਾਂ ਪੱਧਰਾਂ ਨਾਲ ਵੀ ਕੰਮ ਕੀਤਾ ਜਾ ਰਿਹਾ ਹੈ। ਅਸੀਂ ਹਰ ਤਰ੍ਹਾਂ ਦੇ ਬਦਲ ਖੁੱਲ੍ਹੇ ਰੱਖ ਕੇ ਚੱਲ ਰਹੇ ਹਾਂ।

# ਭਾਰਤੀ ਮੂਲ ਦੇ ਦਵਾਈ ਵਿਕ੍ਰੇਤਾ ਨੂੰ ਯੂਕੇ ਵਿਚ ਗੈਰ-ਕਾਨੂੰਨੀ ਦਵਾਈਆਂ ਵੇਚਣ ਦੇ ਦੋਸ਼ ਵਿਚ ਜੇਲ੍ਹ

ਲੰਡਨ, 5 ਜਨਵਰੀ (ਪੋਸਟ ਬਿਊਰੋ)- ਬ੍ਰਿਟੇਨ ਦੀ ਇਕ ਅਦਾਲਤ ਨੇ ਭਾਰਤੀ ਮੂਲ ਦੇ ਦਵਾਈ ਵਿਕ੍ਰੇਤਾ ਨੂੰ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਸਪਲਾਈ ਕਰਨ ਦੇ ਦੋਸ਼ ਵਿਚ 18 ਮਹੀਨਿਆਂ ਦੀ ਜੇਲ ਦੀ ਸਜ਼ਾ ਸੁਣਾਈ ਹੈ। ਜਾਣਕਾਰੀ ਮੁਤਾਬਿਕ 40 ਸਾਲਾਂ ਤੋਂ ਵੱਧ ਤਜਰਬੇ ਵਾਲੇ ਲੰਡਨ ਸਥਿਤ ਦਵਾਈ ਵਿਕ੍ਰੇਤਾ 67 ਸਾਲਾ ਦੁਸ਼ਯੰਤ ਪਟੇਲ ਨੇ ਇਕ ਔਰਤ ਨੂੰ 2020 ਵਿਚ ਕਈ ਮਹੀਨਿਆਂ ਲਈ 'ਕੈਟਾਗਰੀ ਸੀ' ਜਾਂ ਯੂਕੇ ਦੇ ਕਾਨੂੰਨ ਅਧੀਨ ਪਾਬੰਦੀਸ਼ੁਦਾ ਦਵਾਈ ਵੇਚੀ ਸੀ। ਪੂਰਬੀ ਇੰਗਲੈਂਡ ਦੇ ਨੌਰਵਿਚ ਵਿਚ ਅਲੀਸ਼ਾ ਸਿੱਦੀਕੀ ਦੀ ਮੌਤ ਤੋਂ ਚਾਰ ਮਹੀਨੇ ਬਾਅਦ ਸਥਾਨਕ ਪੁਲਸ ਨੇ ਪਟੇਲ ਦੀ ਪਛਾਣ ਇਕ ਸ਼ੱਕੀ ਵਜੋਂ ਕੀਤੀ ਸੀ। ਸਿੱਦੀਕੀ ਦੀ ਲਾਸ਼ ਅਗਸਤ, 2020 ਵਿਚ ਮਿਲੀ ਸੀ।

ਸਥਾਨਕ ਮੀਡੀਆ ਅਨੁਸਾਰ ਅਲੀਸ਼ਾ ਸਿੱਦੀਕੀ ਦੀ ਸ਼ੁਰੂਆਤੀ ਪੋਸਟਮਾਰਟਮ ਰਿਪੋਰਟ ਨਿਰਣਾਇਕ ਸੀ, ਪਰ ਟੌਕਸੀਕੋਲੋਜੀ ਟੈਸਟ ਦੇ ਨਤੀਜਿਆਂ ਨੇ ਦਿਖਾਇਆ ਕਿ ਉਸਦੀ ਮੌਤ ਨਸ਼ੇ ਦੀ ਓਵਰਡੋਜ਼ ਨਾਲ ਹੋਈ। ਸਿੱਦੀਕੀ ਦੀਆਂ ਫ਼ੋਨ ਕਾਲਾਂ ਦੇ ਵਿਸ਼ਲੇਸ਼ਣ ਤੋਂ ਪਤਾ ਚੱਲਦਾ ਹੈ ਕਿ ਜਨਵਰੀ ਤੋਂ ਅਗਸਤ 2020 ਦਰਮਿਆਨ ਪਟੇਲ ਨਾਲ ਉਸ ਨੇ ਕਈ ਵਾਰ ਗੱਲਬਾਤ ਕੀਤੀ ਸੀ।

ਪਟੇਲ ਨੂੰ 18 ਮਹੀਨਿਆਂ ਦੀ ਸਜ਼ਾ ਸੁਣਾਉਂਦਿਆਂ ਜੱਜ ਐਲਿਸ ਰੌਬਿਨਸਨ ਨੇ ਕਿਹਾ ਕਿ ਦਵਾਈ ਵਿਕ੍ਰੇਤਾ ਵਲੋਂ 'ਵਿਸ਼ਵਾਸ ਦੀ ਗੰਭੀਰ ਉਲੰਘਣਾ' ਕੀਤੀ ਗਈ ਹੈ।

# ਨਾਸਿਕ ਫੈਕਟਰੀ ਵਿਚ ਧਮਾਕੇ ਤੋਂ ਬਾਅਦ ਲੱਗੀ ਭਿਆਨਕ ਅੱਗ, ਦੋ ਦੀ ਮੌਤ; 17 ਜਖਮੀ





ਮੁੰਬਈ, 5 ਜਨਵਰੀ (ਪੋਸਟ ਬਿਊਰੋ)- ਮਹਾਰਾਸਟਰ ਦੇ ਨਾਸਿਕ ਵਿਚ ਇਕ ਫੈਕਟਰੀ ਵਿੱਚ ਭਿਆਨਕ ਅੱਗ ਲੱਗਣ ਦੀ ਖਬਰ ਹੈ। ਹੁਣ ਤੱਕ ਪ੍ਰਾਪਤ ਜਾਣਕਾਰੀ ਅਨੁਸਾਰ ਇਸ ਘਟਨਾ ਵਿਚ 2 ਲੋਕਾਂ ਦੀ ਮੌਤ ਹੋ ਗਈ ਤੇ 17 ਜ਼ਖਮੀ ਹੋ ਗਏ ਹਨ। ਅਧਿਕਾਰੀਆਂ ਨੇ ਦੱਸਿਆ ਕਿ ਨਾਸਿਕ ਦੇ ਮੁੰਡੇਗਾਓਂ ਪਿੰਡ ਵਿੱਚ ਸਥਿਤ ਇੱਕ ਫੈਕਟਰੀ ਵਿਚ ਸਵੇਰੇ 11 ਵਜੇ ਬੁਆਇਲਰ ਫਟਣ ਤੋਂ ਬਾਅਦ ਜਬਰਦਸਤ ਅੱਗ ਲੱਗ ਗਈ। ਮੌਕੇ 'ਤੇ ਫਾਇਰ ਬ੍ਰਿਗੇਡ ਦੀਆਂ ਕਈ ਗੱਡੀਆਂ ਨੇ ਕਈ ਘੰਟੇ ਦੀ ਮੁਸ਼ੱਕਤ ਤੋਂ ਬਾਅਦ ਅੱਗ ਬੁਝਾਈ।

ਫੈਕਟਰੀ ਵਿਚ ਲੱਗੀ ਅੱਗ ਬਹੁਤ ਹੀ ਭਿਆਨਕ ਦੱਸੀ ਜਾ ਰਹੀ ਹੈ। ਜ਼ਿਲਾ ਹਸਪਤਾਲ, ਮੈਡੀਕਲ ਕਾਲਜ, ਨਗਰ ਨਿਗਮ ਵਿਚ ਜ਼ਖਮੀਆਂ ਨੂੰ ਭਰਤੀ ਕਰਵਾਇਆ ਗਿਆ। ਹਾਲਾਂਕਿ ਅਧਿਕਾਰੀਆਂ ਮੁਤਾਬਕ ਅੱਗ ਲੱਗਣ ਦੇ ਕਾਰਨਾਂ ਦਾ ਅਜੇ ਤੱਕ ਕੋਈ ਪਤਾ ਨਹੀਂ ਲੱਗ ਸਕਿਆ ਹੈ। ਮਹਾਰਾਸਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਨਾਸਿਕ ਦੀ ਇਕ ਫੈਕਟਰੀ ਵਿਚ ਧਮਾਕੇ ਵਿਚ ਜਖਮੀ ਹੋਏ ਲੋਕਾਂ ਨਾਲ ਮੁਲਾਕਾਤ ਕੀਤੀ।

ਇਸ ਤੋਂ ਪਹਿਲਾਂ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਟਵੀਟ ਕੀਤਾ, 'ਨਾਸਿਕ ਜ਼ਿਲੇ ਦੇ ਇਗਤਪੁਰੀ ਨੇੜੇ ਜਿੰਦਲ ਕੰਪਨੀ ਵਿਚ ਧਮਾਕਾ ਹੋਣ ਕਾਰਣ ਮੰਦਭਾਗੀ ਘਟਨਾ ਵਾਪਰੀ ਹੈ। ਉਨ੍ਹਾਂ ਕਿਹਾ, 'ਹੁਣ ਤੱਕ ਕੁੱਲ 19 ਲੋਕਾਂ ਨੂੰ ਬਾਹਰ ਕੱਢਿਆ ਗਿਆ ਹੈ ਅਤੇ 17 ਲੋਕਾਂ ਨੂੰ ਨਿੱਜੀ ਹਸਪਤਾਲਾਂ 'ਚ ਭਰਤੀ ਕਰਵਾਇਆ ਗਿਆ ਹੈ। ਇਨ੍ਹਾਂ ਵਿੱਚੋਂ ਚਾਰ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ ਅਤੇ ਬਦਕਿਸਮਤੀ ਨਾਲ ਦੋ ਦੀ ਮੌਤ ਹੋ ਗਈ ਹੈ। ਮੇਰੀ ਸੰਵੇਦਨਾ ਉਨ੍ਹਾਂ ਦੇ ਪਰਿਵਾਰ ਨਾਲ ਹੈ।

# ਟਵਿਟਰ 'ਤੇ ਸੈਨ ਫਰਾਂਸਿਸਕੋ ਦਫਤਰ ਦਾ ਕਿਰਾਇਆ ਅਦਾ ਨਾ ਕਰਨ 'ਤੇ ਮੁਕੱਦਮਾ ਦਰਜ



ਸੈਨ ਫ੍ਰਾਂਸਿਸਕੋ, 5 ਜਨਵਰੀ (ਪੋਸਟ ਬਿਊਰੋ)- ਟਵਿੱਟਰ ਇੰਕ 'ਤੇ ਸੈਨ ਫਰਾਂਸਿਸਕੋ ਵਿਚ ਆਪਣੇ ਦਫਤਰ ਦੀ ਜਗ੍ਹਾ ਦੇ ਕਿਰਾਏ ਵਿਚ 1,36,250 ਡਾਲਰ ਦਾ ਭੁਗਤਾਨ ਕਰਨ ਵਿਚ ਅਸਫ਼ਲ ਰਹਿਣ ਲਈ ਮੁਕੱਦਮਾ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਮਕਾਨ ਮਾਲਕ ਕੋਲੰਬੀਆ ਰੀਟ ਦਾ ਕਹਿਣਾ ਹੈ ਕਿ ਉਸਨੇ 16 ਦਸੰਬਰ ਨੂੰ ਟਵਿਟਰ ਨੂੰ ਸੂਚਿਤ ਕੀਤਾ ਸੀ ਕਿ ਉਹ ਪੰਜ ਦਿਨਾਂ ਵਿਚ ਹਾਰਟਫੋਰਡ ਇਮਾਰਤ ਦੀ 30ਵੀਂ ਮੰਜ਼ਿਲ 'ਤੇ ਲੀਜ਼ 'ਤੇ ਡਿਫਾਲਟਰ ਹੋ ਜਾਵੇਗਾ ਜੇਕਰ ਉਦੋਂ ਤੱਕ ਕਿਰਾਇਆ ਅਦਾ ਨਹੀਂ ਕੀਤਾ ਜਾਂਦਾ ਹੈ। ਕੋਲੰਬੀਆ ਰੀਟ ਨੇ ਸ਼ਿਕਾਇਤ ਵਿਚ ਕਿਹਾ ਕਿ ਕਿਰਾਏਦਾਰ ਪੰਜ ਦਿਨਾਂ ਦੇ ਨੋਟਿਸ ਦੀ ਪਾਲਣਾ ਕਰਨ ਵਿਚ ਅਸਫ਼ਲ ਰਿਹਾ, ਇਸ ਲਈ ਵੀਰਵਾਰ ਨੂੰ ਸੈਨ ਫਰਾਂਸਿਸਕੋ ਵਿਚ ਸਟੇਟ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਗਈ।

ਨਿਊਯਾਰਕ ਟਾਈਮਜ਼ ਨੇ 13 ਦਸੰਬਰ ਨੂੰ ਰਿਪੋਰਟ ਦਿੱਤੀ ਕਿ ਟਵਿਟਰ ਨੇ ਹਾਲ ਹੀ ਦੇ ਹਫਤਿਆਂ ਵਿਚ ਆਪਣੇ ਹੈੱਡਕੁਆਰਟਰ, ਜਾਂ ਇਸਦੇ ਕਿਸੇ ਹੋਰ ਗਲੋਬਲ ਦਫਤਰਾਂ ਲਈ ਕਿਰਾਏ ਦਾ ਭੁਗਤਾਨ ਨਹੀਂ ਕੀਤਾ ਹੈ। ਕੰਪਨੀ 'ਤੇ ਇਸ ਮਹੀਨੇ ਦੇ ਸ਼ੁਰੂ ਵਿਚ ਦੋ ਚਾਰਟਰ ਉਡਾਣਾਂ ਲਈ ਭੁਗਤਾਨ ਕਰਨ ਤੋਂ ਇਨਕਾਰ ਕਰਨ ਲਈ ਮੁਕੱਦਮਾ ਵੀ ਕੀਤਾ ਗਿਆ ਸੀ।

ਟਵਿੱਟਰ ਨੇ ਅਜੇ ਤੱਕ ਇਸ ਮਾਮਲੇ 'ਤੇ ਟਿੱਪਣੀ ਲਈ ਬੇਨਤੀ ਦਾ ਜਵਾਬ ਨਹੀਂ ਦਿੱਤਾ ਹੈ। ਹਾਲਾਂਕਿ, ਟਵਿੱਟਰ ਦਾ ਕੋਈ ਮੀਡੀਆ ਵਿਭਾਗ ਨਹੀਂ ਹੈ।

# ਜਿਨਸੀ ਸ਼ੋਸ਼ਣ ਦਾ ਮਾਮਲਾ ਦਰਜ ਹੋਣ ਤੋਂ ਬਾਅਦ ਹਰਿਆਣਾ ਦੇ ਖੇਡ ਮੰਤਰੀ ਨੇ ਦਿੱਤਾ ਅਸਤੀਫ਼ਾ

### * ਕਿਹਾ, 'ਮੇਰੇ ਅਕਸ ਨੂੰ ਖਰਾਬ ਕਰਨ ਦੀ ਹੋ ਰਹੀ ਕੋਸ਼ਿਸ਼'



ਨਵੀਂ ਦਿੱਲੀ, 5 ਜਨਵਰੀ (ਪੋਸਟ ਬਿਊਰੋ)- ਚੰਡੀਗੜ੍ਹ ਪੁਲਸ ਨੇ ਸ਼ੁੱਕਰਵਾਰ ਨੂੰ ਜੂਨੀਅਰ ਐਥਲੈਟਿਕਸ ਕੋਚ ਦੀ ਸ਼ਿਕਾਇਤ ਦੇ ਆਧਾਰ 'ਤੇ ਹਰਿਆਣਾ ਦੇ ਖੇਡ ਮੰਤਰੀ ਸੰਦੀਪ ਸਿੰਘ ਵਿਰੁੱਧ ਜਿਨਸੀ ਸ਼ੋਸ਼ਣ ਅਤੇ ਅਪਰਾਧਿਕ ਧਮਕੀ ਦਾ ਮਾਮਲਾ ਦਰਜ ਕੀਤਾ ਹੈ। ਮੰਤਰੀ ਨੇ ਪਹਿਲਾਂ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਦਿਆਂ ਖਾਰਜ ਕਰ ਦਿੱਤਾ ਸੀ ਅਤੇ ਸੁਤੰਤਰ ਜਾਂਚ ਦੀ ਮੰਗ ਕੀਤੀ ਸੀ। ਹਾਲਾਂਕਿ ਮਾਮਲਾ ਦਰਜ ਹੋਣ ਤੋਂ ਬਾਅਦ ਉਨ੍ਹਾਂ ਨੇ ਖੇਡ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਆਪਣੇ ਅਸਤੀਫ਼ੇ ਦਾ ਐਲਾਨ ਕਰਦਿਆਂ ਸੰਦੀਪ ਸਿੰਘ ਨੇ ਕਿਹਾ, 'ਮੇਰੇ ਅਕਸ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਮੈਨੂੰ ਉਮੀਦ ਹੈ ਕਿ ਮੇਰੇ 'ਤੇ ਲਗਾਏ ਗਏ ਝੂਠੇ ਦੋਸ਼ਾਂ ਦੀ ਡੂੰਘਾਈ ਨਾਲ ਜਾਂਚ ਹੋਵੇਗੀ। ਜਾਂਚ ਰਿਪੋਰਟ ਆਉਣ ਤੱਕ ਮੈਂ ਮੁੱਖ ਮੰਤਰੀ ਨੂੰ ਖੇਡ ਵਿਭਾਗ ਦੀ ਜ਼ਿੰਮੇਵਾਰੀ ਸੌਂਪਦਾ ਹਾਂ।'

ਜੂਨੀਅਰ ਅਥਲੈਟਿਕਸ ਕੋਚ ਨੇ ਵਿਰੋਧੀ ਪਾਰਟੀ ਇੰਡੀਅਨ ਨੈਸ਼ਨਲ ਲੋਕ ਦਲ (ਇਨੈਲੋ) ਦੇ ਦਫ਼ਤਰ ਵਿਖੇ ਪ੍ਰੈਸ ਕਾਨਫਰੰਸ ਕਰਕੇ ਸੂਬਾ ਸਰਕਾਰ ਤੋਂ ਸੁਰੱਖਿਆ ਦੀ ਮੰਗ ਕਰਦਿਆਂ ਕਿਹਾ ਕਿ ਮਨੋਹਰ ਲਾਲ ਖੱਟਰ ਸਰਕਾਰ ਨੂੰ ਤੁਰੰਤ ਸੰਦੀਪ ਸਿੰਘ ਨੂੰ ਬਰਖਾਸਤ ਕਰਨਾ ਚਾਹੀਦਾ ਹੈ ਅਤੇ ਇਸ ਦੀ ਵਿਸ਼ੇਸ਼ ਜਾਂਚ ਕਰਨੀ ਚਾਹੀਦੀ ਹੈ।

ਜੂਨੀਅਰ ਐਥਲੈਟਿਕਸ ਕੋਚ ਨੇ ਦੱਸਿਆ ਕਿ ਸੰਦੀਪ ਸਿੰਘ ਨੇ ਪਹਿਲਾਂ ਉਸ ਨੂੰ ਜਿੰਮ 'ਚ ਦੇਖਿਆ ਅਤੇ ਫਿਰ ਉਸ ਨਾਲ ਇੰਸਟਾਗ੍ਰਾਮ 'ਤੇ ਸੰਪਰਕ ਕੀਤਾ ਪਰ ਬਾਅਦ 'ਚ ਮੰਤਰੀ ਨੇ ਉਸ ਨੂੰ ਮਿਲਣ ਲਈ ਜੋਰ ਪਾਉਣਾ ਸ਼ੁਰੂ ਕਰ ਦਿੱਤਾ। ਕੋਚ ਨੇ ਕਿਹਾ, "ਸੰਦੀਪ ਸਿੰਘ ਨੇ ਮੈਨੂੰ ਇੰਸਟਾਗ੍ਰਾਮ 'ਤੇ ਮੈਸੇਜ ਕੀਤਾ ਅਤੇ ਕਿਹਾ ਕਿ ਤੁਹਾਡਾ ਰਾਸ਼ਟਰੀ ਖੇਡ ਸਰਟੀਫਿਕੇਟ ਪੈਂਡਿੰਗ ਹੈ ਅਤੇ ਉਹ ਇਸ ਸਬੰਧ ਵਿਚ ਮਿਲਣਾ ਚਾਹੁੰਦੇ ਹਨ।'' ਔਰਤ ਨੇ ਦੱਸਿਆ ਕਿ ਇਸ 'ਤੇ ਉਹ ਆਪਣੇ ਦਸਤਾਵੇਜ ਲੈ ਕੇ ਉਸ ਨੂੰ ਮਿਲਣ ਲਈ ਉਸ ਦੀ ਰਿਹਾਇਸ-ਕਮ-ਕੈਂਪ ਦਫ਼ਤਰ ਗਈ ਸੀ। ਦੋਸ਼ ਹੈ ਕਿ ਜਦੋਂ ਉਹ ਉੱਥੇ ਗਈ ਤਾਂ ਮੰਤਰੀ ਨੇ ਉਸ ਦਾ ਜਿਨਸੀ ਸ਼ੋਸ਼ਣ ਕੀਤਾ।

# ਨਿਊਯਾਰਕ 'ਚ ਨਵੇਂ ਸਾਲ ਦੇ ਜਸ਼ਨ ਦੌਰਾਨ 3 ਪੁਲਿਸ ਅਧਿਕਾਰੀਆਂ ਨੂੰ ਚਾਕੂ ਮਾਰੇ, ਇਕ ਦੀ ਹਾਲਤ ਗੰਭੀਰ



ਵਾਸ਼ਿੰਗਟਨ, 5 ਜਨਵਰੀ (ਪੋਸਟ ਬਿਊਰੋ)- ਅਮਰੀਕਾ 'ਚ ਇਕ ਵਿਅਕਤੀ ਨੇ ਨਵੇਂ ਸਾਲ ਦੇ ਜਸ਼ਨ ਦੌਰਾਨ ਨਿਊਯਾਰਕ ਪੁਲਸ ਦੇ ਤਿੰਨ ਅਧਿਕਾਰੀਆਂ 'ਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਇੱਕ ਪੁਲਸ ਅਧਿਕਾਰੀ ਨੂੰ ਜ਼ਿਆਦਾ ਸੱਟਾਂ ਲੱਗੀਆਂ ਹਨ। ਬਾਕੀ ਤਿੰਨ ਪੁਲਿਸ ਅਧਿਕਾਰੀਆਂ ਦੀ ਹਾਲਤ ਸਥਿਰ ਹੈ। ਨਿਊਯਾਰਕ ਪੁਲਿਸ ਵਿਭਾਗ ਦੇ ਕਮਿਸਨਰ ਅਨੁਸਾਰ ਟਾਈਮਜ ਸਕੁਏਅਰ ਨੇੜੇ ਇੱਕ ਵਿਅਕਤੀ ਨੇ ਬਿਨਾਂ ਕਿਸੇ ਕਾਰਣ ਪੁਲਸ ਅਧਿਕਾਰੀਆਂ 'ਤੇ ਚਾਕੂ ਨਾਲ ਹਮਲਾ ਕੀਤਾ।

ਰਿਪੋਰਟ ਮੁਤਾਬਕ ਕਮਿਸ਼ਨਰ ਕੀਚਾਂਟ ਸੇਵੇਲ ਨੇ ਦੱਸਿਆ ਕਿ ਇਹ ਘਟਨਾ ਸ਼ਨੀਵਾਰ (ਸਥਾਨਕ ਸਮੇਂ ਅਨੁਸਾਰ) ਰਾਤ 10 ਵਜੇ ਨੂੰ ਵੈਸਟ 52ਵੀਂ ਸਟਰੀਟ ਅਤੇ 8ਵੀਂ ਐਵੇਨਿਊ ਸਥਿਤ ਟਾਈਮਜ ਸਕੁਏਅਰ ਵਿਖੇ ਨਵੇਂ ਸਾਲ ਦੀ ਸ਼ਾਮ ਸੁਰੱਖਿਆ ਸਕ੍ਰੀਨਿੰਗ ਜੋਨ ਦੇ ਬਾਹਰ ਵਾਪਰੀ। ਸੇਵੇਲ ਨੇ ਕਿਹਾ ਕਿ ਅਧਿਕਾਰੀ, ਜੋ ਹਾਲ ਹੀ ਵਿਚ ਪੁਲਿਸ ਅਕੈਡਮੀ ਵਿੱਚੋਂ ਪਾਸ ਹੋਇਆ ਸੀ, ਦੀ ਖੋਪੜੀ ਵਿੱਚ ਫ੍ਰੈਕਚਰ ਹੋਇਆ ਸੀ ਅਤੇ ਹਮਲੇ ਵਿੱਚ ਸਿਰ ਵਿੱਚ ਵੱਡਾ ਜ਼ਖਮ ਹੋਇਆ ਸੀ। ਕਮਿਸ਼ਨਰ ਨੇ ਦੱਸਿਆ ਕਿ ਇੱਕ ਹੋਰ ਅਧਿਕਾਰੀ ਦੇ ਸਿਰ ਵਿੱਚ ਵੀ ਸੱਟ ਲੱਗੀ ਹੈ।

ਪੁਲਿਸ ਅਧਿਕਾਰੀ ਨੇ ਦੱਸਿਆ ਕਿ ਹਮਲਾਵਰ ਦੀ ਉਮਰ 19 ਸਾਲ ਹੈ, ਜਸ਼ਨ ਦੌਰਾਨ ਉਸਨੇ ਇੱਕ ਅਧਿਕਾਰੀ ਨੂੰ ਆਪਣੇ ਵੱਲ ਆਉਣ ਦਾ ਇਸ਼ਾਰਾ ਕੀਤਾ ਅਤੇ ਜਿਵੇਂ ਹੀ ਉਹ ਉਸਦੇ ਨੇੜੇ ਆਇਆ ਉਸਨੇ ਚਾਕੂ ਨਾਲ ਉਸਦੇ ਸਿਰ ਵਿੱਚ ਵਾਰ ਕਰ ਦਿੱਤਾ। ਸ਼ੱਕੀ ਨੇ ਫਿਰ ਦੋ ਹੋਰ ਅਧਿਕਾਰੀਆਂ ਨੂੰ ਚਾਕੂ ਮਾਰ ਦਿੱਤਾ। ਜਿਵੇਂ ਹੀ ਹਮਲਾਵਰ ਨੇ ਕਿਸੇ ਨੂੰ ਹੋਰ ਸੱਟ ਮਾਰਨੀ ਚਾਹੀ, ਇੱਕ ਪੁਲਿਸ ਮੁਲਾਜ਼ਮ ਨੇ ਆਪਣੇ ਸਰਵਿਸ ਹਥਿਆਰ ਨਾਲ ਸ਼ੱਕੀ ਵਿਅਕਤੀ 'ਤੇ ਗੋਲੀ ਚਲਾ ਦਿੱਤੀ, ਜੋ ਉਸ ਦੇ ਮੋਢੇ 'ਤੇ ਲੱਗੀ। ਉਨ੍ਹਾਂ ਦੱਸਿਆ ਕਿ ਸ਼ੱਕੀ ਦਾ ਇਲਾਜ ਕੀਤਾ ਜਾ ਰਿਹਾ ਹੈ।

# ਲੋਗਨ ਐਵਨਿਊ ਵਿੱਚ ਚੱਲੀ ਗੋਲੀ, ਇੱਕ ਜ਼ਖ਼ਮੀ



ਓਨਟਾਰੀਓ, 5 ਜਨਵਰੀ (ਪੋਸਟ ਬਿਊਰੋ):ਬੀਤੇ ਦਿਨੀਂ ਲੋਗਨ ਐਵਨਿਊ ਤੇ ਫੈਨਵਿੱਕ ਐਵਨਿਊ ਇਲਾਕੇ ਵਿੱਚ ਸਵੇਰੇ 5:37 ਉੱਤੇ ਗੋਲੀਆਂ ਚੱਲਣ ਦੀ ਰਿਪੋਰਟ ਦੇ ਕੇ ਪੁਲਿਸ ਅਧਿਕਾਰੀਆਂ ਨੂੰ ਸੱਦਿਆ ਗਿਆ।

28 ਸਾਲਾ ਵਿਅਕਤੀ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ। ਉਸ ਦੇ ਜ਼ਖ਼ਮ ਜਾਨਲੇਵਾ ਨਹੀਂ ਦੱਸੇ ਜਾਂਦੇ। ਪੁਲਿਸ ਨੇ ਦੱਸਿਆ ਕਿ ਇਸ ਵਿਅਕਤੀ ਦੀ ਲੱਤ ਵਿੱਚ ਗੋਲੀ ਲੱਗੀ। ਅਜੇ ਤੱਕ ਕਿਸੇ ਮਸ਼ਕੂਕ ਸਬੰਧੀ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।

ਅਵਾਹੁ ਸਜਨਾ ਹਉਂ ਦੇਖਾਂ ਦਰਸ਼ਨ ਤੇਰਾ ਰਾਮ

GURU NANAK NISHKAM SEWA CENTRE

CANADA Regd.

ਹਮ ਚਾਕਰ ਗੋਬਿੰਦ ਕੇ ਠਾਕੁਰ ਮੇਰਾ ਭਾਰਾ

GURDWARA SAHIB

GURU NANAK NISHKAM SEWA CENTRE

NON-PROFIT ORGANIZATION

www.gurunanaknishkamsewa.org

12356 Mayfield and Bramalea Rd, Caledon

TAX & ACCOUNTING

TAX | HST REBATE | ADVISORY |

ACCOUNTING | INCORPORATION |

BUSINESS LOAN | PERSONAL TAX

Harcharan S. Grover

Chartered Accountant

ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ

Call for Professional Advice

905.247.0193

info@grovercpa.ca

GroVerCPA Professional Corporation



214-7895 Tranmere Drive, Mississauga ON L5S 1V9

# ਨਵੇਂ ਸਾਲ ਦੇ ਪਹਿਲੇ ਦਿਨ ਹੋਈ 41'ਵੀਂ ਸਲਾਨਾ 'ਹੇਅਰ ਆਫ਼ ਦ ਡੌਗ ਫ਼ਨ-ਰੱਨ' ਵਿੱਚ ਸੰਜੂ ਗੁਪਤਾ ਨੇ ਲਿਆ ਹਿੱਸਾ



ਬਰੈਂਪਟਨ, (ਡਾ. ਝੰਡ) -ਲੰਘੇ ਐਤਵਾਰ 1 ਜਨਵਰੀ 2023 ਨੂੰ ਨਵੇਂ ਸਾਲ ਦੇ ਪਹਿਲੇ ਦਿਨ ਓਨਟਾਰੀਓ ਲੇਕ ਦੀ ਬਾਲਮੀ ਬੀਚ 'ਤੇ ਹੋਈ 9 ਕਿਲੋਮੀਟਰ 'ਹੇਅਰ ਆਫ਼ ਦ ਡੌਗ ਫਨ-ਰੱਨ' ਵਿੱਚ ਸੰਜੂ ਗੁਪਤਾ ਨੇ ਆਪਣੇ ਦੇ ਦੋਸਤਾਂ ਸਮੇਤ ਸੈਂਕੜੇ ਦੌੜਾਕਾਂ ਨਾਲ ਹਿੱਸਾ ਲਿਆ। ਇਹ ਰੇਸ ਦੋ ਤਰ੍ਹਾਂ ਦੀ 3 ਕਿਲੋਮੀਟਰ ਅਤੇ 9 ਕਿਲੋਮੀਟਰ ਦੀ ਸੀ ਅਤੇ ਕਈਆਂ ਨੇ ਇਸ ਵਿੱਚ ਪਰਿਵਾਰਾਂ ਸਮੇਤ ਭਾਗ ਲਿਆ।

ਪਰਿਵਾਰਾਂ ਵਾਲੇ ਬਹੁਤੇ ਦੌੜਾਕ 3 ਕਿਲੋਮੀਟਰ ਦੌੜਨ ਵਾਲੇ ਸਨ ਜੋ ਕਿ ਬਾਅਦ ਦੁਪਹਿਰ 12.00 ਵਜੇ ਸ਼ੁਰੂ ਹੋਈ, ਜਦਕਿ 9 ਕਿਲੋਮੀਟਰ ਵਾਲੀ ਰੇਸ ਇਸ ਤੋਂ ਪਹਿਲਾਂ ਸਵੇਰੇ ਠੀਕ 11.30 ਵਜੇ ਆਰੰਭ ਹੋ ਗਈ। ਇਸ ਲੰਮੀ ਵਿਚ ਵਧੇਰੇ ਕਰਕੇ ਨੌਜੁਆਨ ਦੌੜਾਕ ਹੀ ਸ਼ਾਮਲ ਸਨ। 5 ਡਿਗਰੀ ਸੈਂਟੀਗਰੇਡ ਤਾਪਮਾਨ ਨਾਲ ਮੌਸਮ ਬੜਾ ਸੁਹਾਵਣਾ ਸੀ ਪਰ ਉਸ ਸਮੇਂ ਚੱਲ ਹਹੀ ਹਵਾ ਦੇ ਕਾਰਨ ਥੋੜ੍ਹੀ ਜਿਹੀ ਠੰਢ ਮਹਿਸੂਸ ਹੋ ਰਹੀ ਸੀ। ਐਪਰ ਦੌੜਾਕਾਂ ਨੂੰ ਏਨੀ ਕੁ ਠੰਢ ਦੀ ਕਿੱਥੇ ਪ੍ਰਵਾਹ ਹੁੰਦੀ ਹੈ ਅਤੇ ਉਹ ਤਾਂ ਸਗੋਂ ਇਸ ਨੂੰ ਮਾਣਦੇ ਹਨ। ਉਹ ਬੜੇ ਖ਼ੁਸ਼ ਅਤੇ ਉਤਸ਼ਾਹ ਭਰਪੂਰ ਨਜ਼ਰ ਆ ਰਹੇ ਸਨ, ਕਿਉਂਕਿ ਕਰੋਨਾ ਦੇ ਫ਼ੈਲ ਜਾਣ ਕਾਰਨ ਉਸ ਇਸ 'ਫ਼ੰਨ-ਰੱਨ' ਵਿੱਚ ਦੋ ਸਾਲ ਦੇ ਅਰਸੇ ਬਾਅਦ ਭਾਗ ਲੈ ਰਹੇ ਸਨ।

ਇਹ ਦੌੜ ਬਾਲਮੀ ਬੀਚ ਕੈਨੋਅ ਕਲੱਬ ਵੱਲੋਂ ਕਰਵਾਈ ਗਈ ਅਤੇ ਇਸ ਵਿੱਚ 100 ਦੇ ਲੱਗਭੱਗ ਲੋਕਾਂ ਨੇ ਹਿੱਸਾ ਲਿਆ। ਸੰਜੂ ਗਪਤਾ ਨੇ 9 ਕਿਲੋਮੀਟਰ ਦੌੜ ਵਿਚ ਭਾਗ ਲਿਆ ਅਤੇ ਉਸ ਨੇ ਇਹ ਦੌੜ 61 ਮਿੰਟਾਂ ਵਿੱਚ ਸਫ਼ਲਤਾ ਪੂਰਵਕ ਪੂਰੀ ਕੀਤੀ, ਜਦਕਿ ਉਸ ਦੇ ਨਾਲ ਦੌੜਨ ਵਾਲੇ ਉਸ ਦੇ ਦੋ ਗੋਰੇ ਦੋਸਤਾਂ ਪਿਅਰੇ ਮਿਹੋਕ ਅਤੇ ਲਾਰੈਂਸ ਕੁਇਨਲੈਨ ਨੇ ਇਸ ਦੌੜ ਦੇ ਲਈ ਕ੍ਰਮਵਾਰ 53 ਮਿੰਟ 26 ਸਕਿੰਟ ਅਤੇ 59 ਮਿੰਟ 50 ਸਕਿੰਟ ਦਾ ਸਮਾਂ ਲਿਆ। ਦੋਹਾਂ ਦੌੜਾਂ ਦੀ ਸਮਾਪਤੀ 'ਤੇ ਪ੍ਰਬੰਧਕਾਂ ਵੱਲੋਂ ਗਰਮ-ਗਰਮ ਸਵਾਦਲੇ ਅਤੇ ਪੌਸ਼ਟਿਕ ਭੋਜਨ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ। ਸਾਰਿਆਂ ਨੇ ਇਸ ਦਾ ਭਰਪੂਰ ਅਨੰਦ ਮਾਣਿਆ।

# ਨਵੇਂ ਸਾਲ ਦੀ ਆਮਦ ਦੀ ਖ਼ੁਸ਼ੀ ਵਿੱਚ ਸ੍ਰੀ ਗੁਰੂ ਸਿੰਘ ਸਭਾ ਕੈਂਬਰਿੱਜ ਵਿਖੇ ਸਮਾਗਮ ਕਰਵਾਇਆ







ਨਵੇਂ ਵਰ੍ਹੇ ਦੀ ਆਮਦ ਦੀ ਖ਼ੁਸ਼ੀ ਵਿੱਚ ਸ੍ਰੀ ਗੁਰੂ ਸਿੰਘ ਸਭਾ ਕੈਂਬਰਿੱਜ ਗੁਰਦੁਆਰਾ ਸਾਹਿਬ ਵਿਖੇ ਵਿਸ਼ੇਸ਼ ਸਮਾਗਮ ਉਲੀਕੇ ਗਏ ਸਨ। ਇਸ ਮੌਕੇ ਬਹੁਤ ਭਾਰੀ ਗਿਣਤੀ ਵਿੱਚ ਸੰਗਤਾਂ ਗੁਰਦੁਆਰਾ ਸਾਹਿਬ ਪਹੁੰਚਕੇ ਨੱਤਮਸਤਕ ਹੋਈਆਂ ਅਤੇ ਗੁਰੂ ਮਹਾਰਾਜ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਸਾਰਾ ਦਿਨ ਕਥਾ, ਕੀਰਤਨ ਦੇ ਪ੍ਰਵਾਹ ਚਲਦੇ ਰਹੇ। ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤਾਂ ਦਾ ਬਹੁਤ ਧੰਨਵਾਦ ਕੀਤਾ ਗਿਆ।

# ਨਵੇਂ ਸਾਲ ਮੌਕੇ ਟੀ.ਪੀ.ਏ.ਆਰ. ਕਲੱਬ ਨੇ ਆਪਣੇ ਸਾਥੀਆਂ ਗੈਰੀ ਗਰੇਵਾਲ ਤੇ ਕੁਲਵੰਤ ਧਾਲੀਵਾਲ ਦਾ ਜਨਮਦਿਨ ਮਨਾਇਆ







ਬਰੈਂਪਟਨ, (ਡਾ. ਝੰਡ) - ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ, ਬਰੈਂਪਟਨ ਵੱਲੋਂ ਲੰਘੇ ਸ਼ੁਕਰਵਾਰ 30 ਦਸੰਬਰ ਨੂੰ 'ਹਾਈਲੈਂਡ ਆਟੋ ਰਿਪੇਅਰ ਸੈਂਟਰ' ਵਿਖੇ ਨਵੇਂ ਸਾਲ ਨੂੰ 'ਜੀ ਆਇਆਂ' ਆਖਣ ਲਈ ਆਯੋਜਿਤ ਕੀਤੇ ਗਏ ਡਿਨਰ ਸਮਾਗ਼ਮ ਵਿੱਚ ਆਪਣੇ ਸਾਥੀਆਂ ਗੁਰਬਚਨ ਸਿੰਘ (ਗੈਰੀ) ਗਰੇਵਾਲ ਅਤੇ ਕੁਲਵੰਤ ਸਿੰਘ ਦਾ ਜਨਮ-ਦਿਨ ਮਨਾਇਆ ਗਿਆ। ਕਲੱਬ ਦੇ ਕਰੀਬ 50 ਮੈਂਬਰਾਂ ਵੱਲੋਂ ਇਸ ਵਿੱਚ ਬੜੇ ਉਤਸ਼ਾਹ ਨਾਲ ਭਾਗ ਲਿਆ ਗਿਆ। ਇਸ ਮੌਕੇ ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਟਨ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ, ਜੀ.ਟੀ.ਐੱਮ. ਦੇ ਸੰਚਾਲਕ ਬਲਜਿੰਦਰ ਸਿੰਘ ਲੇਲਣਾ ਤੇ ਸੁਭਾਸ਼ ਸ਼ਰਮਾ, ਇੰਜੀ. ਈਸ਼ਰ ਸਿੰਘ, ਡਾ. ਸੁਖਦੇਵ ਸਿੰਘ ਝੰਡ, ਉੱਘੇ ਸਮਾਜ-ਸੇਵੀ ਭਜਨ ਸਿੰਘ ਥਿੰਦ ਤੇ ਹੋਰ ਪਤਵੰਤੇ ਹਾਜ਼ਰ ਸਨ।

ਇਹ ਡਿਨਰ ਸਮਾਗ਼ਮ ਸ਼ਾਮ ਦੇ ਸੱਤ ਕੁ ਵਜੇ 'ਹਾਈਲੈਂਡ ਆਟੋ ਰਿਪੇਅਰ ਸੈਂਟਰ' ਦੇ ਕੈਪਸ ਵਿਚ ਆਰੰਭ ਹੋਇਆ ਜਦੋਂ ਕਲੱਬ ਦੇ ਮੈਂਬਰਾਂ ਤੇ ਮਹਿਮਾਨਾਂ ਦੀ ਆਮਦ ਨਾਲ ਉੱਥੇ ਵਾਹਵਾ ਰੌਣਕ ਹੋ ਗਈ। ਕਲੱਬ ਦੇ ਮੈਂਬਰਾਂ ਵੱਲੋਂ ਖਾਣ-ਪੀਣ ਦੇ ਸਮਾਨ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ। ਇਸ ਦੀ ਖ਼ੂਬਸੂਰਤੀ ਇਹ ਸੀ ਕਿ ਇਹ ਸਾਰਾ ਹੀ ਖਾਣਾ ਪੌਸ਼ਟਿਕ ਸੀ ਅਤੇ ਇਹ ਕਲੱਬ ਦੇ ਮੈਂਬਰਾਂ ਵੱਲੋਂ ਘਰਾਂ ਵਿੱਚ ਜਾਂ ਫਿਰ ਮੌਕੇ 'ਤੇ ਤਿਆਰ ਕੀਤਾ ਗਿਆ। ਮਹਿਮਾਨਾਂ ਤੇ ਮੈਂਬਰਾਂ ਦੇ ਆਉਣ 'ਤੇ ਸਨੈਕਸ ਤੇ ਹੋਰ ਖਾਣ-ਪੀਣ ਅਤੇ ਗੱਪ-ਸ਼ੱਪ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇਸ ਦੇ ਨਾਲ਼ ਨਾਲ਼ ਸਾਲ 2022 ਦੌਰਾਨ ਹੋਈਆਂ ਚੰਗੀਆਂ-ਮਾੜੀਆਂ ਘਟਨਾਵਾਂ ਦਾ ਵਿਸ਼ਲੇਸ਼ਣ ਵੀ ਬਾਖ਼ੂਬੀ ਚੱਲਦਾ ਰਿਹਾ ਜਿਸ ਵਿੱਚ ਹਰੇਕ ਨੇ ਖੁੱਲ੍ਹ ਕੇ ਹਿੱਸਾ ਲਿਆ। ਵਿਚ-ਵਿਚਾਲੇ ਚੁਟਕਲੇ ਅਤੇ ਹਲਕੀਆਂ-ਫੁਲਕੀਆਂ ਗੱਲਾਂ ਵੀ ਚੱਲਦੀਆਂ ਰਹੀਆਂ।

ਇਸ ਪ੍ਰੋਗਰਾਮ ਦੌਰਾਨ ਕਲੱਬ ਦੇ ਸੱਭ ਤੋਂ ਸੀਨੀਅਰ ਮੈਂਬਰ ਇੰਜੀ. ਈਸ਼ਰ ਸਿੰਘ ਨੇ ਨਵੇਂ ਸਾਲ ਨੂੰ 'ਜੀ-ਆਇਆਂ' ਕਹਿੰਦਾ ਹੋਇਆ ਕਲੱਬ ਦੇ ਸਮੂਹ-ਮੈਂਬਰਾਂ ਨੂੰ ਸੰਬੋਧਿਤ ਖ਼ੂਬਸੂਰਤ ਸੰਦੇਸ਼ ਪੜ੍ਹ ਕੇ ਸੁਣਾਇਆ ਜਿਸ ਵਿਚ ਸਦੀਆਂ ਤੋਂ ਚੱਲੀ ਆ ਰਹੀ ਸੁਚੱਜੀ ਪੰਜਾਬੀ-ਪਰੰਪਰਾ ਅਤੇ ਅਮੀਰ ਸੱਭਿਆਚਾਰ ਦੀ ਵਿਸਮਾਦੀ ਝਲਕ ਵਿਖਾਈ ਦੇ ਰਹੀ ਸੀ। ਇਸ ਦੇ ਨਾਲ ਹੀ ਉਨ੍ਹਾਂ ਮਨੁੱਖ ਨੂੰ ਅਗਲੇ ਜਨਮ ਦੀ ਚਿੰਤਾ ਨਾ ਕਰਦਿਆਂ ਹੋਇਆਂ ਏਸੇ ਜਨਮ ਦੇ ਵਰਤਮਾਨ ਸਮੇਂ ਨੂੰ ਬੇਹਤਰ ਬਨਾਉਣ ਲਈ ਪ੍ਰੇਰਨਾ ਕਰਦੀ ਹੋਈ ਸ਼੍ਰੋਮਣੀ-ਢਾਡੀ ਸੋਹਣ ਸਿੰਘ 'ਸੀਤਲ' ਹੁਰਾਂ ਦੀ ਇੱਕ ਖ਼ੂਬਸੂਰਤ ਕਵਿਤਾ 'ਵਾਰ' ਦੇ ਰੂਪ ਵਿੱਚ ਤਰੰਨਮ 'ਚ ਪੇਸ਼ ਕੀਤੀ। ਇਸ ਲੜੀ ਨੂੰ ਅੱਗੇ ਤੋਰਦਿਆਂ ਡਾ. ਸੁਖਦੇਵ ਸਿੰਘ ਝੰਡ ਨੇ ਨਵੇਂ ਸਾਲ ਦੇ ਸੁਆਗ਼ਤ ਵਿਚ ਆਪਣੀ ਵਿਅੰਗਮਈ ਕਵਿਤਾ 'ਸਾਡਾ ਕਾਹਦਾ ਨਵਾਂ-ਸਾਲ, ਸਾਡੇ ਲਈ ਤਾਂ ਓਹੀ ਜੰਜਾਲ' ਸੁਣਾਈ ਅਤੇ ਨਾਲ ਹੀ ਸ਼੍ਰੋਮਣੀ-ਕਵੀ ਸੁਰਜੀਤ ਪਾਤਰ ਦੀ ਗ਼ਜ਼ਲ 'ਇਸ ਤਰ੍ਹਾਂ ਹੈ ਜਿਸ ਤਰ੍ਹਾਂ, ਦਿਨ-ਰਾਤ ਵਿਚਲਾ ਫ਼ਾਸਲਾ' ਤਰੰਨਮ ਵਿਚ ਪੇਸ਼ ਕੀਤੀ ਜਿਸ ਦੀ ਸਾਰਿਆਂ ਵੱਲੋਂ ਖ਼ੂਬ ਸਰਾਹਨਾ ਹੋਈ।

ਖਾਣੇ ਦੇ ਉਪਰੰਤ ਗੈਰੀ ਗਰੇਵਾਲ ਅਤੇ ਕੁਲਵੰਤ ਧਾਲੀਵਾਲ ਦਾ ਜਨਮ-ਦਿਨ ਕਲੱਬ ਵੱਲੋਂ ਸਾਂਝੇ ਤੌਰ 'ਤੇ ਮਨਾਉਂਦਿਆਂ ਹੋਇਆਂ ਉਨ੍ਹਾਂ ਵੱਲੋਂ ਕੇਕ ਕੱਟਿਆ ਗਿਆ ਅਤੇ ਕਲੱਬ ਦੇ ਕਈ ਸੀਨੀਅਰ ਮੈਂਬਰਾਂ ਵੱਲੋਂ ਉਨ੍ਹਾਂ ਦੋਹਾਂ ਦਾ ਮੂੰਹ ਮਿੱਠਾ ਕਰਵਾਇਆ ਗਿਆ। ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਦੇ ਪ੍ਰਧਾਨ ਜੰਗੀਰ ਸਿੰਘ ਸੈਂਹਬੀ ਨੇ ਕਲੱਬ ਦੇ ਸਮੂਹ-ਮੈਂਬਰਾਂ ਵੱਲੋਂ ਦੋਹਾਂ ਨੂੰ ਹਾਰਦਿਕ-ਮੁਬਾਰਕਬਾਦ ਪੇਸ਼ ਕੀਤੀ ਅਤੇ ਹਮੇਸ਼ਾ 'ਚੜ੍ਹਦੀ-ਕਲਾ' 'ਚ ਰਹਿਣ ਦੀਆਂ ਸ਼ੁਭ-ਇੱਛਾਵਾਂ ਦਿੱਤੀਆਂ। ਕਲੱਬ ਦੇ ਹੋਰ ਮੈਂਬਰਾਂ ਵੱਲੋਂ ਵੀ ਇਸ ਮੌਕੇ ਆਪਣੇ ਤੌਰ 'ਤੇ ਸ਼ੁਭ-ਇੱਛਾਵਾਂ ਪੇਸ਼ ਕੀਤੀਆਂ ਗਈਆਂ। ਅਖ਼ੀਰ ਵਿਚ ਕਲੱਬ ਦੇ ਚੇਸਰਪਰਸਨ ਸੰਧੂਰਾ ਸਿੰਘ ਬਰਾੜ ਅਤੇ ਸਕੱਤਰ ਡਾ. ਜੈ ਪਾਲ ਸਿੱਧੂ ਵੱਲੋਂ ਆਏ ਸਮੂਹ-ਮੈਂਬਰਾਂ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਤਰ੍ਹਾਂ ਨਵੇਂ ਸਾਲ ਦੀ ਖ਼ੁਸ਼ਮਈ ਆਮਦ ਅਤੇ ਦੋ ਸਾਥੀਆਂ ਦੇ ਜਨਮ-ਦਿਨ ਦੀ ਖ਼ੁਸ਼ੀ ਨਾਲ ਭਰਪੂਰ ਇਹ ਸਮਾਗ਼ਮ ਕਲੱਬ ਦੇ ਸਾਰੇ ਮੈਂਬਰਾਂ ਲਈ ਯਾਦਗਾਰੀ ਬਣ ਗਿਆ।

# ਮਾਨ ਸਰਕਾਰ ਸੂਬੇ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ, ਸਾਫ ਸੁਥਰਾ ਅਤੇ ਪ੍ਰਦੂਸ਼ਣ ਰਹਿਤ ਵਾਤਾਵਰਣ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨਸ਼ੀਲ : ਡਾ ਨਿੱਜਰ

## ਡਾ. ਨਿੱਜਰ ਨੇ ਸਥਾਨਕ ਸਰਕਾਰਾਂ ਵਿਭਾਗ ਦੇ ਵੱਖ-ਵੱਖ ਮਾਮਲਿਆਂ ਦਾ ਕੀਤਾ ਰੀਵਿਊ

ਚੰਡੀਗੜ੍ਹ, 5 ਜਨਵਰੀ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ, ਸਾਫ-ਸੁਥਰਾ ਅਤੇ ਪ੍ਰਦੂਸ਼ਣ ਰਹਿਤ ਵਾਤਾਵਰਣ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨਸ਼ੀਲ ਹੈ। ਇਹ ਪ੍ਰਗਟਾਵਾ ਕਰਦਿਆਂ ਸਥਾਨਕ ਸਰਕਾਰਾਂ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ ਨੇ ਦੱਸਿਆ ਕਿ ਸੂਬਾ ਸਰਕਾਰ ਲੋਕ ਹਿੱਤ 'ਚ ਫੈਸਲੇ ਲੈ ਰਹੀ ਹੈ।

ਸਥਾਨਕ ਸਰਕਾਰਾਂ ਮੰਤਰੀ ਨੇ ਵਿਭਾਗ ਨਾਲ ਸਬੰਧਤ ਪੰਜਾਬ ਦੇ ਵੱਖ-ਵੱਖ ਮੁੱਦਿਆਂ ਸਬੰਧੀ ਰੀਵਿਊ ਮੀਟਿੰਗ ਅੱਜ ਮਿਉਂਸੀਪਲ ਭਵਨ ਸੈਕਟਰ-35 ਚੰਡੀਗੜ੍ਹ ਵਿਖੇ ਕੀਤੀ।

ਡਾ. ਨਿੱਜਰ ਨੇ ਇਸ ਦੌਰਾਨ ਬਿਲਡਿੰਗ ਪਲਾਨ, ਐਨ.ਓ.ਸੀ, ਅਤੇ ਸੀ ਐਲ.ਯੂ. ਦੇ ਕੇਸਾਂ ਦੀ ਪੈਂਡੈਂਸੀ ਨੂੰ ਰੀਵਿਊ ਕੀਤਾ ਗਿਆ ਅਤੇ ਅਧਿਕਾਰੀਆਂ ਨੂੰ ਪੈਂਡਿੰਗ ਪਏ ਕੇਸਾਂ ਦਾ ਤੁਰੰਤ ਨਿਪਟਾਰਾ ਕਰਨ ਦੇ ਆਦੇਸ਼ ਦਿੱਤੇ ਗਏ ਤਾਂ ਜੋ ਸੂਬੇ ਦੇ ਲੋਕਾਂ ਨੂੰ



ਬਿਹਤਰ ਸਹੂਲਤਾਂ ਮੁਹੱਈਆ ਕਰਵਾਈ ਜਾ ਸਕੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸ਼ਹਿਰੀ ਖੇਤਰਾਂ ਵਿੱਚ ਹੋ ਰਹੀਆਂ ਗੈਰ-ਕਾਨੂੰਨੀ ਉਸਾਰੀਆਂ ਚਿੰਤਾਂ ਦਾ ਵਿਸ਼ਾ ਹੈ। ਇਸ ਲਈ ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਗੈਰ-ਕਾਨੂੰਨੀ ਉਸਾਰੀਆਂ ਵਿਰੁੱਧ ਤੁਰੰਤ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ।

ਕੈਬਨਿਟ ਮੰਤਰੀ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸੜਕਾਂ, ਪਾਰਕਾਂ, ਗਰਿੱਲਾਂ, ਸਟਰੀਟ ਲਾਈਟਾਂ ਦਾ ਰੱਖ-ਰਖਾਵ/ਰਿਪੇਅਰ ਪਹਿਲ ਦੇ ਅਧਾਰ ਤੇ ਕਰਵਾਇਆ ਜਾਣਾ ਯਕੀਨੀ ਬਣਾਇਆ ਜਾਵੇ। ਇਸ ਤੋ ਇਲਾਵਾ ਸ਼ਹਿਰ ਦੀ ਸਾਫ ਸਫਾਈ, ਪਬਲਿਕ ਪਲੇਸਜ ਅਤੇ ਪਬਲਿਕ ਟੁਆਇਲਟਸ ਨੂੰ ਸਾਫ ਸੁਥਰਾ ਰੱਖਣ ਅਤੇ ਸੜਕਾਂ ਦੁਆਲੇ ਲਟਕਦੀਆਂ ਗੈਰ-ਕਾਨੂੰਨੀ ਤਾਰਾ ਨੂੰ ਹਟਾਉਣ ਸਬੰਧੀ ਪਹਿਲ ਦੇ ਅਧਾਰ ਤੇ ਕਾਰਵਾਈ ਕਰਨ ਲਈ ਆਦੇਸ਼ ਦਿੱਤੇ। ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦਾ ਮੁੱਖ ਉਦੇਸ਼ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਅਤੇ ਭ੍ਰਿਸਟਾਚਾਰ ਮੁਕਤ ਪ੍ਰਸ਼ਾਸਨ ਮੁਹੱਈਆ ਕਰਵਾਉਣਾ ਹੈ। ਇੰਸ ਲਈ ਉਨ੍ਹਾਂ ਨੇ ਕਮਿਸਨਰ, ਨਗਰ ਨਿਗਮਾਂ ਅਤੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨੂੰ ਲੋਕਾਂ ਦੀਆਂ ਸਮੱਸਿਆਵਾਂ ਸੁਨਣ ਲਈ ਕੈਂਪ ਲਗਾਉਣ ਅਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਮੌਕੇ ਤੇ ਨਿਪਟਾਰਾ ਕਰਨ ਦੇ ਵੀ ਆਦੇਸ਼ ਦਿੱਤੇ।

ਇਸ ਮੌਕੇ ਮੀਟਿੰਗ ਵਿੱਚ ਪ੍ਰਮੁੱਖ ਸਕੱਤਰ ਸਥਾਨਕ ਸਰਕਾਰ, ਡਾਇਰੈਕਟਰ ਸਥਾਨਕ ਸਰਕਾਰ, ਸਮੂਹ ਕਮਿਸਨਰ ਨਗਰ ਨਿਗਮਾਂ ਅਤੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਅਤੇ ਸਥਾਨਕ ਸਰਕਾਰ ਵਿਭਾਗ ਦੇ ਹੋਰ ਉੱਚ ਅਧਿਕਾਰੀ ਸ਼ਾਮਲ ਸਨ।

# ਪਤਨੀ ਦੇ ਤਲਾਕ ਮੰਗਣ ਕਾਰਨ ਪਤੀ ਨੇ ਸੱਸ ਸਮੇਤ ਆਪਣੇ ਪਰਿਵਾਰ ਨੂੰ ਕੀਤਾ ਖ਼ਤਮ

ਇਨੋਕ, ਯੂਟਾਹ, 5 ਜਨਵਰੀ (ਪੋਸਟ ਬਿਊਰੋ) : ਪਤਨੀ ਵੱਲੋਂ ਤਲਾਕ ਫਾਈਲ ਕਰਨ ਤੋਂ ਦੋ ਹਫਤੇ ਬਾਅਦ ਯੂਟਾਹ ਦੇ ਵਿਅਕਤੀ ਨੇ ਪਹਿਲਾਂ ਆਪਣੇ ਪੰਜ ਬੱਚਿਆਂ, ਆਪਣੀ ਸੱਸ ਤੇ ਪਤਨੀ ਨੂੰ ਗੋਲੀ ਮਾਰ ਕੇ ਮੌਤ ਦੇ ਘਾਟ ਉਤਾਰਿਆ ਤੇ ਫਿਰ ਖੁਦਕੁਸ਼ੀ ਕਰ ਲਈ। ਇਹ ਜਾਣਕਾਰੀ ਅਧਿਕਾਰੀਆਂ ਤੇ ਪਬਲਿਕ ਰਿਕਾਰਡਸ ਅਨੁਸਾਰ ਦਿੱਤੀ ਗਈ।

ਵੀਰਵਾਰ ਨੂੰ ਕੀਤੀ ਗਈ ਨਿਊਜ਼ ਕਾਨਫਰੰਸ ਵਿੱਚ ਪੁਲਿਸ ਨੇ ਦੱਸਿਆ ਕਿ ਅਧਿਕਾਰੀਆਂ ਵੱਲੋਂ ਕੀਤੀ ਗਈ ਜਾਂਚ ਪੜਤਾਲ ਤੋਂ ਸਾਹਮਣੇ ਆਇਆ ਕਿ ਇਸ 42 ਸਾਲਾ ਵਿਅਕਤੀ ਮਾਈਕਲ ਹੇਟ ਦੀ ਆਪਣੇ ਪਰਿਵਾਰ ਨਾਲ ਬਣ ਨਹੀਂ ਸੀ ਰਹੀ ਤੇ ਕੁੱਝ ਸਾਲ ਪਹਿਲਾਂ ਤੋਂ ਘਰ ਵਿੱਚ ਕਈ ਤਰ੍ਹਾਂ ਦੀਆਂ ਦਿੱਕਤਾਂ ਚੱਲ ਰਹੀਆਂ ਸਨ। ਪਰ ਇਸ ਬਾਰੇ ਇਨੋਕ ਪੁਲਿਸ ਚੀਫ ਜੈਕਸਨ ਏਮਜ਼ ਨੇ ਬਹੁਤੇ ਵੇਰਵੇ ਨਹੀਂ ਦਿੱਤੇ।

ਇਸ ਦੌਰਾਨ ਮੇਅਰ ਜੈਫਰੀ ਚੈਸਟਨਟ ਨੇ ਆਖਿਆ ਕਿ ਜਾਂਚਕਾਰ ਤਲਾਕ ਦੀ ਪਟੀਸ਼ਨ ਬਾਰੇ ਤਾਂ ਜਾਣਦੇ ਸਨ ਪਰ ਅਜੇ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਨ੍ਹਾਂ ਕਤਲਾਂ ਦੀ ਵਜ੍ਹਾ ਵੀ ਇਹੀ ਪਟੀਸ਼ਨ ਸੀ। ਅਦਾਲਤ ਦੇ ਰਿਕਾਰਡ ਮੁਤਾਬਕ 21 ਦਸੰਬਰ ਨੂੰ 40 ਸਾਲਾ ਤੌਸ਼ਾ ਹੇਟ ਨੇ ਤਲਾਕ ਲਈ ਪਟੀਸ਼ਨ ਫਾਈਲ ਕੀਤੀ। ਉਸ ਦੇ ਵਕੀਲ ਨੇ ਦੱਸਿਆ ਕਿ ਮਾਈਕਲ ਹੇਟ ਨੂੰ 27 ਦਸੰਬਰ ਨੂੰ ਇਸ ਪਟੀਸ਼ਨ ਬਾਰੇ ਪਤਾ ਲੱਗਿਆ। ਤਲਾਕ ਦੇ ਕਾਰਨਾਂ ਦਾ ਵੀ ਪਤਾ ਨਹੀਂ ਲੱਗ ਸਕਿਆ ਹੈ।






# ਦੇਸ਼ ਦੇ ਹਾਲਾਤ ਜੋ ਵੀ ਹੋਣ, ਵਿਸ਼ਵ-ਗੁਰੂ ਬਣਨ ਤੁਰੇ ਭਾਰਤ ਦੇ ਲੋਕਾਂ ਨੂੰ ਨਵਾਂ ਸਾਲ ਮੁਬਾਰਕ

ਜਤਿੰਦਰ ਪਨੂੰ ਦੀ ਕਲਮ ਤੋਂ



ਇੱਕੀਵੀਂ ਸਦੀ ਦਾ ਤੇਈਵਾਂ ਸਾਲ ਸਾਡੀ ਬਾਂਹ ਫੜ ਕੇ ਤੁਰ ਪਿਆ ਹੈ। ਬਹੁਤ ਸਾਰੇ ਲੋਕ ਕਈ ਦਿਨ ਪਹਿਲਾਂ ਤੋਂ ਇਸ ਦੀ ਉਡੀਕ ਅਤੇ ਇਸ ਦੇ ਸਵਾਗਤ ਲਈ ਪੱਬਾਂ ਭਾਰ ਹੋਏ ਸਨ। ਉਨ੍ਹਾਂ ਵਰਗਿਆਂ ਦੀ ਇਹ ਤੀਬਰਤਾ ਪਹਿਲਾਂ ਕਈ ਵਾਰੀ ਵੇਖੀ ਹੋਈ ਹੈ ਅਤੇ ਜਦੋਂ ਤੱਕ ਜਿੰਦਾ ਰਹੇ, ਏਸੇ ਤਰ੍ਹਾਂ ਵੇਖਦੇ ਰਹਾਂਗੇ। ਸਾਨੂੰ ਇਸ ਤੀਬਰਤਾਬਾਰੇ ਇੱਕ ਪੁਰਾਣੀ ਘਟਨਾ ਯਾਦ ਆਉਂਦੀ ਹੈ। ਓਦੋਂ ਰਾਜੀਵ ਗਾਂਧੀ ਭਾਰਤ ਦਾ ਪ੍ਰਧਾਨ ਮੰਤਰੀ ਹੁੰਦਾ ਸੀ ਤੇ ਉਹ ਰਾਤ-ਦਿਨ ਇੱਕੋ ਰੱਟ ਲਾ ਰੱਖਦਾ ਸੀ ਕਿ ਇੱਕੀਵੀਂ ਸਦੀ ਆਉਣ ਵਾਲੀ ਹੈ। ਅਸੀਂ ਓਦੋਂ ਲਿਖਿਆ ਸੀ ਕਿ ਰਾਜੀਵ ਗਾਂਧੀ ਆਖੇ ਜਾਂ ਨਾ ਆਖੇ, ਕੋਈ ਫਰਕ ਨਹੀਂ ਪੈਣਾ, ਇੱਕੀਵੀਂ ਸਦੀ ਨੇ ਤਾਂ ਕੈਲੰਡਰ ਦੇ ਹਿਸਾਬ ਨਾਲ ਹੀ ਆਉਣਾ ਹੈ। ਜਦੋਂ ਇੱਕੀਵੀਂ ਸਦੀ ਆਈ, ਓਦੋਂ ਤੱਕ ਰਾਜੀਵ ਗਾਂਧੀ ਨੂੰ ਸੰਸਾਰ ਵਿੱਚੋਂਗਿਆਂ ਸਾਢੇ ਨੌਂ ਸਾਲ ਹੋ ਚੁੱਕੇ ਸਨ। ਇਹ ਦੱਸ ਸਕਣ ਦੇ ਸਮਰੱਥ ਕੋਈ ਵਿਅਕਤੀ ਸਾਨੂੰ ਨਹੀਂ ਲੱਭਦਾ ਕਿ ਭਲਕ ਨੂੰ ਜਾਂ ਹੋਰ ਕੁਝ ਘੰਟਿਆਂ ਜਾਂ ਪਲਾਂ ਨੂੰ ਕੀ ਵਾਪਰ ਸਕਦਾ ਹੈ, ਇਸ ਦੇ ਬਾਵਜੂਦ ਬਹੁਤ ਕਾਹਲੇ ਲੋਕ ਏਦਾਂ ਦੇ ਅੰਦਾਜ਼ੇ ਲਾਉਣ ਤੇ ਹੋਰ ਲੋਕਾਂ ਨੂੰ ਦੱਸਣ ਲੱਗੇ ਰਹਿੰਦੇ ਹਨ। ਫਿਰ ਵੀ ਆਸ ਨਾਲ ਜਹਾਨ ਕਾਇਮ ਦੇ ਪੁਰਾਣੇ ਮੁਹਾਵਰੇ ਵਾਂਗ ਜਦ ਤੱਕ ਜਿੰਦਾ ਰਹਿਣਾ ਹੈ, ਆਸ ਵੀ ਰਹਿਣੀ ਹੈ ਤੇ ਕਿਆਫੇ ਵੀ ਲੱਗਦੇ ਰਹਿਣਗੇ।

ਪਿਛਲਿਆਂ ਸਾਲਾਂ ਵਿੱਚ ਜੋ ਕੁਝ ਵਾਪਰਦਾ ਰਿਹਾ ਹੈ, ਬਾਅਦ ਵਿੱਚ ਭਾਵੇਂ ਬਹੁਤ ਸਾਰੇ ਸੱਜਣ ਇਹ ਕਹਿਣ ਵਾਲੇ ਮਿਲ ਜਾਂਦੇ ਰਹੇ ਸਨ ਕਿ ਸਾਨੂੰ ਪਤਾ ਸੀ ਕਿ ਇਹੋ ਹੋਵ-ੇਗਾ, ਪਰ ਕੁਝ ਖਾਸ ਮੌਕੇ ਹੀ ਹੁੰਦੇ ਹਨ, ਜਦੋਂ ਏਦਾਂ ਦੀ ਸੰਭਾਵਨਾ ਹੁੰਦੀ ਹੈ ਕਿ ਅੰਦਾਜ਼ਾ ਸਹੀ ਨਿਕਲੇ, ਬਹੁਤੀ ਵਾਰੀ ਅੰਦਾਜ਼ੇ ਤੇ ਸੁਫਨੇ ਸਹੀ ਨਹੀਂ ਨਿਕਲਦੇ ਹੁੰਦੇ। ਰਾਜਸੀ ਆਗੂ ਆਪਣੇ ਪੈਰੋਕਾਰਾਂ ਨੂੰ ਸੁਫਨੇ ਵਿਖਾਉਂਦੇ ਹਨ ਅਤੇ ਪੈਰੋਕਾਰ ਅੱਗੇ ਪ੍ਰਚਾਰਦੇ ਹਨ ਅਤੇ ਕਈ ਵਾਰੀ ਇਹੋ ਜਿਹੇ ਸੁਫਨੇ ਪ੍ਰਚਾਰਦੇ ਹਨ, ਜਿਹੜੇ ਅਸਮਾਨ ਵਿੱਚੋਂ ਚੰਦ-ਤਾਰੇ ਤੋੜ ਲਿਆਉਣ ਵਰਗੇ ਹੁੰਦੇ ਹਨ। ਕਿਸੇ ਇੱਕ ਪਾਰਟੀ ਜਾਂ ਧਿਰ ਦੀ ਗੱਲ ਨਹੀਂ ਕਰਨੀ ਚਾਹੀਦੀ, ਏਥੇ ਸਾਰੀਆਂ ਰਾਜ ਕਰਦੀਆਂ, ਰਾਜ ਕਰ ਚੁੱਕੀਆਂ ਜਾਂ ਰਾਜ ਕਰਨ ਲਈ ਤਾਂਘਦੀਆਂ ਧਿਰਾਂ ਦਾ ਇੱਕੋ ਹਾਲ ਹੈ ਕਿ ਸੁਫਨੇ ਵਿਖਾਈ ਜਾਉ, ਅਮਲ ਵਿੱਚ ਕੁਝ ਕਰਨ ਦੀ ਚਿੰਤਾ ਹੀ ਨਾ ਕਰੋ। ਇਸ ਦੀ ਚਰਚਾ ਚੱਲਦੀ ਹੈ ਤਾਂ ਜੋ ਸੁਣਨ ਨੂੰ ਮਿਲਦਾ ਹੈ, ਉਹ ਅਸੀਂ ਪਿਛਲੇ ਦਿਨੀਂ ਇੱਕ ਮੀਡੀਆ ਚੈਨਲ ਦੀ ਬਹਿਸ ਵਿੱਚ ਵੇਖਿਆ ਹੈ। ਕੇਂਦਰ ਵਿੱਚ ਰਾਜ ਕਰਦੀ ਭਾਰਤੀ ਜਨਤਾ ਪਾਰਟੀ ਦੇ ਇੱਕ ਆਗੂ ਨੇ ਪੰਜਾਬ ਵਿੱਚ ਰਾਜ ਕਰਦੀ ਆਮ ਆਦਮੀ ਪਾਰਟੀ ਦੇ ਆਗੂ ਨੂੰ ਵੰਗਾਰ ਕੇ ਕਿਹਾ ਕਿ ਤੁਹਾਡੀ ਪਾਰਟੀ ਨੇ ਹਰ ਘਰੇਲੂ ਔਰਤ ਨੂੰ ਇੱਕ-ਇੱਕ ਹਜ਼ਾਰ ਰੁਪਏ ਮਹੀਨਾ ਭੇਜਣ ਦੀ ਗੱਲ ਕਹੀ ਸੀ ਤੇ ਉਹ ਅੱਜ ਤੱਕ ਭੇਜੇ ਨਹੀਂ ਗਏ, ਇਸ ਦਾ ਤੁਹਾਡੇ ਕੋਲ ਕੋਈ ਜਵਾਬ ਨਹੀਂ ਹੈ। ਅਗਲੇ ਨੇ ਹੱਸ ਕੇ ਕਿਹਾ, ਕੌਣ ਕਹਿੰਦਾਹੈ ਕਿ ਜਵਾਬ ਕੋਈ ਨਹੀਂ, ਅੱਠ ਸਾਲ ਪਹਿਲਾਂ ਤੁਹਾਡੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਰ ਪਰਵਾਰ ਨੂੰ ਪੰਦਰਾਂ ਲੱਖ ਰੁਪਏ ਭੇਜਣ ਦਾ ਵਾਅਦਾ ਕੀਤਾ ਸੀ, ਅਸੀਂ ਉਨ੍ਹਾਂ ਦਾ ਰਸਤਾ ਨਹੀਂ ਕੱਟਣਾ ਚਾਹੁੰਦੇ, ਪਹਿਲਾਂ ਲੋਕਾਂ ਕੋਲ ਉਹ ਪੰਦਰਾਂ-ਪੰਦਰਾਂ ਲੱਖ ਚਲੇ ਜਾਣ ਦਿਉ, ਫਿਰ ਅਸੀਂ ਵੀ ਇੱਕ-ਇੱਕ ਹਜ਼ਾਰ ਭੇਜ ਦਿਆਂਗੇ। ਭਾਜਪਾ ਆਗੂ ਵਾਲਾ ਸਵਾਲ ਵੀ ਠੀਕ ਸੀ, ਆਮ ਆਦਮੀ ਪਾਰਟੀ ਦੇ ਆਗੂ ਦਾ ਜਵਾਬ ਵੀ ਉਸ ਤੋਂ ਊਣਾ ਨਹੀਂ ਸੀ, ਪਰ ਆਮ ਲੋਕ ਦੋਵਾਂ ਦੇ ਸਵਾਲ-ਜਵਾਬ ਨਹੀਂ ਸੁਣਨਾ ਚਾਹੁੰਦੇ, ਉਹ ਤਾਂ ਕੀਤੇ ਗਏ ਵਾਅਦਿਆਂ ਉੱਤੇ ਅਮਲ ਹੁੰਦਾ ਵੇਖਣਾ ਚਾਹੁੰਦੇ ਹਨ।

ਸਰਕਾਰ ਇੱਕ ਪਾਰਟੀ ਦੀ ਬਣ ਜਾਵੇ ਜਾਂ ਦੂਸਰੀ ਦੀ, ਵਾਅਦਿਆਂ ਦਾ ਪਰਾਗਾ ਸਾਰਿਆਂ ਨੇ ਚੋਖੀ ਖੁੱਲ੍ਹਦਿਲੀ ਨਾਲ ਲੋਕਾਂ ਦੀ ਝੋਲੀ ਪਾਇਆ ਹੈ, ਅਮਲ ਵਿੱਚ ਦੱਸੇ ਗਏ ਕੰਮ ਕਦੀ ਵੀ ਬਹੁਤੇ ਨਹੀਂ ਹੋਏ। ਇੰਦਰਾ ਗਾਂਧੀ ਨੇ ਜਦੋਂ ਗਰੀਬੀ ਹਟਾਉ ਦਾ ਨਾਅਰਾ ਲਾਇਆ ਸੀ, ਲੋਕ ਉਸ ਨਾਅਰੇ ਪਿੱਛੇ ਵੀ ਕਤਾਰਾਂ ਬੰਨ੍ਹ ਖੜੋਤੇ ਸਨ, ਪਰ ਚੋਣਾਂ ਜਿੱਤ ਜਾਣ ਮਗਰੋਂ ਗਰੀਬੀ ਹਟਾਉਣ ਦੀ ਥਾਂ ਐਮਰਜੈਂਸੀ ਠੋਸ ਕੇ ਰਾਜਧਾਨੀ ਦਿੱਲੀ ਵਿੱਚ ਗਰੀਬਾਂ ਨੂੰ ਹਟਾਉਣ ਦਾ ਕੰਮ ਛੋਹ ਦਿੱਤਾ ਗਿਆ ਸੀ। ਉਹ ਦਿਨ ਅਤੇ ਆਹ ਦਿਨ, ਹਰ ਸਰਕਾਰ ਨੂੰ ਇਹੋ ਕੁਝ ਕਰਦੇ ਵੇਖਦੇ ਰਹੇ ਹਾਂ। ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਨਰਿੰਦਰ ਮੋਦੀ ਨੇ ਵੀਹ ਸੌ ਬਾਈ ਦਾ ਸਾਲ ਆਉਣ ਤੱਕ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਐਲਾਨ ਕੀਤਾ ਸੀ, ਪਿਛਲੇ ਸਾਲ ਇਸ ਬਾਰੇ ਇੱਕ ਸੂਚਨਾ ਅਧਿਕਾਰ ਵਰਕਰ ਨੇ ਫੀਸ ਦੇ ਕੇ ਪੁੱਛ ਲਿਆ ਕਿ ਕਿੰਨਾ ਕੁ ਕੰਮ ਹੋ ਗਿਆ ਹੈ ਤਾਂ ਅੱਗੋਂ ਜਵਾਬ ਮਿਲਿਆ ਕਿ ਪ੍ਰਧਾਨ ਮੰਤਰੀ ਦਫਤਰ ਵਿੱਚ ਏਦਾਂ ਦੀ ਕੋਈ ਸਕੀਮ ਹੀ ਵਿਚਾਰ ਅਧੀਨ ਨਹੀਂ ਹੈ।

ਜਿਹੜਾ ਭਾਰਤ ਕਦੇ ਸੋਨੇ ਦੀ ਚਿੜੀ ਅਖਵਾਉਂਦਾ ਸੀ, ਉਹ ਅੱਜ ਵੀ ਸੋਨੇ ਦੀ ਚਿੜੀ ਬਣ ਸਕਦਾ ਹੈ, ਪਰ ਇਸ ਦੇ ਖੰਭ ਕੁਤਰਨ ਵਾਲੇ ਹਰ ਸਰਕਾਰ ਦੇ ਵਕਤ ਬਾਜ਼ ਵਾਲਾ ਝਪੱਟਾ ਮਾਰਦੇ ਹਨ ਅਤੇ ਹਰ ਰੰਗ ਦੀ ਸਰਕਾਰ ਉਸ ਵਕਤ ਕੁਝ ਕਰਨ ਦੀ ਥਾਂ ਬਾਅਦ ਵਿੱਚ ਕਾਰਵਾਈ ਕਰਨ ਦਾ ਭਰਮ ਪਾ ਕੇ ਲੋਕਾਂ ਦਾ ਦਿਲ ਪਰਚਾ ਦੇਂਦੀ ਹੈ। ਨਰਸਿਮਹਾ ਰਾਉ ਦੀ ਸਰਕਾਰ ਦੇ ਵਕਤ ਹਰਸ਼ਦ ਮਹਿਤਾ ਵਰਗਿਆਂ ਵੱਲੋਂ ਭਾਰਤ ਦੀ ਆਰਥਿਕਤਾ ਨੂੰ ਝੰਜੋੜ ਦੇਣ ਦੀ ਘਟਨਾ ਵੀ ਵਾਪਰੀ ਸੀ, ਸਰਕਾਰ ਨੇ ਬਹੁਤ ਕੁਝ ਕਰਨ ਦੇ ਦਾਅਵੇ ਕੀਤੇ ਸਨ, ਪਰ ਪਿੱਛੋਂ ਕੁਝ ਖਾਸ ਨਹੀਂ ਸੀ ਹੋਇਆ। ਰਿਜ਼ਰਵ ਬੈਂਕ ਦੇ ਹੁਕਮ ਉੱਤੇ ਭਾਰਤ ਦੇ ਕਰੰਸੀ ਨੋਟ ਛਾਪਣ ਵਾਲੀਆਂ ਮਸ਼ੀਨਾਂ ਕੰਡਮ ਹੋਣ ਪਿੱਛੋਂ ਬਾਜ਼ਾਰ ਵਿੱਚ ਵੇਚਣ ਦੀ ਪਾਬੰਦੀ ਹੋਣ ਦੇ ਬਾਵਜੂਦ ਅਬਦੁਲ ਕਰੀਮ ਤੇਲਗੀ ਦੀ ਟੋਲੀ ਨੇ ਉਹ ਮਸ਼ੀਨਾਂ ਖਰੀਦ ਕੇ ਨੋਟ ਅਤੇ ਅਸ਼ਟਾਮ (ਸਟੈਂਪ ਪੇਪਰ) ਛਾਪਣੇ ਆਰੰਭ ਕਰ ਦਿੱਤੇ। ਸਰਕਾਰੀ ਪ੍ਰੈੱਸ ਵਿੱਚ ਇਹ ਕੰਮ ਕਰਨ ਵਾਲੇ ਕਾਰਿੰਦੇ ਨੌਕਰੀ ਕਰਦਿਆਂ ਜਾਂ ਰਿਟਾਇਰ ਹੋਣ ਪਿੱਛੋਂ ਵੀ ਕਿਸੇ ਥਾਂ ਛਪਾਈ ਦੇ ਕੰਮ ਵਿੱਚ ਸ਼ਾਮਲ ਨਹੀਂ ਹੋ ਸਕਦੇ, ਇਸ ਕਾਨੂੰਨ ਦੀ ਉਲੰਘਣਾ ਕਰ ਕੇ ਉਹੀ ਕਾਰਿੰਦੇ ਉਨ੍ਹਾਂ ਹੀ ਮਸ਼ੀਨਾਂ ਉੱਤੇ ਅਬਦੁਲ ਕਰੀਮ ਤੇਲਗੀ ਲਈ ਨੋਟ ਛਾਪਦੇ ਰਹੇ, ਕਿਸੇ ਤੋਂ ਰੋਕਿਆ ਨਹੀਂ ਸੀ ਗਿਆ। ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵੇਲੇ ਖਜ਼ਾਨਾ ਮੰਤਰੀ ਨੇ ਪਾਰਲੀਮੈਂਟ ਵਿੱਚ ਮੰਨਿਆ ਕਿ ਤੇਲਗੀ ਦੀ ਲਾਈ ਜਾਅਲੀ ਪ੍ਰੈੱਸ ਵਿੱਚ ਛਾਪੇ ਗਏ ਬੱਤੀ ਹਜ਼ਾਰ ਕਰੋੜ ਰੁਪਏ ਕੀਮਤ ਦੇ ਅਸ਼ਟਾਮ ਪੇਪਰ ਅੱਗੋਂ ਸਰਕਾਰੀ ਵਿਭਾਗਾਂ ਤੇ ਕਚਹਿਰੀ ਵਿੱਚ ਆਉਂਦੇ ਆਮ ਲੋਕਾਂ ਨੂੰ ਵੀ ਵੇਚੇ ਜਾ ਚੁੱਕੇ ਹਨ ਅਤੇ ਇਹ ਪੇਪਰ ਸਰਕਾਰੀ ਕੰਮਾਂ ਵਿੱਚ ਵੀ ਵਰਤੇ ਗਏ ਹਨ। ਅਗਲੀ ਗੱਲ ਉਨ੍ਹਾ ਇਹ ਕਹਿ ਦਿੱਤੀ ਕਿ ਪਤਾ ਹੋਣ ਦੇ ਬਾਵਜੂਦ ਅਸੀਂ ਕੁਝ ਨਹੀਂ ਕਰ ਸਕਦੇ, ਜਿੰਨੇ ਜਾਅਲੀ ਕਾਗਜ਼ਾਂ ਦੀ ਵਰਤੋਂ ਹੋ ਚੁੱਕੀ ਹੈ, ਉਹ ਸਾਰੇ ਵਿਭਾਗਾਂ ਨੂੰ ਜਾਇਜ਼ ਮੰਨਣ ਲਈ ਕਹਿ ਦਿੱਤਾ ਗਿਆ ਹੈ। ਬੜੀ ਕਮਾਲ ਦੀ ਗੱਲ ਸੀ ਕਿ ਕਾਂਗਰਸ ਦੇ ਰਾਜ ਵਿੱਚ ਘਪਲਾ ਸ਼ੁਰੂ ਹੋਇਆ ਅਤੇ ਭਾਜਪਾ ਰਾਜ ਵਿੱਚ ਉਸ ਉੱਤੇ ਟੋਕਰਾ ਮੂਧਾ ਮਾਰ ਕੇ ਗੱਲ ਮੁਕਾ ਦਿੱਤੀ ਗਈ।

ਨਰਿੰਦਰ ਮੋਦੀ ਸਾਹਿਬ ਦੇ ਆਉਣ ਤੋਂ ਪਹਿਲਾਂ ਦੁਨੀਆ ਭਰ ਵਿੱਚ ਅਕਲ ਅਤੇ ਈਮਾਨਦਾਰੀ ਲਈ ਪ੍ਰਸਿੱਧ ਆਗੂ ਡਾਕਟਰ ਮਨਮੋਹਨ ਸਿੰਘ ਦੀ ਕਮਾਂਡ ਹੇਠਭਾਰਤ ਦੀ ਓਦੋਂ ਤੱਕ ਦੀ ਸਭ ਤੋਂ ਵੱਧ ਭ੍ਰਿਸ਼ਟ ਸਰਕਾਰਹੁੰਦੀ ਸੀ। ਉਹ ਖੁਦ ਕੁਝ ਨਹੀਂ ਸੀ ਖਾਂਦਾ, ਪਰ ਬਾਕੀਆਂ ਨੂੰ ਖਾਣ ਤੋਂ ਨਹੀਂ ਸੀ ਰੋਕਦਾ। ਨਰਿੰਦਰ ਮੋਦੀ ਨੇ ਕਿਹਾ ਸੀ ਕਿ ਉਹ ਪ੍ਰਧਾਨ ਮੰਤਰੀ ਬਣ ਗਿਆ ਤਾਂ ਏਦਾਂ ਘਪਲੇ ਨਹੀਂ ਹੋਣ ਦੇਵੇਗਾ, ਪਰ ਉਸ ਦੇ ਰਾਜ ਵਿੱਚ ਘਪਲਿਆਂ ਦੀ ਲੜੀ ਟੁੱਟਣ ਦਾ ਨਾਂਅ ਨਹੀਂ ਲੈ ਰਹੀ। ਵਿਜੇ ਮਾਲਿਆ, ਨੀਰਵ ਮੋਦੀ, ਲਲਿਤ ਮੋਦੀ ਅਤੇ ਉਸ ਪਿੱਛੋਂ ਚੰਦਾ ਕੋਚਰ ਦਾ ਕਿੱਸਾ ਨਿਕਲ ਪਿਆ ਹੈ। ਸਹਾਰਾ ਗਰੁੱਪ ਵਾਲੇ ਸੁਬਰਤੋ ਰਾਏ ਦਾ ਕੀ ਬਣਿਆ, ਜਿਹੜਾ ਬੱਤੀ ਹਜ਼ਾਰ ਕਰੋੜ ਦੀ ਠੱਗੀ ਭਾਰਤ ਦੇ ਲੋਕਾਂ ਨਾਲ ਕਰ ਗਿਆ ਸੀ, ਪਰਲਜ਼ ਗਰੀਨ ਵਾਲੇ ਨਿਰਮਲ ਸਿੰਘ ਭੰਗੂ ਦਾ ਕੀ ਬਣਿਆ, ਜਿਸ ਨੇ ਆਮ ਲੋਕਾਂ ਦਾ ਚਾਲੀ ਹਜ਼ਾਰ ਕਰੋੜ ਤੋਂ ਵੱਧ ਡਕਾਰ ਲਿਆ ਸੀ, ਕੋਈ ਪੁੱਛਣ ਵਾਲਾ ਨਹੀਂ ਲੱਭਦਾ। ਏਨੇ ਘਪਲਿਆਂ ਵਾਲੇ ਦੇਸ਼ ਦਾ ਪ੍ਰਧਾਨ ਮੰਤਰੀ ਜਦੋਂ ਇਹ ਕਹਿੰਦਾ ਹੈ ਕਿ ਭਾਰਤ ਵਿਸ਼ਵ-ਗੁਰੂ ਬਣਨ ਵਾਲੇ ਰਾਹ ਉੱਤੇ ਚੱਲ ਰਿਹਾ ਹੈ ਤਾਂ ਉਸ ਦੇ ਦਾਅਵੇ ਸੁਣ ਕੇ ਆਮ ਬੰਦਾ ਹੱਸਣ ਅਤੇ ਰੋਣ ਵਿੱਚੋਂ ਇੱਕ ਦੀ ਚੋਣ ਕਰਨ ਵਿੱਚ ਔਖ ਸਮਝਦਾ ਹੈ। ਇਹ ਹਾਲਤ ਕੇਂਦਰ ਸਰਕਾਰ ਜਾਂ ਪ੍ਰਧਾਨ ਮੰਤਰੀ ਦੇ ਮਾਮਲੇ ਵਿੱਚ ਹੀ ਨਹੀਂ, ਭਾਰਤ ਵਿੱਚ ਕੋਈ ਰਾਜ ਕਿਸੇ ਵੀ ਪਾਰਟੀ ਦੀ ਸਰਕਾਰ ਚਲਾਉਂਦੀ ਪਈ ਹੋਵੇ, ਸਾਰੇ ਥਾਂਈਂ ਇਹੋ ਕਿੱਸੇ ਸੁਣਨ ਨੂੰ ਮਿਲਦੇ ਹਨ। ਏਨੇ ਘਪਲਿਆਂ ਵਿੱਚ ਫਸਿਆ ਹੋਇਆ ਭਾਰਤ ਆਪਣੀ ਆਜ਼ਾਦ ਹੋਂਦ ਦੀ ਪੰਝੱਤਰਵੀਂ ਵਰ੍ਹੇਗੰਢ ਮਨਾ ਰਿਹਾ ਹੈ, ਜਿਸ ਨੂੰ 'ਅੰਮ੍ਰਿਤ-ਮਹਾਉਤਸਵ' ਕਿਹਾ ਜਾਂਦਾ ਹੈ ਅਤੇਏਦਾਂ ਦੇ ਮੌਕੇ ਦੇਸ਼ ਦਾ ਧਿਆਨ ਕਿਸੇ ਹੋਰ ਪਾਸੇ ਨਹੀਂ ਜਾਣਾ ਚਾਹੀਦਾ, ਇਸ ਕਰ ਕੇ ਹਾਲਾਤ ਜੋ ਵੀ ਹੋਣ,ਨਵੇਂਸਾਲ ਦਾ ਸਵਾਗਤ ਕਰਨਾ ਹੀ ਠੀਕ ਰਹੇਗਾ।

## ਅੱਜ ਨਾਮਾ

ਹੋਈ ਫਲਾਈਟ ਦੇ ਵਿੱਚ ਜਦ ਬਾਤ ਮਾੜੀ,
ਜਿਸ ਨਾਲ ਬੀਤੀ ਹੈ ਜਾਣਦੀ ਸੋਈ ਮੀਆਂ।
ਹੋਈ ਔਰਤ ਦੀ ਬੇਇਜ਼ਤੀ ਬਹੁਤ ਬੇਸ਼ੱਕ,
ਪ੍ਰਬੰਧਕਾਂ ਬਾਤ ਇਹ ਰੱਖੀ ਲੁਕੋਈ ਮੀਆਂ।
ਦੱਬੀ ਬਾਤ ਇਹ ਆਖਰ ਨੂੰ ਬਾਹਰ ਆਈ,
ਚਰਚਾ ਮੀਡੀਏ ਅੰਦਰ ਫਿਰ ਹੋਈ ਮੀਆਂ।
ਘਟਨਾ ਦੱਬੀ ਇਹ ਅਫਸਰਾਂ ਜਿਹੜਿਆਂ ਨੇ,
ਜ਼ਮੀਰ ਸੀ ਉਨ੍ਹਾਂ ਦੀ ਦਿੱਸਦੀ ਮੋਈ ਮੀਆਂ।
ਕੇਸ ਦਰਜ ਹੋਇਆ ਚਾਲੀ ਕੁ ਦਿਨਾਂ ਮਗਰੋਂ,
ਹੁੰਦੀ ਪਈ ਦੁਸ਼ਟ ਦੀ ਕਹਿਣ ਪਛਾਣ ਮੀਆਂ।
ਅਪਰਾਧੀ ਜਾਪਦਾ ਬਹੁਤ ਉਹ ਪਹੁੰਚ ਵਾਲਾ,
ਤਦ ਹੀ ਰੁੱਝੀ ਪਈ ਪੁਲਸ ਟਰਕਾਣ ਮੀਆਂ।

ਤੀਸ ਮਾਰ ਖਾਂ

## -ਮਿੰਨੀ ਕਹਾਣੀ-

### ਸੋਨੇ ਦਾ ਸਬਕ

-ਸੁਰਿੰਦਰ ਮਾਣੂੰਕੇ ਗਿੱਲ

ਉਸ ਦੇ ਘਰ ਵਿੱਚ ਅਜਿਹਾ ਕੁਝ ਨਹੀਂ ਬਚਿਆ ਸੀ ਜਿਹੜਾ ਉਸ ਦੇ ਸ਼ਰਾਬ ਦੇ ਨਸ਼ੇ ਦੀ ਭੇਟ ਨਾ ਚੜ੍ਹਿਆ ਹੋਵੇ। ਉਸ ਦੀ ਘਰਵਾਲੀ ਉਸ ਨੂੰ ਸਮਝਾ-ਸਮਝਾ ਕੇ ਥੱਕ ਚੁੱਕੀ ਸੀ। ਰੋਜ਼ ਦੀ ਮਾਰਕੁੱਟ ਨੇ ਉਸ ਨੂੰ ਜਿਉਂਦੀ ਲਾਸ਼ ਬਣਾ ਦਿੱਤਾ ਸੀ। ਇੱਕ ਰਾਤ ਉਸ ਨੇ ਆਪਣੀ ਘਰਵਾਲੀ ਦਾ ਸੋਨਾ ਵੀ ਚੋਰੀ ਕਰ ਲਿਆ ਸੀ।

ਉਹ ਰਾਤੋ-ਰਾਤ ਸੋਨਾ ਚੁਰਾ ਕੇ ਭੱਜ ਜਾਣਾ ਚਾਹੁੰਦਾ ਸੀ, ਪਰ ਕੋਈ ਸਾਧਨ ਨਾ ਹੋਣ ਕਰ ਕੇ ਉਹ ਆਪਣੇ ਕਿਸੇ ਦੋਸਤ ਦੇ ਘਰ ਠਹਿਰ ਗਿਆ। ਉਸ ਦੇ ਦੋਸਤ ਨੂੰ ਪਤਾ ਲੱਗ ਗਿਆ ਕਿ ਇਹ ਜ਼ਰੂਰ ਕੋਈ ਘਰੋਂ ਚੋਰੀ ਕਰ ਕੇ ਆਇਆ ਹੈ। ਨਸ਼ੇ ਵਿੱਚ ਧੁੱਤ ਹੋਣ ਕਰ ਕੇ ਤਲਾਸ਼ੀ ਲੈਣ ਉੱਤੇ ਪਤਾ ਲੱਗਾ ਕਿ ਉਸ ਨੇ ਸੋਨਾ ਚੋਰੀ ਕੀਤਾ ਹੈ। ਉਸ ਦੇ ਦੋਸਤ ਨੇ ਸੋਨਾ ਕੱਢ ਕੇ ਖਾਲੀ ਡੱਬੀਆਂ ਉਸ ਦੇ ਬੈਗ ਵਿੱਚ ਪਾ ਦਿੱਤੀਆਂ। ਅਗਲੇ ਦਿਨ ਉਸ ਨੇ ਜਦੋਂ ਸੋਨਾ ਵੇਚਣ ਦੇ ਇਰਾਦੇ ਨਾਲ ਚੈਕ ਕੀਤਾ ਤਾਂ ਉਹ ਇਹ ਦੇਖ ਕੇ ਹੈਰਾਨ ਹੋ ਗਿਆ ਕਿ ਡੱਬੀਆਂ ਵਿੱਚ ਸੋਨਾ ਨਹੀਂ ਸੀ। ਉਹ ਹਾਲ ਬੇਹਾਲ ਹੋਇਆ ਕਿਸੇ ਹੋਰ ਦੋਸਤ ਕੋਲ ਚਲਾ ਗਿਆ ਤੇ ਸਾਰੀ ਗੱਲ ਉਸ ਨੂੰ ਦੱਸ ਦਿੱਤੀ। ਉਸ ਦੇ ਇਸ ਦੋਸਤ ਨੇ ਕਿਹਾ, 'ਤੂੰ ਫਿਕਰ ਨਾ ਕਰ ਚਾਹ ਪਾਣੀ ਪੀ, ਆਪਾਂ ਪਤਾ ਕਰਦੇ ਹਾਂ।' ਉਸ ਨੇ ਕਿਹਾ; 'ਚਾਹ ਕਿੱਥੇ ਲੰਘਦੀ ਹੈ'। ਦੋਸਤ ਨੇ ਕਿਹਾ: 'ਅੱਛਾ ਤੇਰੇ ਚਾਹ ਨਹੀਂ ਲੰਘਦੀ, ਫਿਰ ਸ਼ਰਾਬ ਕਿਵੇਂ ਲੰਘਦੀ ਹੈ? ਕਮਲਿਆ, ਤੈਨੂੰ ਪਤਾ ਸੋਨਾ ਗੁਆਚਿਆ ਮਾੜਾ ਹੁੰਦਾ ਹੀ ਹੈ, ਲੱਭਿਆ ਜਾਂ ਚੋਰੀ ਕੀਤਾ ਵੀ ਮਾੜਾ ਹੁੰਦਾ ਹੈ, ਇਹ ਚੋਰੀ ਭਾਵੇਂ ਕਿਸੇ ਆਪਣੇ ਦੀ ਕਿਉਂ ਨਾ ਕੀਤੀ ਹੋਵੇ।'

ਉਸ ਨੇ ਕਿਹਾ; 'ਯਾਰ, ਮੇਰੀ ਘਰਵਾਲੀ ਦਾ ਇਹ ਸੋਨਾ ਮਿਲ ਜਾਵੇ, ਮੈਂ ਕਦੇ ਸ਼ਰਾਬ ਨਹੀਂ ਪੀਵਾਂਗਾ।' ਉਸ ਦੇ ਇਸ ਦੋਸਤ ਨੇ ਜਦੋਂ ਪਹਿਲੇ ਦੋਸਤ ਨਾਲ ਗੱਲ ਕੀਤੀ ਤਾਂ ਪਹਿਲਾਂ ਦੋਸਤ ਕਹਿਣ ਲੱਗਾ ਕਿ ਉਹ ਸੋਨਾ ਮੇਰੇ ਕੋਲ ਸਹੀ ਸਲਾਮਤ ਪਿਆ ਹੈ, ਮੈਂ ਇਸ ਕਰ ਕੇ ਕੱਢ ਲਿਆ ਸੀ ਕਿ ਕਿਧਰੇ ਸ਼ਰਾਬ ਦੇ ਨਸ਼ੇ ਵਿੱਚ ਗਵਾ ਨਾ ਦੇਵੇ ਜਾਂ ਕਿਤੇ ਵੇਚ ਨਾ ਦੇਵੇ। ਜਦੋਂ ਉਸ ਦੇ ਇਸ ਦੋਸਤ ਨੇ ਇਹ ਖੁਸ਼ਖਬਰੀ ਉਸ ਨੂੰ ਦੱਸੀ ਤਾਂ ਉਸ ਦੇ ਮੂੰਹ ਉੱਤੇ ਲਾਲੀ ਆ ਗਈ, ਪਰ ਇਹ ਲਾਲੀ ਸ਼ਰਾਬ ਦੇ ਨਸ਼ੇ ਦੀ ਨਹੀਂ ਸੀ, ਸਗੋਂ ਵਾਪਸ ਮਿਲੇ ਸੋਨੇ ਦੇ ਸਬਕ ਦੀ ਸੀ।

## -ਹਲਕਾ ਫੁਲਕਾ-

ਭੂਗੋਲ ਪੜ੍ਹਾਉਣ ਵਾਲੀ ਇੱਕ ਮੈਡਮ ਬਹੁਤ ਪਤਲੀ ਸੀ। ਇੱਕ ਦਿਨ ਉਹ ਜਮਾਤ ਵਿੱਚ ਬੱਚਿਆਂ ਨੂੰ ਸਵਾਲ ਪੁੱਛ ਰਹੀ ਸੀ, ''ਦੱਸੋ ਬੱਚਿਓ, ਧਰਤੀ ਘੁੰਮਦੀ ਹੋਈ ਕਿਉਂ ਨਜ਼ਰ ਆਉਂਦੀ ਹੈ।''

ਇੱਕ ਮੁੰਡਾ ਬੋਲਿਆ, ''ਮੈਡਮ ਜੀ, ਕੁਝ ਖਾ-ਪੀ ਲਿਆ ਕਰੋ। ਬਿਨਾਂ ਖਾਧੇ ਸਕੂਲ ਆਓਗੇ ਤਾਂ ਧਰਤੀ ਇਸੇ ਤਰ੍ਹਾਂ ਘੁੰਮਦੀ ਨਜ਼ਰ ਆਏਗੀ।''

*********

ਅਫਸਰ, ''ਇੱਕ ਦਿਨ ਜਦੋਂ ਮੈਂ ਇਕੱਲਾ ਜੰਗਲ ਵਿੱਚੋਂ ਲੰਘ ਰਿਹਾ ਸੀ ਤਾਂ ਮੈਨੂੰ ਦੋ ਡਾਕੂ ਮਿਲੇ ਅਤੇ ਮੇਰੀ ਘੜੀ, ਮੋਬਾਈਲ, ਪੈਸਾ ਸਭ ਲੈ ਗਏ।''

ਅਮਰ, ''...ਪਰ ਤੇਰੇ ਕੋਲ ਤਾਂ ਪਿਸਤੌਲ ਵੀ ਸੀ ਨਾ?''

ਅਫਸਰ, ''ਹਾਂ ਸੀ, ਪਰ ਉਹਦੇ ਉੱਤੇ ਉਨ੍ਹਾਂ ਦੀ ਨਜ਼ਰ ਨਹੀਂ ਪਈ।''

# ਕਿਸਾਨ, ਦੋ ਗੁਣੀ ਆਮਦਨ ਅਤੇ ਕੇਂਦਰ ਸਰਕਾਰ

-ਗੁਰਮੀਤ ਸਿੰਘ ਪਲਾਹੀ-




ਗੱਲ ਅੰਕੜਿਆਂ ਤੋਂ ਸ਼ੁਰੂ ਕਰਦੇ ਹਾਂ। ਮਾਰਚ 2022 ਵਿੱਚ ਖੇਤੀ ਉੱਤੇ ਬਣੀ ਸੰਸਦੀ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਦੋ ਸਰਵੇਖਣਾਂ ਦੇ ਅੰਕੜੇ ਸਾਹਮਣੇ ਲਿਆਂਦੇ ਹਨ ਅਤੇ ਇਨ੍ਹਾਂ ਅੰਕੜਿਆਂ ਨੂੰ ਆਪਣੀ ਰਿਪੋਰਟ ਦਾ ਆਧਾਰ ਬਣਾਇਆ ਹੈ। ਰਿਪੋਰਟ ਅਤੇ ਅੰਕੜਿਆਂ ਅਨੁਸਾਰ 2015-16 ਵਿੱਚ ਦੇਸ਼ ਦੇ ਕਿਸਾਨਾਂ ਦੀ ਮਹੀਨੇ ਦੀ ਔਸਤ ਆਮਦਨ 8,059 ਰੁਪਏ ਸੀ, ਜੋ 2018-19 ਵਿੱਚ ਵਧਕੇ 10,218 ਰੁਪਏ ਹੋ ਗਈ। ਚਾਰ ਸਾਲਾਂ ਵਿੱਚ ਸਿਰਫ਼ 2,159 ਰੁਪਏ ਮਹੀਨਾ ਦਾ ਵਾਧਾ ਹੋਇਆ। ਜਦ ਕਿ ਸਰਕਾਰ ਕਿਸਾਨਾਂ ਦੀ ਔਸਤ ਆਮਦਨ ਪ੍ਰਤੀ ਮਹੀਨਾ 2022 ਤੱਕ 21,146 ਰੁਪਏ ਚਾਹੁੰਦੀ ਸੀ। ਕਿਸਾਨਾਂ ਦੀ ਆਮਦਨ ਤਾਂ ਵੱਧ ਗਈ। ਪਰ ਖ਼ਰਚ ਵੀ ਵਧ ਰਿਹਾ ਹੈ। ਪਿਛਲੇ ਸਾਲ ਨਵੰਬਰ ਵਿੱਚ ਸਰਕਾਰ ਨੇ ਦੱਸਿਆ ਕਿ ਕਿਸਾਨ ਹਰ ਮਹੀਨੇ 10,218 ਰੁਪਏ ਔਸਤਨ ਕਮਾਉਂਦੇ ਹਨ, ਪਰ ਉਹਨਾ ਦੇ 4,226 ਰੁਪਏ ਮਹੀਨਾ ਖੇਤੀ ਉੱਤੇ ਖ਼ਰਚ ਹੋ ਜਾਂਦੇ ਹਨ। ਕਿਸਾਨ ਹਰ ਮਹੀਨੇ ਔਸਤਨ ਬੀਜਾਈ ਅਤੇ ਖਾਦ, ਪਾਣੀ 'ਤੇ 2,959 ਰੁਪਏ ਅਤੇ ਪਸ਼ੂ ਪਾਲਣ ਤੇ 1,267 ਰੁਪਏ ਖ਼ਰਚ ਦਿੰਦੇ ਹਨ।

ਜਿਸਦਾ ਸਿੱਧਾ ਅਰਥ ਹੈ ਕਿ ਕਿਸਾਨ ਦੀ ਔਸਤਨ ਮਹੀਨਾ ਆਮਦਨ 6000 ਰੁਪਏ ਹੈ। ਇਹ ਉਹ ਰਕਮ ਹੈ, ਜਿਸ ਨਾਲ ਉਸਨੇ ਬੱਚੇ ਵੀ ਪਾਲਣੇ ਹਨ, ਪੜ੍ਹਾਉਣੇ ਵੀ ਹਨ,ਆਪਣੇ ਵੱਡਿਆਂ ਦੀ ਬੀਮਾਰੀ ਦਾ ਇਲਾਜ ਵੀ ਕਰਵਾਉਣਾ ਹੈ, ਘਰ ਵੀ ਚਲਾਉਣਾ ਹੈ।ਸਾਰੇ ਜਾਣਦੇ ਹਨ ਕਿ ਇੰਨੀ ਕੁ ਕਮਾਈ ਨਾਲ ਉਹ ਘਰ ਦਾ ਗੁਜ਼ਾਰਾ ਕਿਵੇਂ ਚੱਲੇਗਾ ਭਾਵੇਂ ਕਿ ਘਰ ਦੇ ਜੀਅ ਕੁਲ ਮਿਲਾਕੇ ਚਾਰ ਹੀ ਕਿਉਂ ਨਾ ਹੋਣ।

ਰਿਪੋਰਟ ਵਿਚਲੇ ਅੰਕੜੇ ਦਸਦੇ ਹਨ ਕਿ ਮੇਘਾਲਿਆ ਵਿੱਚ ਕਿਸਾਨਾਂ ਦੀ ਮਹੀਨੇ ਦੀ ਆਮਦਨ 29,348 ਰੁਪਏ ਹੈ ਜਦ ਕਿ ਆਮਦਨ ਤੇ ਮਾਮਲੇ 'ਚ ਪੰਜਾਬ ਦੂਜੇ ਨੰਬਰ ਤੇ ਹੈ, ਜਿੱਥੇ ਮਹੀਨੇ ਦੀ ਆਮਦਨ 26,701 ਰੁਪਏ ਹੈ। ਤੀਜੇ ਥਾਂ ਹਰਿਆਣਾ ਹੈ ਜਿੱਥੇ ਮਹੀਨੇ ਦੀ ਆਮਦਨ 22,841 ਹੈ। ਦੇਸ਼ ਵਿੱਚ ਚਾਰ ਜੁੜੇ, ਝਾਰਖੰਡ, ਮੱਧ ਪ੍ਰਦੇਸ਼, ਉੜੀਸਾ ਅਤੇ ਨਾਗਲੈਂਡ ਇਹੋ ਜਿਹੇ ਹਨ, ਜਿੱਥੇ ਕਿਸਾਨਾ ਦੀ ਹਰ ਮਹੀਨੇ ਦੀ ਆਮਦਨ 2,173 ਰੁਪਏ ਘੱਟ ਗਈ ਹੈ।

ਦੇਸ਼ ਦੇ ਕਿਸਾਨ ਨੂੰ ਉਂਜ ਤਾਂ ਅੰਨਦਾਤਾ ਕਿਹਾ ਜਾਂਦਾ ਹੈ, ਪਰ ਹਕੀਕਤ ਇਹ ਹੈ ਕਿ ਉਸਨੂੰ ਆਪਣਾ ਪੇਟ ਪਾਲਣ ਲਈ ਵੱਡਾ ਸੰਘਰਸ਼ ਕਰਨਾ ਪੈਂਦਾ ਹੈ ਅਤੇ ਇਸ ਸੰਘਰਸ਼ 'ਚ ਕਈ ਵੇਰ ਉਹ ਹਾਰ ਜਾਂਦਾ ਹੈ ਅਤੇ ਜ਼ਿੰਦਗੀ ਤੋਂ ਹੱਥ ਧੋ ਬੈਠਦਾ ਹੈ। ਆਤਮ ਹੱਤਿਆ ਦੇ ਰਾਹ ਤੁਰ ਪੈਂਦਾ ਹੈ, ਜਿਸਦਾ ਮੁੱਖ ਕਾਰਨ ਉਸ ਸਿਰ ਚੜ੍ਹਿਆ ਕਰਜ਼ਾ ਹੈ। ਭਾਰਤੀ ਕਿਸਾਨਾਂ ਸਿਰ ਕੁਲ ਮਿਲਾਕੇ ਇਸ ਵੇਲੇ 1,680 ਲੱਖ ਕਰੋੜ ਦਾ ਕਰਜ਼ਾ ਹੈ।

ਕਰਜ਼ਾ ਹੋਣ ਜਾਂ ਹੋਰ ਕਾਰਨਾਂ ਕਰਕੇ ਸਾਲ 2021 ਵਿੱਚ 5,318 ਕਿਸਾਨਾਂ , 4,806 ਖੇਤ ਮਜ਼ਦੂਰਾਂ ਅਤੇ 512 ਪਟੇ ਤੇ ਲੈ ਕੇ ਜ਼ਮੀਨ ਵਾਹੁਣ ਵਾਲਿਆਂ ਨੇ ਖੁਦਕੁਸ਼ੀ ਕੀਤੀ ।

ਬਿਨ੍ਹਾਂ ਸ਼ੱਕ ਖੇਤੀ ਖੇਤਰ ਉੱਤੇ ਲਾਗਤ ਲਗਾਤਾਰ ਵੱਧ ਰਹੀ ਹੈ।ਪਰ ਕਿਸਾਨਾਂ ਦੀਆਂ ਫ਼ਸਲਾਂ ਦੇ ਮੁੱਲ ਉਸ ਅਨੁਪਾਤ ਨਾਲ ਨਹੀਂ ਵੱਧ ਰਹੇ। ਸਰਕਾਰ ਦੀ ਕੋਸ਼ਿਸ਼ ਹੁੰਦੀ ਹੈ ਕਿ ਫ਼ਸਲਾਂ ਦੇ ਮੁੱਲ ਘੱਟ ਤੋਂ ਘੱਟ ਰਹਿਣ ਤਾਂ ਕਿ ਮਹਿੰਗਾਈ ਕਾਬੂ 'ਚ ਰਹੇ। ਇਸ ਨਾਲ ਕਿਸਾਨ ਵਿੱਚ-ਵਿਚਾਲੇ ਫਸ ਜਾਂਦਾ ਹੈ ਅਤੇ ਕਈ ਹਾਲਤਾਂ 'ਚ ਭੁੱਖਾ ਮਰਨ 'ਤੇ ਮਜ਼ਬੂਰ ਹੋ ਜਾਂਦਾ ਹੈ। ਬਹੁਤ ਲੰਮੇ ਸਮੇਂ ਤੋਂ ਕਿਸਾਨਾਂ ਦੀ ਮੰਗ ਹੈ ਕਿ ਫ਼ਸਲਾਂ ਦੀ ਘੱਟੋ-ਘੱਟ ਕੀਮਤ ਨੂੰ ਕਾਨੂੰਨੀ ਗਰੰਟੀ ਮਿਲੇ। ਪਰ ਕਿਸਾਨਾਂ ਨੂੰ ਕੀਮਤ ਦੀ ਗਰੰਟੀ ਨਹੀਂ ਮਿਲ ਰਹੀ। ਜੇਕਰ ਫ਼ਸਲਾਂ ਦੀ ਲਾਗਤ ਵਧਦੀ ਜਾਏਗੀ, ਜੇਕਰ ਖਾਦ, ਬਿਜਲੀ, ਡੀਜ਼ਲ ਦਾ ਮੁੱਲ ਕਾਬੂ 'ਚ ਨਹੀਂ ਰਹੇਗਾ, ਤਦ ਫਿਰ ਕਿਸਾਨਾਂ ਦੀ ਆਮਦਨ ਜਾਂ ਨਫਾ ਦੁਗਣਾ ਕਿਵੇਂ ਹੋਏਗਾ? ਇੱਕ ਰਿਪੋਰਟ ਅਨੁਸਾਰ 2020-21 ਦੇ ਮੁਕਾਬਲੇ 2021-22 'ਚ ਖੇਤੀ ਉੱਤੇ ਲਾਗਤ ਵੀਹ ਫ਼ੀਸਦੀ ਤੱਕ ਵੱਧ ਗਈ। ਇਹ ਜਾਣਦਿਆਂ ਹੋਇਆ ਵੀ ਕਿ ਭਾਰਤ ਦੇਸ਼ ਦਾ ਖੇਤੀ ਖੇਤਰ ਵਿਕਾਸ ਲਈ ਭਰਪੂਰ ਸੰਭਾਵਨਾਵਾਂ ਵਾਲਾ ਦੇਸ਼ ਹੈ। ਸਰਕਾਰ ਇਸਨੂੰ ਸਿਰਫ ਜਨਤਾ ਦਾ ਪੇਟ ਭਰਨ ਦਾ ਸਾਧਨ ਮੰਨਦੀ ਹੈ ਅਤੇ ਖੇਤੀ ਦੇ ਮਾਧਿਅਮ ਨਾਲ ਦੇਸ਼ ਦੀ ਜੀ ਡੀ ਪੀ ਵਧਾਉਣ ਲਈ ਕੋਈ ਮੰਥਨ ਨਹੀਂ ਕਰਦੀ ।

ਦੇਸ਼ ਦੀ ਦੋ ਤਿਹਾਈ ਆਬਾਦੀ ਪੇਂਡੂ ਹੈ। ਸੱਠ ਫ਼ੀਸਦੀ ਪੇਂਡੂ ਅਜ਼ਾਦੀ ਪੇਂਡੂ ਅਰਥਵਿਵਸਥਾ ਅਤੇ ਖੇਤੀ ਨਾਲ ਜੁੜੀ ਹੋਈ ਹੈ। ਪਰੰਤੂ ਵਿਕਾਸ ਦੀਆਂ ਭਰਪੂਰ ਸੰਭਾਵਨਾਵਾਂ ਵਾਲੇ ਖੇਤੀ ਖੇਤਰ ਨੂੰ ਹਮੇਸ਼ਾ ਹੀ ਸਰਕਾਰ ਦਰਕਿਨਾਰ ਕਰਦੀ ਹੈ।

ਕੇਂਦਰ ਸਰਕਾਰ ਵਲੋਂ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿੱਧੀ, ਪ੍ਰਧਾਨ ਮੰਤਰੀ ਕਿਸਾਨ ਜਨ ਧਨ ਯੋਜਨਾ, ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ, ਪ੍ਰਧਾਨ ਮੰਤਰੀ ਅੰਨਦਾਤਾ ਸੰਰਕਸ਼ਨ ਅਭਿਆਸ ਪਰਾਈਸ ਸਪੋਰਟ ਸਕੀਮ (ਦਾਲਾਂ ਲਈ), ਪਰਾਈਸ ਡੈਫੀਸ਼ੈਂਸੀ ਪੇਮੈਂਟ ਸਕੀਮਾਂ ਚਲ ਰਹੀਆਂ ਹਨ। ਇਹ ਸਕੀਮਾਂ 2022 ਦੇ ਬਜ਼ਟ ਵਿੱਚ ਵੀ ਚਾਲੂ ਰੱਖੀਆਂ ਗਈਆਂ ਹਨ। ਕੇਂਦਰ ਸਰਕਾਰ ਨੇ ਅਸ਼ੋਕ ਡਲਵਈ ਇੰਟਰ ਮਨਿਸਟਰੀਅਲ ਕਮੇਟੀ ਦਾ ਗਠਨ 13 ਅਪ੍ਰੈਲ 2016 ਨੂੰ ਕੀਤਾ ਸੀ, ਕਿਸਾਨਾਂ ਦੀ ਆਮਦਨ ਦੁਗਣੀ ਕਰਨ ਸਬੰਧੀ ਕੰਮ ਨੂੰ ਅੱਗੇ ਤੋਰਨ ਲਈ ਸੀ। ਇਸ ਅੱਠ ਮੈਂਬਰੀ ਕਮੇਟੀ ਨੇ ਐਗਰੀਕਲਚਰਲ ਮਾਰਕੀਟਿੰਗ ਨੂੰ ਕਨਕਰੰਟ ਲਿਸਟ ਵਿੱਚ ਸ਼ਾਮਲ ਕਰਨ ਦੀ ਸਿਫਾਰਸ਼ ਕੀਤੀ। ਪਰ ਇਸ ਦਿਸ਼ਾ 'ਚ ਕੁਝ ਵੀ ਕੰਮ ਨਾ ਹੋਇਆ। ਸਿਰਫ਼ ਕਿਸਾਨਾਂ ਨੂੰ 6000 ਸਲਾਨਾ ਦੇਣ ਦਾ ਫੈਸਲਾ ਕਰ ਲਿਆ ਗਿਆ, ਜੋ ਕਿ ਸਿਰਫ਼ 500 ਰੁਪਏ ਮਹੀਨਾ ਸੀ, ਅਤੇ ਇਸਨੂੰ ਇਵੇਂ ਪ੍ਰਚਾਰਿਆ ਗਿਆ, ਜਿਵੇਂ ਇਸ ਰਕਮ ਨਾਲ ਕਿਸਾਨਾਂ ਦੇ ਸਾਰੇ ਮਸਲੇ ਹੱਲ ਹੋ ਗਏ ਹੋਣ।

ਜਦੋਂ 2018-19 'ਚ ਕਿਸਾਨਾਂ ਦੀ ਆਮਦਨ ਦੁਗਣੀ ਕਰਨ ਦਾ ਕੇਂਦਰ ਸਰਕਾਰ ਨੇ ਟੀਚਾ ਮਿਥਿਆ ਸੀ ਤਾਂ ਪੇਂਡੂ ਆਬਾਦੀ ਦਾ 54 ਫ਼ੀਸਦੀ ਖੇਤੀ ਖੇਤਰ ਨਾਲ ਜੁੜਿਆ ਸੀ, ਜਦਕਿ 2012-13 'ਚ 57.8 ਫ਼ੀਸਦੀ ਲੋਕ ਖੇਤੀ ਖੇਤਰ ਨਾਲ ਜੁੜੇ ਸਨ ਭਾਵ ਖੇਤੀ ਛੱਡਣ ਵਾਲਿਆਂ ਦੀ ਗਿਣਤੀ ਹਰ ਸਾਲ ਵਧਦੀ ਗਈ,ਕਿਉਂਕਿ ਖੇਤੀ ਤੋਂ ਆਮਦਨ ਲਗਾਤਾਰ ਘੱਟ ਰਹੀ ਹੈ ਤੇ ਕਿਸਾਨਾ ਦਾ ਖੇਤੀ ਤੋਂ ਗੁਜ਼ਾਰਾ ਨਹੀਂ ਹੋ ਰਿਹਾ। ਇਥੇ ਇਹ ਗੱਲ ਧਿਆਨ ਕਰਨ ਵਾਲੀ ਇਸ ਕਰਕੇ ਵੀ ਹੈ ਕਿ 2012-13 'ਚ ਖੇਤੀ ਉੱਤੇ ਖ਼ਰਚਾ 2192 ਰੁਪਏ ਮਹੀਨਾ ਸੀ ਜੋ 2018-19 'ਚ ਵੱਧ ਕੇ 2959 ਰੁਪਏ ਮਹੀਨਾ ਹੋ ਗਿਆ। ਅਤੇ ਔਸਤਨ ਕਰਜ਼ਾ ਵੀ 2018-19 'ਚ 74131 ਰੁਪਏ ਹੋ ਗਿਆ ਜੋ 2012-13 'ਚ 47000 ਰੁਪਏ ਸੀ।

ਕਿਸਾਨਾਂ ਦੀ ਆਮਦਨ 'ਚ ਨਾ ਵਾਧੇ ਦਾ ਕਾਰਨ ਉਹਨਾ ਦੀਆਂ ਫ਼ਸਲਾਂ ਦਾ ਘੱਟੋ-ਘੱਟ ਮੁੱਲ ਨਾ ਮਿਲਣਾ ਵੀ ਹੈ। ਐਮ ਐਸ ਪੀ ਦੇ ਸਬੰਧ 'ਚ ਕਿਸਾਨ ਅੰਦੋਲਨ ਵੀ ਚੱਲਿਆ, ਸਰਕਾਰੀ ਵਾਇਦੇ ਵੀ ਹੋਏ, ਪਰ ਹਾਲੀ ਤੱਕ ਇਸ ਮਸਲੇ ਦਾ ਹੱਲ ਨਹੀਂ ਕੱਢਿਆ ਜਾ ਸਕਿਆ। ਹੈਰਾਨੀ ਦੀ ਗੱਲ ਤਾਂ ਇਹ ਵੀ ਵੇਖਣ ਨੂੰ ਮਿਲੀ ਕਿ 2022-23 ਦੇ ਬਜ਼ਟ ਵਿੱਚ ਵੀ ਐਮ.ਐਸ.ਪੀ. ਦਾ ਕੋਈ ਜ਼ਿਕਰ ਨਹੀਂ ਸੀ। ਇਸ ਵਾਸਤੇ ਕੋਈ ਵਿਸ਼ੇਸ਼ ਫੰਡ ਨਹੀਂ ਰੱਖੇ ਗਏ। ਖੇਤੀ ਖੇਤਰਾਂ ਦਾ ਖਾਦ ਉੱਤੇ ਮਿਲ ਰਹੀ ਸਬਸਿਡੀ 25 ਫ਼ੀਸਦੀ ਘਟਾ ਦਿੱਤੀ ਗਈ। ਪੇਂਡੂ ਵਿਕਾਸ ਉੱਤੇ ਜਿਹੜਾ ਬਜ਼ਟ 5.5 ਫ਼ੀਸਦੀ ਸੀ, ਉਹ ਇਸ ਸਾਲ ਘਟਾ ਕੇ 5.2 ਫ਼ੀਸਦੀ ਕਰ ਦਿੱਤਾ ਗਿਆ।

ਇਥੇ ਹੀ ਬੱਸ ਨਹੀਂ ਪੇਂਡੂ ਸਕੀਮ ਮਗਨਰੇਗਾ ਉੱਤੇ ਪਿਛਲੇ ਬਜ਼ਟ ਵਿੱਚ ਜੋ ਰਕਮ 98,000 ਕਰੋੜ ਰੱਖੀ ਗਈ ਸੀ, ਉਹ ਘਟਾਕੇ 73,000 ਕਰੋੜ ਕਰ ਦਿੱਤੀ ਗਈ। ਪ੍ਰਧਾਨ ਮੰਤਰੀ ਕ੍ਰਿਸ਼ੀ ਵਿਕਾਸ ਯੋਜਨਾ ਉੱਤੇ ਬਜ਼ਟ ਵਿੱਚ ਪਿਛਲੇ ਸਾਲ 450 ਕਰੋੜ ਰੁਪਏ ਰੱਖੇ ਗਏ ਸਨ, ਪਰ ਉਸ ਵਿਚੋਂ ਸਿਰਫ਼ 100 ਕਰੋੜ ਖ਼ਰਚੇ ਗਏ। ਪ੍ਰਧਾਨ ਮੰਤਰੀ ਬੀਮਾ ਯੋਜਨਾ ਲਈ 15,500 ਕਰੋੜ ਰੱਖੇ ਗਏ, ਪਰ ਦੇਸ਼ ਦੇ ਬਹੁਤੇ ਸੂਬਿਆਂ ਨੇ ਇਸ ਸਕੀਮ ਤੋਂ ਪਾਸਾ ਵੱਟ ਲਿਆ। 2016 'ਚ ਭਾਰਤ ਦੀ ਕੇਂਦਰ ਸਰਕਾਰ ਨੇ ਕਿਹਾ ਸੀ ਕਿ 2022 ਤੱਕ ਦੇਸ਼ ਦੇ ਕਿਸਾਨਾਂ ਦੀ ਆਮਦਨ ਦੋ ਗੁਣੀ ਹੋ ਜਾਏਗੀ, ਜਦ ਦੇਸ਼ ਆਪਣੀ ਆਜ਼ਾਦੀ ਦੇ ਪਝੱਤਰ ਸਾਲ ਪੂਰੇ ਕਰੇਗਾ। ਪਰ ਕਿਸਾਨਾਂ ਦੀ ਆਮਦਨ ਦੋ ਗੁਣਾ ਹੋਣ ਦਾ ਟੀਚਾ ਹਾਲੇ ਤੱਕ ਵੀ ਕਾਫ਼ੀ ਪਿੱਛੇ ਹੈ।

ਕੇਂਦਰ ਸਰਕਾਰ ਵਲੋਂ ਕਿਸਾਨਾਂ ਦੀ ਆਮਦਨ ਦੁਗਣੀ ਕਰਨ ਤੋਂ ਇਸ ਹੱਦ ਤੱਕ ਮੁੱਖ ਮੋੜ ਲਿਆ ਗਿਆ ਕਿ ਕੇਂਦਰੀ ਨੇਤਾ ਜਿਹੜੇ 2016 'ਚ ਕਿਸਾਨਾਂ ਦੀ ਆਮਦਨ ਦੁਗਣੀ ਕਰਨ ਦੀ ਗੱਲ ਕਰਦੇ ਸਨ, ਉਹ 2022 'ਚ ਇਸ ਮਾਮਲੇ 'ਚ ਕਹਿਣੀ ਤੇ ਕਥਨੀ ਦੋਹਾਂ ਪਾਸਿਆਂ ਤੋਂ ਚੁੱਪੀ ਸਾਧੀ ਬੈਠੇ ਹਨ।

ਚਿੰਤਕ ਸਵਾਲ ਖੜੇ ਕਰਦੇ ਹਨ ਕਿ ਮੋਦੀ ਸਰਕਾਰ ਵਲੋਂ ਕਿਸਾਨਾਂ ਦੀ ਆਮਦਨ ਦੋ ਗੁਣੀ ਕਰਨਾ ਕੀ ਸਰਕਾਰ ਦਾ ਮਿਸ਼ਨ ਸੀ ਜਾਂ ਕੀ ਸਰਕਾਰ ਦਾ ਵਿਜ਼ਨ ਸੀ ਜਾਂ ਫਿਰ ਇਹ ਨਿਰੀ ਸਕੀਮ ਸੀ। ਕਿਸੇ ਨੇ ਵੀ ਕਦੇ ਇਸ ਬਾਰੇ ਸਰਕਾਰੀ ਪੱਖ ਉਜਾਗਰ ਨਹੀਂ ਕੀਤਾ। ਜਾਪਦਾ ਹੈ ਮੋਦੀ ਸਰਕਾਰ ਕਿਸਾਨ ਸੰਘਰਸ਼ 'ਚ ਕਿਸਾਨਾਂ ਦੀ ਜਿੱਤ ਤੋਂ ਬਾਅਦ ਜਿਵੇਂ ਕਿਸਾਨਾਂ ਨੂੰ ਭੁੱਲ ਹੀ ਗਈ ਹੈ।

ਸਰਕਾਰ ਨੂੰ ਇਹ ਸਮਝਣਾ ਪਵੇਗਾ ਕਿ ਖੇਤੀ ਖੇਤਰ ਜਿੰਨਾ ਮਜ਼ਬੂਤ ਅਤੇ ਫਾਇਦੇਮੰਦ ਹੋਵੇਗਾ, ਦੇਸ਼ ਉਤਨਾ ਹੀ ਮਜ਼ਬੂਤ ਹੋਏਗਾ। ਪਿਛਲੇ ਕੁਝ ਸਾਲ ਖੇਤੀ ਖੇਤਰ ਭਾਰਤੀ ਅਰਥ ਵਿਵਸਥਾ ਦਾ ਇੱਕ ਮਾਤਰ ਚਮਕਦਾ ਖੇਤਰ ਰਿਹਾ ਹੈ। ਖੇਤੀ ਭਾਰਤੀ ਅਰਥ ਵਿਵਸਥਾ ਦਾ ਵੱਡਾ ਭਾਰ ਚੁੱਕ ਰਹੀ ਹੈ। ਕਰੋਨਾ ਮਹਾਂਮਾਰੀ ਦੌਰਾਨ ਖੇਤੀ ਖੇਤਰ ਨੇ ਉਤਪਾਦਨ ਅਤੇ ਐਕਸਪੋਰਟ ਦੇ ਮੋਰਚੇ ਤੇ ਆਸ ਦੀ ਕਿਰਨ ਜਗਾਈ। ਇਹੋ ਜਿਹੇ ਹਾਲਤਾਂ ਵਿੱਚ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਖੇਤੀ ਖੇਤਰ ਦਾ ਵਿਕਾਸ 5 ਖਰਬ ਡਾਲਰ ਦੀ ਅਰਥ ਵਿਵਸਥਾ ਦਾ ਚਣੌਤੀਪੂਰਨ ਟੀਚਾ ਪੂਰਾ ਕਰਨ ਲਈ ਜ਼ਰੂਰੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editor | Gyan Singh, |
| Office Admin | Sajandeep Singh |
| Graphic Designer | Angrez Singh<br>Komal Matharu |
| Photographer | Kanwaljit Singh Kanwal |
| Distributer<br>Marketing: | Bhupinder Dhillon<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਦੇਸ਼ ਦੀ ਆਰਥਿਕਤਾ ਅਤੇ ਪ੍ਰਦੂਸ਼ਣ



ਡਾ. ਅਮਨਪ੍ਰੀਤ ਸਿੰਘ ਬਰਾੜ
96537-90000

ਅੱਜ ਦੇਸ਼ ਦੀ ਅਰਥ ਵਿਵਸਥਾ ਨੂੰ ਲੈ ਕੇ ਬੜੀ ਅਜੀਬੋ ਗਰੀਬ ਸਥਿਤੀ ਬਣੀ ਹੋਈ ਹੈ। ਇਕ ਪਾਸੇ ਤਾਂ ਸਰਕਾਰ, ਆਈ ਐਮ ਐਫ ਅਤੇ ਵਿਸ਼ਵ ਬੈਂਕ ਵੱਲੋਂ ਭਾਰਤ ਦੀ ਆਰਥਿਕ ਸਥਿਤੀ ਨੂੰ ਮਜ਼ਬੂਤ ਦੱਸਿਆ ਜਾਂਦਾ ਹੈ ਪਰ ਜਦੋਂ ਇਹਨਾਂ ਰਿਪੋਰਟਾਂ ਦੀ ਬਾਰੀਕੀ ਨਾਲ ਘੋਖ ਕੀਤੀ ਜਾਂਦੀ ਹੈ ਤਾਂ ਪਤਾ ਲੱਗਦਾ ਹੈ ਕਿ ਵਿਸ਼ਵ ਅਜੰਸੀਆਂ ਵੀ ਭਾਰਤ ਨੂੰ ਕਿਤੇ ਨਾ ਕਿਤੇ ਚਿਤਾਵਨੀ ਦੇ ਰਹੀਆਂ ਹਨ। ਇਸ ਸਾਲ ਭਾਰਤ ਦੀ ਸੰਭਾਵੀ ਜੀ ਡੀ ਪੀ ਵਿੱਚ 6 ਤੋਂ 7 ਫੀ ਸਦੀ ਵਾਧਾ ਹੋਣ ਦੀ ਉਮੀਦ ਹੈ। ਇਸ ਦੇ ਨਾਲ-ਨਾਲ ਵਿਸ਼ਵ ਅਜੰਸੀਆਂ ਨੇ ਭਾਰਤ ਨੂੰ ਚਿਤਾਵਨੀ ਵੀ ਦਿੱਤੀ ਹੈ ਭਾਰਤ ਦੇ ਵਿੱਤੀ ਹਾਲਾਤ ਠੀਕ ਨਹੀਂ ਹਨ ਅਤੇ ਇਹਨਾਂ ਨੂੰ ਕੋਵਿਡ-19 ਦੀ ਸਥਿਤੀ ਤੋਂ ਪਹਿਲਾਂ ਵਾਲੇ ਦੌਰ ਵਿੱਚ ਜਾਣ ਲਈ ਸਮਾਂ ਲੱਗ ਸਕਦਾ ਹੈ। ਉਧਰ ਜੋ ਦੇਸ਼ ਨੇ ਕਰਜ਼ਾ ਲਿਆ ਹੈ ਉਸ ਦੇ ਵਿਆਜ ਦੀ ਰਕਮ ਵੱਧਣ ਨਾਲ, (ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ ਘੱਟਣ ਕਾਰਨ) ਅਤੇ ਵਪਾਰਕ ਘਾਟਾ ਵੱਧਣ ਕਾਰਨ ਦੇਸ਼ ਦੀ ਆਰਥਿਕਤਾ ਹੋਰ ਮਾੜੇ ਹਾਲਤਾਂ ਵੱਲ ਵੱਧ ਰਹੀ ਹੈ।

ਯੂ ਐਨ ਡੀ ਪੀ ਦੀ ਇਕ ਰਿਪੋਰਟ ਮੁਤਾਬਕ 2005-06 ਤੋਂ 2019-20 ਤੱਕ 15 ਸਾਲਾਂ ਵਿੱਚ 4150 ਲੱਖ ਲੋਕ ਗਰੀਬੀ ਰੇਖਾ ਤੋਂ ਉੱਪਰ ਉਠੇ ਸਨ ਪਰ ਜੋ ਅੰਕੜਾ 2020 ਵਿੱਚ ਲਿਆ ਗਿਆ ਹੈ ਉਸ ਮੁਤਾਬਕ ਅੱਜ ਵੀ ਭਾਰਤ ਵਿੱਚ ਦੁਨੀਆਂ ਦੇ ਮੁਕਾਬਲੇ ਸਭ ਤੋਂ ਜਿਆਦਾ 2289 ਲੱਖ ਲੋਕ ਗਰੀਬ ਹਨ। ਇਕ ਅੰਦਾਜਾ ਇਹ ਵੀ ਹੈ ਕਿ 2022 ਵਿੱਚ ਇਹ ਗਿਣਤੀ 30 ਕਰੋੜ ਹੋ ਗਈ ਹੈ। ਇਸ ਦਾ ਸਿੱਧਾ ਮਤਲਬ ਵੱਧਦੀ ਜੀ ਡੀ ਪੀ ਹੇਠਾਂ ਵੱਲ ਨਹੀਂ ਪਹੁੰਚਦੀ ਉਪਰਲੇ 5-7 ਪ੍ਰਤੀਸ਼ਤ ਲੋਕਾਂ ਕੋਲ ਹੀ ਜਮ੍ਹਾਂ ਹੋ ਜਾਂਦੀ ਹੈ।

ਗਰੀਬੀ ਦਾ ਮੁੱਖ ਕਾਰਨ ਹੈ ਕਿ ਲੋਕਾਂ ਵਿੱਚ ਬੇਰੋਜ਼ਗਾਰੀ ਭਾਵੇਂ ਦੇਸ਼ ਦੀ ਜੀ ਡੀ ਪੀ ਵਿੱਚ ਵਾਧਾ ਹੋ ਰਿਹਾ ਹੈ ਪਰ ਉਸ ਮੁਤਾਬਕ ਰੋਜ਼ਗਾਰ ਦੇ ਮੌਕੇ ਪੈਦਾ ਨਹੀਂ ਹੋ ਰਹੇ ਅਤੇ ਨਾ ਹੀ ਵੇਤਨ ਵਿੱਚ ਵਾਧਾ ਹੋ ਰਿਹਾ ਹੈ। ਭਾਵੇਂ ਬੇਰੋਜ਼ਗਾਰਾਂ ਲਈ ਮਨਰੇਗਾ ਵਰਗੀਆਂ ਸਕੀਮਾਂ ਚਾਲੂ ਹਨ ਪਰ ਉਸ ਵਿੱਚ ਵੀ ਸਾਲ ਵਿੱਚ ਔਸਤ ਰੋਜ਼ਗਾਰ ਦੇ ਤਕਰੀਬਨ 27 ਦਿਨ ਹੀ ਬਣਦੇ ਹਨ। ਅਰਥ ਸ਼ਾਸਤਰ ਦਾ ਸਿਧਾਂਤ ਹੈ ਕਿ ਜੇ ਰੋਜ਼ਗਾਰ ਪੈਦਾ ਕਰਨੇ ਹਨ ਤਾਂ ਲੋਕਾਂ ਦੇ ਹੱਥਾਂ ਵਿੱਚ ਪੈਸਾ ਦਿਓ। ਉਸ ਪੈਸੇ ਨਾਲ ਉਹ ਵਸਤੂਆਂ ਖਰੀਦਣਗੇ ਅਤੇ ਉਹਨਾਂ ਵਸਤੂਆਂ ਦੀ ਖਪਤ ਹੋਰ ਵਸਤੂਆਂ ਦੇ ਉਤਪਾਦ ਪੈਦਾ ਕਰੇਗੀ ਭਾਵ ਰੋਜ਼ਗਾਰ ਵਧੇਗਾ। ਕਰੋਨਾ ਕਾਲ ਤੋਂ ਲੈ ਕੇ ਹੁਣ ਤੱਕ ਸਰਕਾਰ ਨੇ 80 ਕਰੋੜ ਲੋਕਾਂ ਨੂੰ 5 ਕਿਲੋ ਅਨਾਜ ਤਾਂ ਮੁਫਤ ਦਿੱਤਾ ਪਰ ਰੋਜ਼ਗਾਰ ਨਹੀਂ ਦਿੱਤਾ। ਹੁਣ 5 ਕਿਲੋ ਅਨਾਜ ਬੰਦ ਕਰਕੇ ਜਿਹੜਾ 35 ਕਿਲੋ ਅਨਾਜ ਜੋ ਪਹਿਲਾਂ ਸਸਤਾ ਦਿੱਤਾ ਜਾਂਦਾ ਸੀ ਉਸ ਨੂੰ ਮੁਫਤ ਕਰ ਦਿੱਤਾ ਹੈ। ਕਾਰੋਬਾਰੀਆਂ ਨੂੰ ਇੰਡਸਟਰੀਅਲ ਖੇਤਰ ਦੀ ਪੈਦਾਵਾਰ ਵਧਾਉਣ ਲਈ ਲੱਖਾਂ ਰੁਪਏ ਸਸਤੇ ਕਰਜ਼ੇ ਦੇ ਰੂਪ ਵਿੱਚ ਦਿੱਤੇ ਗਏ ਪਰ ਉਹ ਵੀ ਢੁੱਕਵਾਂ ਰੋਜ਼ਗਾਰ ਪੈਦਾ ਕਰਨ ਵਿੱਚ ਸਹਾਈ ਨਹੀਂ ਹੋਏ। ਜ਼ਿਕਰਯੋਗ ਹੈ ਕਿ ਜਿਨ੍ਹਾਂ ਦੀਆਂ ਕਰੋਨਾ ਕਾਲ ਵਿੱਚ ਨੌਕਰੀਆਂ ਗਈਆਂ ਉਹਨਾਂ ਨੂੰ ਵੀ ਸਾਰਿਆ ਨੂੰ ਦੋਬਾਰਾ ਨੌਕਰੀਆਂ ਅਜੇ ਤੱਕ ਨਹੀਂ ਮਿਲੀਆਂ ਖਾਸ ਕਰਕੇ ਔਰਤਾਂ ਨੂੰ।

ਅੱਜ ਆਮ ਲੋਕਾਂ ਨੂੰ ਆਏ ਦਿਨ ਰੋਟੀ ਦੀ ਚਿੰਤਾ ਸਤਾਈ ਜਾ ਰਹੀ ਹੈ ਕਿਉਂਕਿ ਮਹਿਗਾਈ ਰੁਕਣ ਦਾ ਨਾਮ ਨਹੀਂ ਲੈਂਦੀ। ਆਟੇ ਦਾ ਰੇਟ ਆਏ ਦਿਨ ਵੱਧ ਰਿਹਾ ਹੈ ਜਿਹੜੀ ਕਣਕ ਕਿਸਾਨਾਂ ਕੋਲੋਂ 2015 ਰੁਪਏ ਪ੍ਰਤੀ ਕੁਇੰਟਲ ਖਰੀਦੀ ਗਈ ਉਸ ਦਾ ਅਜ ਕਲ ਮੰਡੀ ਵਿੱਚ ਮੁੱਲ 2800 ਰੁਪਏ ਪ੍ਰਤੀ ਕੁਇੰਟਲ ਹੈ ਅਤੇ ਕਣਕ ਦਾ ਆਟਾ 36 ਤੋਂ 38 ਰੁਪਏ ਕਿਲੋ ਪੰਜਾਬ ਵਿੱਚ ਹੀ ਮਿਲ ਰਿਹਾ ਹੈ ਜੋ ਕਣਕ ਦਾ ਘਰ ਗਿਣਿਆ ਜਾਂਦਾ ਹੈ। ਇਸੇ ਤਰ੍ਹਾਂ ਦਵਾਈਆਂ ਦੀਆਂ ਕੀਮਤਾਂ ਵਿੱਚ ਵੀ ਕਰੋਨਾ ਕਾਲ ਵਿੱਚ 25 ਤੋਂ 150 ਫੀ ਸਦੀ ਤੱਕ ਵਾਧਾ ਹੋਇਆ ਹੈ। ਉਧਰ ਹਿਮਾਚਲ ਵਿੱਚ ਬਣਨ ਵਾਲੀਆਂ ਬਹੁਤੀਆਂ ਦਵਾਈਆਂ ਗੈਰ ਮਿਆਰੀ ਨਿਕਲੀਆਂ। ਹੁਣ ਸਰਕਾਰ ਨੇ ਵੀ ਜ਼ਿੰਦਗੀ ਬਚਾਉਣ ਵਾਲੀਆਂ ਜ਼ਰੂਰੀ ਦਵਾਈਆਂ ਦੀਆਂ ਕੀਮਤਾਂ ਵਿੱਚ 10.7 ਫੀ ਸਦੀ ਵਾਧਾ ਕਰਨ ਦੀ ਮੰਨਜ਼ੂਰੀ ਦੇ ਦਿੱਤੀ ਹੈ। ਇਹਨਾਂ ਹਾਲਤਾਂ ਵਿੱਚ ਦੇਸ਼ ਦੀ 90 ਤੋਂ 95 ਪ੍ਰਤੀਸ਼ਤ ਅਬਾਦੀ ਨੂੰ ਪਰਿਵਾਰ ਦੀਆਂ ਰੋਜ਼ਮਰ੍ਹਾਂ ਦੀਆਂ ਜ਼ਰੂਰਤਾਂ ਪੂਰੀਆਂ ਕਰਨੀਆਂ ਔਖੀਆਂ ਹਨ।

ਇਹਨਾਂ ਹਾਲਾਤਾਂ ਵਿੱਚ 5 ਫੀਸਦੀ ਉਹ ਲੋਕ ਹਨ ਜੋ ਦੇਸ਼ ਦੀ 72 ਫੀਸਦੀ ਪੂੰਜੀ ਸਾਭੀਂ ਬੈਠੇ ਹਨ। ਇਹਨਾਂ ਨੂੰ ਨਾ ਕੋਈ ਮਹਿੰਗਾਈ ਦੀ ਫਿਕਰ ਨਾ ਰੋਜ਼ਗਾਰ ਦੀ ਚਿੰਤਾ ਪਰ ਜੇ ਫਿਕਰ ਹੈ ਤਾਂ ਉਹ ਹੈ ਹਵਾ ਦੇ ਪ੍ਰਦੂਸ਼ਣ ਦੀ। ਭਾਵੇਂ ਇਹਨਾਂ ਨੇ ਕਦੇ ਖੁੱਲ੍ਹੀ ਹਵਾ ਵਿੱਚ ਸਾਹ ਹੀ ਨਹੀਂ ਲਿਆ ਕਿਉਂਕਿ ਇਹਨਾਂ ਦੀਆਂ ਕਾਰਾਂ ਦਫਤਰ ਅਤੇ ਘਰ ਸਭ ਕੁਝ ਏਅਰ ਕੰਡੀਸ਼ਨ ਹਨ। ਉਹਨਾਂ ਵਿੱਚ ਨਾ ਪਰਾਲੀ ਦਾ ਧੂੰਆਂ ਪਹੁੰਚੇ ਨਾ ਕਾਰਾਂ ਮੋਟਰਾਂ ਦਾ ਪਰ ਫਿਰ ਵੀ ਇਹ ਦੋਹਾਂ ਪ੍ਰਦੂਸ਼ਣਾਂ ਤੋਂ ਚਿੰਤਤ ਹਨ। ਇਹਨਾਂ ਨੂੰ ਨਾ ਫੈਕਟਰੀਆਂ ਵਿੱਚੋਂ ਨਿਕਲਦਾ ਧੂੰਆਂ ਦਿਸਦਾ ਹੈ ਅਤੇ ਨਾ ਹੀ ਫੈਕਟਰੀਆਂ ਦਾ ਗੰਦਾ ਪਾਣੀ ਜੋ ਬਹੁਤੇ ਹੁਣ ਧਰਤੀ ਵਿੱਚ ਬੋਰ ਕਰਕੇ ਹੀ ਪਾਉਣ ਲੱਗ ਪਏ ਉਸ ਦੀ ਚਿੰਤਾ ਹੈ। ਜਿਹੜਾ ਮਿੱਟੀ ਘੱਟਾ ਸ਼ਹਿਰਾਂ ਵਿੱਚ ਉੱਡਦਾ ਹੈ ਉਹ ਪ੍ਰਦੂਸ਼ਣ ਅਤੇ ਬਿਮਾਰੀਆਂ ਦਾ ਸਭ ਤੋਂ ਵੱਡਾ ਸਰੋਤ ਹੈ। ਗੰਦੇ ਕਿਟਾਣੂਆਂ ਵਾਲੀ ਮਿੱਟੀ ਫੇਫੜਿਆਂ ਅੰਦਰ ਭਲੀ ਨਹੀਂ ਗੁਜ਼ਾਰਦੀ ਇਸ ਵੱਲ ਵੀ ਕਿਸੇ ਦਾ ਧਿਆਨ ਨਹੀਂ।

ਪ੍ਰਦੂਸ਼ਣ ਦੇ ਸਰੋਤ:- ਜੇ ਵੱਖ-ਵੱਖ ਸਰੋਤਾਂ ਤੋਂ ਕਾਰਬਨ ਦੇ ਪ੍ਰਦੂਸ਼ਣ ਦੀ ਗੱਲ ਕਰੀਏ ਜਿਸ ਕਰਕੇ ਵਾਹਨ ਸਕਰੈਪ ਨੀਤੀ ਲਿਆਂਦੀ ਹੈ ਤਾਂ ਉਸ ਵਿੱਚ ਪਾਵਰ ਸੈਕਟਰ ਦਾ 34, ਇੰਡਸਟਰੀ ਦਾ 28, ਖੇਤੀ ਬਾੜੀ ਦਾ 17.8, ਟਰਾਂਸਪੋਰਟ ਦਾ 9, ਪਾਣੀ ਅਤੇ ਸਲੱਜ ਦਾ 6.2 ਅਤੇ ਇਮਾਰਤਾਂ ਦਾ 4.5 ਪ੍ਰਤੀਸ਼ਤ ਯੋਗਦਨ ਹੈ। ਸਰਕਾਰੀ ਅਨੁਮਾਨ ਇਹ ਹੈ ਕਿ ਪੁਰਾਣੇ ਵਾਹਨ ਸੜਕਾਂ ਤੋਂ ਹਟਾਉਣ ਨਾਲ ਵਾਹਨਾਂ ਦਾ ਪ੍ਰਦੂਸ਼ਣ 25 ਤੋਂ 30 ਪ੍ਰਤੀਸ਼ਤ ਘੱਟ ਜਾਵੇਗਾ। ਮਤਲਬ ਕਿ ਕੁੱਲ ਪ੍ਰਦੂਸ਼ਣ 2.5 ਤੋਂ 3 ਫੀਸਦੀ ਤੱਕ ਘੱਟੇਗਾ। ਕੀ ਇਹ ਸੋਚਿਆ ਹੈ ਕਿ 2.5 ਤੋਂ 3 ਪ੍ਰਤੀਸ਼ਤ ਪ੍ਰਦੂਸ਼ਣ ਘਟਾਉਣ ਦੀ ਕਿੰਨੀ ਕੀਮਤ ਦੇਣੀ ਪਵੇਗੀ। ਅੱਜ ਬਹੁਤ ਸਾਰੇ ਗਰੀਬ ਅਤੇ ਮਿਡਲ ਕਲਾਸ ਦੇ ਲੋਕੀ ਹਨ ਜਿੰਨਾਂ ਨੇ ਆਪਣੀ ਜਿੰਦਗੀ ਵਿੱਚ ਇਕ ਹੀ ਵਾਹਣ ਖਰੀਦਿਆ ਹੈ। ਉਸਨੂੰ ਆਪਣੀ ਜਾਨ ਨਾਲੋ ਪਿਆਰਾ ਰੱਖ ਕੇ ਉਸ ਨੂੰ ਕਿਤੇ ਕਿਤੇ ਵਰਤਿਆ ਕਿਉਂਕਿ ਵਰਤਣ ਲਈ ਪੈਟਰੋਲ ਦੇ ਪੈਸੇ ਭੀ ਚਾਹੀਦੇ ਹਨ। ਆਮ ਦਰਮਿਆਨੀ ਆਮਦਨ ਵਾਲੇ (20000 ਤੋਂ 40000 ਮਹੀਨਾ ਕਮਾਉਣ ਵਾਲੇ) ਪਰਿਵਾਰਾਂ ਦੇ ਵਾਹਨ 20-20 ਸਾਲ ਵਿੱਚ ਭੀ ਇਕ ਲੱਖ ਕਿਲੋਮੀਟਰ ਨਹੀ ਚੱਲਦੇ। ਇਹੋ ਜਿਹੇ ਵਾਹਨਾ ਨੂੰ ਸਕਰੈਪ ਵਿੱਚ ਪਾਉਣਾ, ਜਿਥੇ ਇਹਨਾਂ ਪਰਿਵਾਰਾ ਨਾਲ ਜਿਆਦਤੀ ਹੈ, ਉਥੇ ਕੌਮੀ ਨੁਕਸਾਨ ਭੀ ਹੈ।

ਰੋਜ਼ਗਾਰ ਤੇ ਅਸਰ - ਸਰਕਾਰ ਦਾ ਇਹ ਵੀ ਤਰਕ ਆ ਰਿਹਾ ਹੈ ਇਸ ਪਾਲਸੀ ਨਾਲ 10000 ਕਰੋੜ ਦਾ ਨਿਵੇਸ਼ ਹੋਵੇਗਾ ਤੇ 50,000 ਨੌਕਰੀਆ ਪੈਦਾ ਹੋਣਗੀਆ (ਬਜਟ ਸਪੀਚ ਵਿੱਚ 35,000 ਨੌਕਰੀਆਂ ਕਿਹਾ ਗਿਆ ਸੀ)। ਨਵੀਆਂ ਨੌਕਰੀਆ ਦਾ ਸਰਕਾਰ ਨੇ ਅੰਦਾਜ਼ਾ ਲਗਾ ਲਿਆ ਪਰ ਇਹ ਨਹੀਂ ਦੱਸਿਆ ਕਿ ਕਿੰਨੇ ਲੋਕੀ ਬੇਰੁ-ਜਗਾਰ ਹੋ ਜਾਣਗੇ ਕਿਉਂਕਿ ਜਿਆਦਾ ਪੁਰ-ਾਣੇ ਵਾਹਨਾ ਨੂੰ ਹੀ ਮੁਰਮੱਤ ਦੀ ਲੋੜ ਹੁੰਦੀ ਹੈ, ਉਹਨਾਂ ਦੇ ਘਸੇ ਪੁਰਜੇ ਬਦਲਣ ਲਈ ਛੋਟੇ ਛੋਟੇ ਮਕੈਨਿਕ ਹਰ ਪਿੰਡ ਅਤੇ ਸ਼ਹਿਰ ਵਿੱਚ ਆਪਣਾ ਰੋਜਗਾਰ ਚਲਾਉਂਦੇ ਹਨ। ਪੁਰਜੇ ਬਨਾਉਣ ਵਾਲੇ, ਵੇਚਣ ਵਾਲੇ ਅਤੇ ਮਕੈਨਿਕ ਸਾਰਿਆਂ ਦਾ ਹੀ ਕੰਮ ਘਟੇਗਾ ਅਤੇ ਉਹ ਵੇਹਲੇ ਹੋ ਜਾਣਗੇ। ਨਾਲ ਹੀ ਛੋਟੇ ਛੋਟੇ ਸਕਰੈਪ ਡੀਲਰ ਜੋ ਅੱਜ ਕੰਮ ਕਰ ਰਹੇ ਹਨ ਤੇ ਇਸ ਪਾਲਸੀ ਨਾਲ ਵਿਹਲੇ ਹੋ ਜਾਣਗੇ ਕਿਉਂਕਿ ਵੱਡੇ ਸਕਰੈਪ ਯਾਰਡ ਤਾਂ ਕਾਰਪੋਰੇਟ ਦੇ ਹੀ ਬਣਨਗੇ। ਲੋਹੇ ਦੇ ਛੋਟੇ ਕਾਰਖਾਨੇ ਬੰਦ ਹੋ ਜਾਣਗੇ।

ਵਾਤਾਵਰਣ ਸ਼ੁੱਧ ਰੱਖਣਾ ਭੀ ਜਰੂਰੀ ਹੈ ਪਰ ਪੁਰਾਣੇ ਵਾਹਨ ਚਲਾਉਣਾ ਮੱਧ ਵਰਗ ਅਤੇ ਗਰੀਬਾਂ ਦੀ ਮਜਬੂਰੀ ਹੈ। ਸਰਕਰ ਨੂੰ ਇਹਨਾਂ ਦੋ ਵਰਗਾਂ ਨੂੰ ਇਕ ਹੋਰ ਵਿਕਲਪ ਦੇਣਾ ਚਾਹੀਦਾ ਕਿਉਂਕਿ ਤੇਲ ਦੀ ਖਪਤ ਅਤੇ ਪ੍ਰਦੂਸ਼ਣ ਸਿਰਫ ਇੰਜਨ ਕਰਕੇ ਹੀ ਹੁੰਦਾ। ਜਿਵੇ ਪੁਰਾਣੇ ਪ੍ਰਿਆ ਸਕੂਟਰ ਵਿੱਚ ਚੇਤਕ ਦਾ ਕਾਰਬੂਰੇਟਰ ਲਗਾ ਦਿਉ ਤਾਂ ਉਸ ਦੀ ਐਵਰੇਜ ਵੱਧ ਜਾਂਦੀ ਹੈ ਇੰਜਨ ਡੀਕਾਰਬੋਨਾਈਜ਼ ਕਰਕੇ ਪ੍ਰਦੂਸ਼ਣ ਘੱਟ ਜਾਂਦਾ ਹੈ ਇਸ ਤੋਂ ਇਲਾਵਾ ਇੰਜਨ ਵੀ ਬਦਲਿਆ ਜਾ ਸਕਦਾ ਹੈ ਇਸ ਨਾਲ ਘੱਟ ਖਰਚੇ ਨਾਲ ਵੀ ਪ੍ਰਦੂਸ਼ਣ ਦੀ ਸੱਮਸਿਆ ਹੱਲ ਹੋ ਸਕਦੀ ਹੈ। ਏਸ ਤਰ੍ਹਾਂ ਦੇ ਹੋਰ ਵਿਕਲਪ ਵੀ ਖੋਜੇ ਜਾ ਸਕਦੇ ਹਨ।

ਬਿਜਲੀ ਵਾਲੇ ਵਾਹਨ:- ਅੱਜ ਦੁਨੀਆਂ ਭਰ ਦੇ ਦੇਸ਼ ਹਵਾ ਵਿੱਚ ਵੱਧਦੀ ਕਾਰਬਨ ਅਤੇ ਤਾਪਮਾਨ ਤੋਂ ਚਿੰਤਤ ਹੋ ਕੇ ਹਵਾ ਵਿੱਚੋਂ ਕਾਰਬਨ ਘਟਾਉਣ ਦੇ ਯਤਨਾਂ ਵਿੱਚ ਰੁੱਝੇ ਹੋਏ ਹਨ। ਇਸੇ ਯਤਨ ਤਹਿਤ ਭਾਰਤ ਸਰਕਾਰ ਵੀ ਵਾਹਨਾਂ ਮਗਰ ਪਈ ਹੋਈ ਹੈ ਕਦੇ ਪੁਰਾਣੇ ਸਕਰੈਪ ਕਰਕੇ ਨਵੇਂ ਖਰੀਦੋ, ਕਦੇ ਭਾਰਤ ਚਾਰ ਅਤੇ ਭਾਰਤ 6 ਦਾ ਰੌਲਾ ਅਤੇ ਕਦੇ ਬਿਜਲੀ ਨਾਲ ਚੱਲਣ ਵਾਲੇ, ਹਾਲਾਂ ਕਿ ਦੇਸ਼ ਦੀ ਕੁੱਲ ਕਾਰਬਨ ਪੈਦਾ ਕਰਨ ਵਿੱਚ ਵਾਹਨਾਂ ਦਾ ਯੋਗਦਾਨ ਸਿਰਫ 9 ਪ੍ਰਤੀਸ਼ਤ ਹੈ ਪਰ ਫਿਰ ਵੀ ਆਮ ਲੋਕਾਂ ਤੇ ਇਸ ਦਾ ਭਾਰ ਪਾਇਆ ਜਾ ਰਿਹਾ ਹੈ। ਟੀਚਾ ਇਹ ਮਿਥਿਆ ਗਿਆ ਹੈ ਕਿ 2027 ਤੱਕ 30-40 ਪ੍ਰਤੀਸ਼ਤ ਵਾਹਨ ਬਿਜਲੀ ਨਾਲ ਚੱਲਣ ਵਾਲੇ ਹੋਣਗੇ। ਇਸੇ ਯੋਜਨਾ ਤਹਿਤ ਸਰਕਾਰ ਨੇ 6400 ਬਿਜਲੀ ਵਾਲੀਆਂ ਬੱਸਾਂ ਖਰੀਦਣ ਦਾ ਇਕ ਟੈਂਡਰ ਕੱਢਿਆ ਹੈ। ਉਧਰ ਦੇਸ਼ ਵਿੱਚ 52 ਫੀਸਦੀ ਬਿਜਲੀ ਕੋਇਲੇ ਨਾਲ ਤਿਆਰ ਹੁੰਦੀ ਹੈ ਜੋ ਬੈਟਰੀ ਚਾਰਜ ਕਰਨ ਲਈ ਵਰਤੀ ਜਾਣੀ ਹੈ। ਬੈਲਜੀਅਮ ਦੀ ਲੀਜ (ਲ਼ੀਓਘਓ) ਯੂਨੀਵਰਸਿਟੀ ਦੇ ਸਾਇੰਸਦਾਨ ਡੇਮੀਅਨ ਅਰਨਸਟ (ਧਅੰਓਿ ਓ੍ਰਂਸ਼ਠ) ਮੁਤਾਬਕ ਬਿਜਲੀ ਤੇ ਚੱਲਣ ਵਾਲੇ ਵਾਹਣ, ਵੱਖ-ਵੱਖ ਕਾਰਾਂ 67000 ਤੋਂ 1,51,000 ਕਿਲੋਮੀਟਰ ਚੱਲਣ ਤੋਂ ਬਾਅਦ ਹੀ ਕਾਰਬਨ ਵਿੱਚ ਕਫਾਇਤ ਕਰਦੇ ਹਨ। ਇਸ ਦਾ ਮਤਲਬ ਹੈ ਜਿੰਨੀ ਕਾਰਬਨ ਡਾਇਅਕਸਾਈਡ ਪਟਰੋਲ ਵਾਲੇ ਵਾਹਣ ਨੇ ਉਪਰੋਕਤ ਕਿਲੋਮੀਟਰ ਚੱਲ ਕੇ ਛੱਡਣੀ ਹੈ ਬਿਜਲੀ ਵਾਲੇ ਵਾਹਣ ਨੇ ਬਣਨ ਵਿੱਚ ਹੀ ਉਹਨੀ ਵੱਧ ਕਾਰਬਨ ਖਪਤ ਕਰ ਲਈ।

ਹੱਲ:- ਕੁੱਲ ਮਿਲਾ ਕੇ ਸਾਨੂੰ ਆਪਣੇ ਦੇਸ਼ ਦੀ ਆਰਥਿਕ ਸਤਿਥੀ ਨੂੰ ਮੁੱਖ ਰੱਖ ਕੇ ਹਵਾ ਵਿੱਚੋਂ ਕਾਰਬਨ ਅਤੇ ਗਰੀਨ ਹਾਊਸ ਗੈਸਾਂ ਘਟਾਉਣ ਲਈ ਵਾਹਨਾਂ ਦੀ ਅਦਲਾ ਬਦਲੀ ਨਾਲੋਂ ਹੋਰ ਸਰੋਤ ਲੱਭਣੇ ਚਾਹੀਦੇ ਹਨ ਜਿਵੇਂ ਕਿ ਬਿਜਲੀ ਘਟਾਉਣ ਲਈ ਕੋਇਲੇ ਦੀ ਜਗ੍ਹਾ ਸੂਰਜ ਅਤੇ ਪਾਣੀ ਦੀ ਵਰਤੋਂ। ਪੈਟਰੋਲ ਡੀਜਲ ਦੀ ਜਗ੍ਹਾ ਸੀ ਐਨ ਜੀ ਜਿਥੋਂ ਤੱਕ ਹੋ ਸਕੇ। ਉਸ ਤੋਂ ਅੱਗੇ ਜਿਹੜੇ ਜੰਗਲ ਅੰਦਰੋਂ ਖਾਲੀ ਪਏ ਹਨ ਉਥੇ ਬੂਟੇ ਲਗਾ ਕੇ ਅਤੇ ਸੜਕਾਂ ਦੇ ਕਿਨਾਰਿਆਂ ਤੇ ਤਾਂ ਕਿ ਹਵਾ ਵਾਲੀ ਕਾਰਬਨ ਨੂੰ ਬਨਾਸਪਤੀ ਵਿੱਚ ਜਮ੍ਹਾ ਕਰੀਏ।

## ਗਣਿਤ ਦੇ ਨਾਲ ਪਿਆਰ

-ਵਿਜੈ ਗਰਗ-

ਯੂਨਾਨੀ ਗਣਿਤ-ਸ਼ਾਸਤਰੀ ਅਤੇ ਖੋਜੀ ਆਰਕੀਮੀਡੀਜ਼ ਇੱਕ ਰੇਖਾ-ਗਣਿਤ ਚਿੱਤਰ ਦਾ ਵਿਸ਼ਲੇਸ਼ਣ ਕਰਨ ਵਿੱਚ ਇੰਨਾ ਰੁੱਝਿਆ ਹੋਇਆ ਸੀ ਕਿ ਉਸ ਨੇ ਹਮਲਾਵਰ ਰੋਮੀ ਸਿਪਾਹੀ ਵੱਲ ਧਿਆਨ ਨਹੀਂ ਦਿੱਤਾ ਜਿਸ ਨੇ ਉਸ ਨੂੰ ਤੇਜ਼ੀ ਨਾਲ ਮਾਰ ਦਿੱਤਾ। ਉਸਦੀ ਕਬਰ ਨੂੰ ਇੱਕ ਗੋਲਾ ਅਤੇ ਇੱਕ ਸਿਲੰਡਰ ਦੁਆਰਾ ਘੇਰਿਆ ਗਿਆ ਸੀ ਜਿਸਨੂੰ ਆਰਕੀਮੀਡੀਜ਼ ਨੇ ਗਣਿਤ ਲਈ ਆਪਣੇ ਪਿਆਰ ਦਾ ਪ੍ਰਦਰਸ਼ਨ ਕਰਨ ਲਈ ਬੇਨਤੀ ਕੀਤੀ ਸੀ। ਵੀਹ ਸਦੀਆਂ ਬਾਅਦ, 1789 ਵਿੱਚ, ਇੱਕ 13 ਸਾਲਾਂ ਦੀ ਫਰਾਂਸੀਸੀ ਕੁੜੀ ਨੇ ਸੋਚਿਆ ਕਿ ਗਣਿਤ ਵਿੱਚ ਅਜਿਹਾ ਕੀ ਸੀ ਜਿਸ ਨੇ ਆਰਕੀਮੀਡੀਜ਼ ਨੂੰ ਘਾਤਕ ਤੌਰ 'ਤੇ ਮੋਹ ਲਿਆ। ਸੋਫੀ ਜਰਮੇਨ ਨੂੰ ਇਸ ਵਿਸ਼ੇ ਨਾਲ ਇੰਨਾ ਪਿਆਰ ਹੋ ਜਾਵੇਗਾ ਕਿ ਉਹ ਇਕੱਲੇ ਗਣਿਤ ਦੀ ਪੜ੍ਹਾਈ ਕਰਨ ਲਈ ਸਾਰੇ ਸਮਾਜਿਕ ਨਿਯਮਾਂ ਦੀ ਉਲੰਘਣਾ ਕਰੇਗੀ। ਫਰਮੈਟ ਦੇ ਆਖਰੀ ਸਿਧਾਂਤ 'ਤੇ ਸੋਫੀ ਦਾ ਕੰਮ ਸੰਖਿਆ ਸਿਧਾਂਤ ਦੀ ਖੋਜ ਕਰਨ ਵਾਲੇ ਭਵਿੱਖ ਦੇ ਗਣਿਤ ਵਿਗਿਆਨੀਆਂ ਲਈ ਇੱਕ ਠੋਸ ਨੀਂਹ ਬਣਾਏਗਾ। ਅਤੇ ਫਰਾਂਸ ਵਿੱਚ ਗਣਿਤ ਦਾ ਅਧਿਐਨ ਕਰਨ ਵਾਲੀ ਇਕੱਲੀ ਔਰਤ ਹੋਣ ਦੀ ਉਸਦੀ ਹਿੰਮਤ, ਭਾਵੇਂ ਇੱਕ ਆਦਮੀ ਦੇ ਰੂਪ ਵਿੱਚ, ਬਹੁਤ ਸਾਰੀਆਂ ਹੋਰ ਕੁੜੀਆਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰੇਗੀ। ਸੰਖਿਆਵਾਂ ਦਾ ਇਹ ਪਿਆਰ ਅਤੇ ਜਿਓਮੈਟ੍ਰਿਕਲ ਆਕਾਰਾਂ ਲਈ ਇਹ ਪਿਆਰ ਸਰਵ ਵਿਆਪਕ ਹੈ। ਭਾਰਤ ਨਾਲੋਂ ਅਮੀਰ ਇਤਿਹਾਸ ਅਤੇ ਗਣਿਤ ਲਈ ਵਧੇਰੇ ਜਨੂੰਨ ਵਾਲਾ ਕੋਈ ਹੋਰ ਦੇਸ਼ ਨਹੀਂ ਹੈ। ਦਰਅਸਲ, ਇਹ ਭਾਰਤ ਵਿੱਚ ਸੀ ਕਿ ਜ਼ੀਰੋ ਨੂੰ ਪਹਿਲੀ ਵਾਰ ਇੱਕ ਸੰਖਿਆ ਦੇ ਰੂਪ ਵਿੱਚ ਦੇਖਿਆ ਗਿਆ ਸੀ। ਅਤੇ ਜ਼ੀਰੋ ਤੋਂ ਬਾਕੀ ਸਭ ਕੁਝ ਆਇਆ. ਇੱਕ ਵਾਰ ਜ਼ੀਰੋ ਦੀ ਥਾਂ 'ਤੇ, ਪ੍ਰਾਚੀਨ ਭਾਰਤੀਆਂ ਨੇ ਤੇਜ਼ੀ ਨਾਲ ਉੱਚ ਗਣਿਤ ਦਾ ਅਧਿਐਨ ਕਰਨ ਲਈ ਤਰੱਕੀ ਕੀਤੀ। ਨਕਾਰਾਤਮਕ ਸੰਖਿਆਵਾਂ, ਗਣਿਤ, ਬੀਜਗਣਿਤ, ਕੈਲਕੂਲਸ ਅਤੇ ਤਿਕੋਣਮਿਤੀ ਦੇ ਵਿਚਾਰ ਦੀ ਸ਼ੁਰੂਆਤੀ ਖੋਜ ਸਾਰੇ ਭਾਰਤੀ ਗਣਿਤ ਵਿਗਿਆਨੀਆਂ ਦੁਆਰਾ ਕਰਵਾਏ ਗਏ ਸਨ। ਸੱਤਵੀਂ ਸਦੀ ਵਿੱਚ, ਖਗੋਲ-ਵਿਗਿਆਨੀ ਬ੍ਰਹਮਗੁਪਤ ਨੇ ਚਤੁਰਭੁਜ ਸਮੀਕਰਨਾਂ ਨੂੰ ਹੱਲ ਕਰਨ ਅਤੇ ਵਰਗ ਜੜ੍ਹਾਂ ਦੀ ਗਣਨਾ ਕਰਨ ਲਈ ਨਿਯਮ ਪੇਸ਼ ਕੀਤੇ, ਜੋ ਕਿ ਦੋਵੇਂ ਸਾਡੇ ਸਕੂਲਾਂ ਵਿੱਚ ਅਜੇ ਵੀ ਪੜ੍ਹਾਏ ਜਾਂਦੇ ਹਨ। ਉਹ ਗੁਰੂਤਾਵਾਦ ਦੇ ਵਿਗਿਆਨਕ ਵਰਤਾਰੇ ਨੂੰ ਮਾਨਤਾ ਦੇਣ ਵਾਲਾ ਵੀ ਪਹਿਲਾ ਵਿਅਕਤੀ ਸੀ, ਜਿਸ ਨੂੰ "ਗੁਰੂਤਵਾਕਰਸ਼ਨਮ" ਵਜੋਂ ਵਰਣਨ ਕੀਤਾ ਗਿਆ ਸੀ। ਗਣਿਤ ਅਤੇ ਵਿਗਿਆਨ ਹਮੇਸ਼ਾ ਹੀ ਆਪਸ ਵਿੱਚ ਜੁੜੇ ਹੋਏ ਹਨ। ਬੁਨਿਆਦ ਦਾ ਸੀਮਿਤ ਗਿਆਨ ਅੱਜ ਤੱਕ, ਭਾਰਤ ਨੂੰ ਗਣਿਤ ਲਈ ਆਪਣੇ ਪਿਆਰ ਨੂੰ ਮੁੜ ਤੋਂ ਪ੍ਰਤੀਬੱਧ ਕਰਨ ਦੀ ਇੱਕ ਵੱਖਰੀ ਅਤੇ ਸਖ਼ਤ ਲੋੜ ਹੈ। ਸਿੱਖਿਆ ਦੀ ਤਾਜ਼ਾ ਸਲਾਨਾ ਸਥਿਤੀ ਰਿਪੋਰਟ (ਏਐਸਈਆਰ) ਨੇ ਸਿੱਟਾ ਕੱਢਿਆ ਹੈ ਕਿ ਅੱਠਵੀਂ ਜਮਾਤ ਦੇ ਜ਼ਿਆਦਾਤਰ ਵਿਦਿਆਰਥੀ ਬੁਨਿਆਦੀ ਗਣਿਤ ਨਹੀਂ ਕਰ ਸਕਦੇ ਹਨ। ਵਧੇਰੇ ਚਿੰਤਾਜਨਕ ਤੌਰ 'ਤੇ, ਇਕ ਹੋਰ ਸਰਵੇਖਣ ਨੇ ਖੁਲਾਸਾ ਕੀਤਾ ਹੈ ਕਿ 80 ਪ੍ਰਤੀਸ਼ਤ ਤੋਂ ਵੱਧ ਭਾਰਤੀ ਵਿਦਿਆਰਥੀ 7ਵੀਂ ਤੋਂ 10ਵੀਂ ਜਮਾਤ ਦੇ ਵਿਦਿਆਰਥੀ ਗਣਿਤ ਤੋਂ "ਡਰਦੇ" ਹਨ। ਇਹ ਸਵੈ-ਸ਼ੰਕਾ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਚੰਗਾ ਨਹੀਂ ਹੈ। ਵਿਗਿਆਨ ਅਤੇ ਤਕਨਾਲੋਜੀ - ਭਾਰਤ ਦੀ ਭਵਿੱਖੀ ਸਫ਼ਲਤਾ ਲਈ ਜ਼ਰੂਰੀ ਲੋੜਾਂ - ਗਣਿਤ ਦੀ ਮਜ਼ਬੂਤ ਨੀਂਹ ਤੋਂ ਬਿਨਾਂ ਤਰੱਕੀ ਨਹੀਂ ਕਰ ਸਕਦੀਆਂ। ਸਪੱਸ਼ਟ ਕਰਨ ਲਈ, 'ਗਣਿਤ ਦੀ ਹਿਚਕਚਾਹਟ' ਭਾਰਤ-ਵਿਸ਼ੇਸ਼ ਰੁਝਾਨ ਨਹੀਂ ਹੈ। ਸੰਯੁਕਤ ਰਾਜ ਅਮਰੀਕਾ ਵਿੱਚ ਸਕੂਲ ਜਾਣ ਵਾਲੇ ਬੱਚਿਆਂ ਦੇ ਹਾਲ ਹੀ ਵਿੱਚ ਜਾਰੀ ਕੀਤੇ ਗਏ ਇੱਕ ਵਿਆਪਕ ਸਰਵੇਖਣ ਵਿੱਚ ਗਣਿਤ ਦੇ ਅੰਕਾਂ ਵਿੱਚ ਬੇਮਿਸਾਲ 7-ਪੁਆਇੰਟ ਦੀ ਕਮੀ ਦੀ ਰਿਪੋਰਟ ਕੀਤੀ ਗਈ ਹੈ। ਸਾਨੂੰ ਇਸ ਮਿੱਥ ਦਾ ਮੁਕਾਬਲਾ ਕਰਨ ਦੀ ਲੋੜ ਹੈ ਕਿ ਗਣਿਤ ਨੂੰ ਸਿਰਫ਼ ਗਣਿਤ ਦੀ ਖ਼ਾਤਰ ਹੀ ਅਪਣਾਇਆ ਜਾਂਦਾ ਹੈ। ਬੱਚੇ ਨੂੰ ਕੰਮ ਅਤੇ ਜੀਵਨ ਵਿੱਚ ਉੱਤਮਤਾ ਪ੍ਰਾਪਤ ਕਰਨ ਲਈ ਤਿਆਰ ਕਰਨ ਲਈ ਗਣਿਤ ਕਲਾਸਰੂਮ ਤੋਂ ਪਰੇ ਹੈ। ਇਹ 'ਗਿਣਤੀ ਭਰਪੂਰ' ਵਿਸ਼ਾ ਅਨੁਮਾਨਾਂ ਨੂੰ ਵਿਕਸਤ ਕਰਨ, ਪੈਟਰਨਾਂ ਦੀ ਪਛਾਣ ਕਰਨ, ਸਮੱਸਿਆਵਾਂ ਨੂੰ ਹੱਲ ਕਰਨ ਅਤੇ ਤਰਕਸ਼ੀਲ ਸੋਚਣ ਦੇ ਹੁਨਰ ਨੂੰ ਨਿਖਾਰਦਾ ਹੈ। ਇੱਕ ਸਮੀਕਰਨ ਬਣਾਉਣਾ, ਜਾਣੇ-ਅਣਜਾਣੇ ਦੀ ਪਛਾਣ ਕਰਨਾ, ਅਤੇ ਸਮੱਸਿਆ ਨੂੰ ਹੱਲ ਕਰਨ ਲਈ ਯੋਜਨਾਬੱਧ ਕਦਮ ਚੁੱਕਣਾ ਕੋਈ ਗਣਿਤ ਦਾ ਹੁਨਰ ਨਹੀਂ ਹੈ। ਇਹ ਇੱਕ ਜੀਵਨ ਹੁਨਰ ਹੈ। ਇਸ ਲਈ, ਗਣਿਤ ਦਾ ਅਧਿਐਨ ਨਾ ਸਿਰਫ਼ ਭਾਰਤ ਨੂੰ ਅੱਗੇ ਲਿਜਾਣ ਲਈ ਵਧੇਰੇ ਟੈਕਨੋਲੋਜਿਸਟ ਪੈਦਾ ਕਰੇਗਾ, ਸਗੋਂ ਅਜਿਹੇ ਨਾਗਰਿਕਾਂ ਦਾ ਪਾਲਣ ਪੋਸ਼ਣ ਵੀ ਕਰੇਗਾ ਜੋ ਰਚਨਾਤਮਕ ਅਤੇ ਆਲੋਚਨਾਤਮਕ ਤੌਰ 'ਤੇ ਸੋਚ ਸਕਦੇ ਹਨ। 2 + 2 = 4, ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਇਸ ਨੂੰ ਹੋਰ ਕੀ ਚਾਹੁੰਦੇ ਹੋ। ਵੱਡਾ ਸਵਾਲ ਇਹ ਹੈ ਕਿ ਅਸੀਂ ਭਾਰਤ ਨੂੰ ਗਣਿਤ ਨਾਲ ਪਿਆਰ ਕਿਵੇਂ ਕਰ ਸਕਦੇ ਹਾਂ? ਇੱਕ ਲਈ, ਇਸ ਸਮੱਸਿਆ ਦਾ ਹੱਲ ਘਰ ਤੋਂ ਸ਼ੁਰੂ ਹੁੰਦਾ ਹੈ। ਮਾਪੇ ਆਪਣੇ ਬੱਚਿਆਂ ਲਈ ਗਣਿਤ ਦੇ ਹੀਰੋ ਹੋ ਸਕਦੇ ਹਨ - ਅਤੇ ਹੋਣੇ ਚਾਹੀਦੇ ਹਨ। ਮਾਪੇ ਹੋਣ ਦੇ ਨਾਤੇ ਇਹ ਸਾਡਾ ਫਰਜ਼ ਹੈ ਕਿ ਅਸੀਂ ਆਪਣੇ ਬੱਚਿਆਂ ਨੂੰ ਜੋੜ, ਘਟਾਓ, ਗੁਣਾ ਅਤੇ ਵੰਡਣ ਲਈ ਪ੍ਰੇਰਿਤ ਕਰੀਏ। ਖੁਸ਼ੀ ਨਾਲ ਨੰਬਰ. ਛੇ ਸਾਲ ਦੀ ਉਮਰ ਦੇ ਬੱਚੇ ਦੇ ਉਤਸ਼ਾਹ ਦੀ ਕਲਪਨਾ ਕਰੋ ਜਦੋਂ ਤੁਸੀਂ ਉਸਨੂੰ ਇਹ ਪਤਾ ਲਗਾਉਣ ਵਿੱਚ ਮਦਦ ਕਰਦੇ ਹੋ ਕਿ (17+20) - 1 ਦੀ ਗਣਨਾ ਕਰਨਾ 17+19 ਨਾਲੋਂ ਬਹੁਤ ਸੌਖਾ ਹੈ। ਅਧਿਐਨ ਦਰਸਾਉਂਦੇ ਹਨ ਕਿ ਵਿਦਿਆਰਥੀ ਸਕੂਲ ਵਿੱਚ ਬਿਹਤਰ ਪ੍ਰਦਰਸ਼ਨ ਕਰਦੇ ਹਨ ਜਦੋਂ ਮਾਪੇ ਆਪਣੇ ਬੱਚਿਆਂ ਨਾਲ ਗਣਿਤ ਕਰਨ ਵਿੱਚ ਹਰ ਰੋਜ਼ ਥੋੜ੍ਹਾ ਸਮਾਂ ਬਿਤਾਉਂਦੇ ਹਨ। ਇੱਕ ਪਰਿਵਾਰ ਜੋ ਗਣਿਤ ਦੀਆਂ ਸਮੱਸਿਆਵਾਂ ਨੂੰ ਇਕੱਠੇ ਹੱਲ ਕਰਦਾ ਹੈ, ਉਹ ਪਰਿਵਾਰ ਹੁੰਦਾ ਹੈ ਜੋ ਦੇਸ਼ ਲਈ ਭਵਿੱਖ ਵਿੱਚ ਸਮੱਸਿਆਵਾਂ ਹੱਲ ਕਰਦਾ ਹੈ। ਸਾਨੂੰ ਹਜ਼ਾਰਾਂ ਹੋਰ ਗਣਿਤ ਅਧਿਆਪਕਾਂ ਦੀ ਵੀ ਲੋੜ ਹੈ ਜੋ ਨਾ ਸਿਰਫ਼ ਉਹਨਾਂ ਦੇ ਕੰਮਾਂ ਲਈ ਪ੍ਰੇਰਿਤ ਹੋਣ ਸਗੋਂ ਉਹਨਾਂ ਦੇ ਵਿਦਿਆਰਥੀਆਂ ਨਾਲ ਉਹਨਾਂ ਦੇ ਜਨੂੰਨ ਨੂੰ ਵੀ ਸਾਂਝਾ ਕਰਨ। ਸ਼ਾਮਲ ਮਾਪੇ + ਭਾਵੁਕ ਅਧਿਆਪਕ ਜੋ ਗਣਿਤ ਦੀ ਝਿਜਕ ਨੂੰ ਦੂਰ ਕਰਨ ਦਾ ਫਾਰਮੂਲਾ ਹੈ। ਸਾਨੂੰ ਸਿਰਫ਼ ਹੋਰ ਗਣਿਤ ਅਧਿਆਪਕਾਂ ਅਤੇ ਗਣਿਤ ਦੇ ਮਾਪਿਆਂ ਦੀ ਲੋੜ ਨਹੀਂ ਹੈ। ਸਾਨੂੰ ਹੋਰ ਗਣਿਤ ਦੇ ਵੱਡੇ ਡਾਕਟਰਾਂ, ਵਧੇਰੇ ਗਣਿਤ ਦੇ ਮੁੱਖ ਸੀਈਓ, ਵਧੇਰੇ ਗਣਿਤ ਦੇ ਪ੍ਰਮੁੱਖ ਕਲਾਕਾਰਾਂ ਅਤੇ ਹੋਰ ਗਣਿਤ ਦੇ ਪ੍ਰਮੁੱਖ ਸੰਸਦ ਮੈਂਬਰਾਂ ਦੀ ਲੋੜ ਹੈ। ਦਰਅਸਲ, ਗਣਿਤ ਲਈ ਜਨੂੰਨ ਨੂੰ ਸਕੂਲੀ ਪਾਠਕ੍ਰਮ ਤੋਂ ਬਾਹਰ ਪਾਲਿਆ ਜਾਣਾ ਚਾਹੀਦਾ ਹੈ ਤਾਂ ਜੋ ਕੱਲ ਦੇ ਨੇਤਾ ਇਹ ਉਮੀਦ ਕਰ ਸਕਣ ਕਿ ਹਰ ਸਮੱਸਿਆ ਦਾ ਹੱਲ ਹੈ। ਗਣਿਤ ਸ਼ਬਦ ਯੂਨਾਨੀ ਸ਼ਬਦ ਮੈਨਥਾਨੇਨ ਤੋਂ ਆਇਆ ਹੈ, ਜਿਸਦਾ ਅਰਥ ਹੈ 'ਸਿੱਖਣਾ।' ਇਸ ਅਰਥ ਵਿੱਚ, ਹਰ ਸਿੱਖਣ ਵਾਲਾ ਇੱਕ 'ਗਣਿਤ ਵਿਅਕਤੀ' ਹੈ। ਅਤੇ ਸਭ ਕੁਝ ਗਣਿਤ ਹੈ.

ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਿਸਟ ਮਲੋਟ ਪੰਜਾਬ

## ਮਿਨੀ ਕਹਾਣੀ

### ਗੋਲ ਰੋਟੀ

''ਕੁੜੀਏ, ਇਧਰ ਤਾਂ ਆ ਮੇਰੀ ਗੱਲ ਸੁਣ, ਰੋਟੀ ਬਣਾਉਣਾ ਸਿੱਖ ਲੈ, ਅਜਿਹੀ ਗੋਲ-ਗੋਲ ਫੁੱਲਦੀ ਫੁੱਲਦੀ।''

''ਕੀ ਕਿਹਾ ਮਾਂ? ਸੁਣਾਈ ਨਹੀਂ ਦਿੱਤਾ, ਫਿਰ ਤੋਂ ਕਹਿ।'' ਛਾਇਆ ਨੇ ਕੰਨ ਵਿੱਚ ਉਂਗਲੀ ਘੁਮਾਈ।

''ਹਾਂ ਜੀ, ਤੈਨੂੰ ਕਿਉਂ ਸੁਣਾਈ ਦੇਣ ਲੱਗਾ। ਚਾਕਲੇਟ ਕੇਕ ਖਾਣ ਦੀ ਗੱਲ ਹੁੰਦੀ ਤਾਂ ਸੁਣਾਈ ਦਿੰਦਾ ਤੈਨੂੰ।''

''ਮਾਂ ਕੱਲ੍ਹ ਦਾ ਕੇਕ ਬਚਿਆ ਹੈ ਕੀ?''

''ਦੇਖ ਦੇਵੇਸ਼, ਝੱਟ ਇਸ ਦੇ ਕੰਨ ਠੀਕ ਹੋ ਗਏ।''

''ਕੀ ਮਾਂ। ਚੰਗਾ ਦੱਸੋ ਕੀ ਕਹਿ ਰਹੇ ਸੀ?''

''ਰੋਟੀ ਬਣਾਉਣੀ ਸਿੱਖਣ ਲਈ ਬੁਲ-ਾਇਆ ਸੀ, ਤੂੰ ਕਿੱਥੇ ਸੁਣਦੀ ਏਂ, ਜਾਂ ਫਿਰ ਕਹਿਣਾ ਨਹੀਂ ਮਾਂ ਨੇ ਸਿਖਾਈ ਹੀ ਨਹੀਂ, ਸਮਝੀ।''

''ਜ਼ਰਾ ਪਿਆਰ ਨਾਲ ਸਿਖਾਏਂਗੀ ਤਾਂ ਹੀ ਸਿੱਖੇਗੀ ਸਾਡੀ ਛਾਇਆ।''

''ਵਾਹ! ਬਹੁਤ ਵਧੀਆ, ਤੁਸੀਂ ਵੀ ਮਿਲੇ ਹੋਏ ਹੋ, ਕੁੜੀ ਦੀ ਇਸ ਲਈ ਤਰਫਦਾਰੀ ਕਰ ਰਹੇ ਹੋ।''

ਛਾਇਆ ਫਰਿੱਜ ਵਿੱਚੋਂ ਕੇਕ ਕੱਟ ਕੇ ਆਪਣੇ ਕਮਰੇ ਵਿੱਚ ਚਲੀ ਗਈ। ਇਹ ਦੇਖ ਕੇ ਅਨੰਦਿਤਾ ਖਿੱਝ ਕੇ ਰਹਿ ਗਈ। ਅਨੰਦਿਤਾ ਨੂੰ ਸ਼ਾਮ ਨੂੰ ਸਰੀਰ ਵਿੱਚ ਦਰਦ ਮਹਿਸੂਸ ਹੋਇਆ। ਉਹ ਕਮਰੇ ਵਿੱਚ ਜਾ ਕੇ ਬਿਸਤਰੇ ਉੱਤੇ ਲੇਟ ਗਈ। ਛਾਇਆ ਨੇ ਦੇਖਿਆ, ਮਾਂ ਨੇ ਅੱਜ ਤੁਲਸੀ ਉੱਤੇ ਦੀਵਾ ਨਹੀਂ ਜਗਾਇਆ। ਉਹ ਕਮਰੇ ਵਿੱਚ ਗਏ, ਦੇਖਿਆ ਮਾਂ ਦਾ ਸਰੀਰ ਤਪ ਰਿਹਾ ਹੈ। ਉਹ ਤੁਰੰਤ ਪਾਪਾ ਨੂੰ ਬੁਲਾ ਲਿਆਈ। ਦੇਵੇਸ਼ ਨੇ ਥਰਮਾਮੀਟਰ ਲਾਇਆ, ਅਨੰਦਿਤਾ ਨੂੰ ਬੁਖਾਰ ਹੋ ਗਿਆ ਸੀ। ਉਸ ਨੂੰ ਡਾਕਟਰ ਨੂੰ ਦਿਖਾ ਕੇ ਦਵਾਈ ਲੈ ਆਏ। ਘਰ ਆਏ ਤਾਂ ਤੁਲਸੀ ਉੱਤੇ ਦੀਵਾ ਜਗਦਾ ਸੀ। ਅਨੰਦਿਤਾ ਨੂੰ ਕਮਰੇ ਤੱਕ ਛੱਡ ਕੇ ਦਵਾਈ ਲੈ ਕੇ ਆਰਾਮ ਕਰਨ ਨੂੰ ਕਹਿ ਕੇ ਬਾਹਰ ਆ ਕੇ ਛਾਇਆ ਨੂੰ ਦੇਵੇਸ਼ ਲੱਭਣ ਲੱਗੇ। ਛਾਇਆ ਰਸੋਈ ਵਿੱਚ ਖੜ੍ਹੀ ਰੋ ਰਹੀ ਸੀ; ''ਪਾਪਾ, ਮੈਨੂੰ ਤਾਂ ਖਾਣਾ ਬਣਾਉਣਾ ਆਉਂਦਾ ਹੀ ਨਹੀਂ।''

''ਇਸ ਵਿੱਚ ਰੋਣ ਵਾਲੀ ਕਿਹੜੀ ਗੱਲ ਹੈ? ਮੈਂ ਜੋ ਹਾਂ। ਤੂੰ ਸਬਜ਼ੀ ਕੱਟ, ਉਦੋਂ ਤੱਕ ਮੈਂ ਅਟਾ ਗੁੰਨ੍ਹ ਦੇਵਾਂਗਾ।''

ਛਾਇਆ ਨੇ ਆਲੂ ਗੋਭੀ ਕੱਟ ਕੇ ਪਲੇਟ ਵਿੱਚ ਰੱਖ ਦਿੱਤੀ। ''ਪਾਪਾ, ਹੋਰ ਕੀ ਕਰਾਂ?''

''ਕੜਾਹੀ ਵਿੱਚ ਤੇਲ ਗਰਮ ਕਰਨ ਲਈ ਰੱਖ ਦੇ।''

'ਤੇਲ ਗਰਮ ਹੋਣ ਉੱਤੇ ਜ਼ੀਰਾ ਪਾ ਦੇ ਅਤੇ ਇਹ ਰਹੇ ਮਸਾਲੇ, ਸਾਰੇ ਪਾ ਕੇ ਥੋੜ੍ਹਾ ਜਿਹਾ ਪਾਣੀ ਪਾ ਕੇ ਢੱਕ ਦੇ।''

''ਆ ਦੇਖ, ਇਸ ਤਰ੍ਹਾਂ ਰੋਟੀ ਵੇਲਦੇ ਹਨ।''

''ਪਾਪਾ, ਮੇਰੇ ਕੋਲੋਂ ਇਸ ਤਰ੍ਹਾਂ ਟੇਢੀ-ਮੇਢੀ ਬਣਦੀ ਹੈ।''

''ਕੋਈ ਨਹੀਂ, ਪਹਿਲੀ ਕੋਸ਼ਿਸ਼ ਹੈ। ਅਗਲੀ ਕੋਸ਼ਿਸ਼ ਵਿੱਚ ਸੁਧਾਰ ਆਵੇਗਾ।'' ਛਾਇਆ ਨੇ ਕੋਸ਼ਿਸ਼ ਜਾਰੀ ਰੱਖੀ।

ਮਾਂ ਦਾ ਛਾਇਆ ਨੇ ਬਹੁਤ ਖਿਆਲ ਰੱਖਿਆ। ਦੇਵੇਸ਼ ਕਮਰੇ ਵਿੱਚ ਢੱਕੀ ਹੋਈ ਟਰਾਲੀ ਦੇ ਨਾਲ ਅੰਦਰ ਆਏ। ''ਅਟੈਂਸ਼ਨ ਪਲੀਜ਼'' ਅਨੰਦਿਤਾ ਹੈਰਾਨ ਰਹਿ ਗਈ।

''ਅਨੰਦਿਤਾ ਇੱਕ ਸਰਪ੍ਰਾਈਜ਼ ਹੈ, ਤੁਹਾਡੇ ਲਈ।''

''ਕੀ ਹੈ ਜਲਦੀ ਦੱਸੋ?''

ਤੁਹਾਡੀ ਬੇਟੀ ਨੇ ਤੁਹਾਡੇ ਲਈ ਤੁਹਾਡੀ ਪਸੰਦ ਦਾ ਖਾਣਾ ਬਣਾਇਆ ਹੈ, ਉਹ ਵੀ ਪਰਫੈਕਟ ਗੋਲ ਰੋਟੀ ਦੇ ਨਾਲ। ਦੇਵੇਸ਼ ਨੇ ਨਾਲ ਟਰਾਲੀ ਦਾ ਕੱਪੜਾ ਹਟਾ ਦਿੱਤਾ। ਛਾਇਆ ਨੇ ਰੋਟੀ ਦੀ ਬੁਰਕੀ ਬਣਾਈ ਅਤੇ ਸਬਜ਼ੀ ਨਾਲ ਲਾ ਕੇ ਮਾਂ ਨੂੰ ਖਵਾਈ। ਮਾਂ ਦੀਆਂ ਅੱਖਾਂ ਵਿੱਚ ਖੁਸ਼ੀ ਦੇ ਹੰਝੂ ਆ ਗਏ।

-ਅਵਿਰਨਾ

# ਬੱਚਿਓ ! ਪੜ੍ਹਾਈ ਦੇ ਨਾਲ਼ - ਨਾਲ਼ ਹੋਰ ਕੁਝ ਵੀ ਸਿੱਖਦੇ - ਕਰਦੇ ਰਹੋ....

ਪਿਆਰੇ ਬੱਚਿਓ ! ਅਸੀਂ ਸਭ ਜਾਣਦੇ ਹਾਂ ਕਿ ਸਾਡੇ ਸਭ ਦੇ ਕੋਲ ਹਰ ਰੋਜ਼ 24 ਘੰਟੇ ਦਾ ਬਰਾਬਰ ਦਾ ਸਮਾਂ ਹੁੰਦਾ ਹੈ। ਸਕੂਲ ਵਿੱਚ ਤਾਂ ਅਸੀਂ ਇਨ੍ਹਾਂ 24 ਘੰਟਿਆਂ ਵਿੱਚੋਂ ਕੇਵਲ 6 - 7 ਘੰਟੇ ਦਾ ਸਮਾਂ ਹੀ ਪੜ੍ਹਾਈ ਲਈ ਬਤੀਤ ਕਰਨਾ ਹੁੰਦਾ ਹੈ। ਇਹਨਾਂ 6 - 7 ਘੰਟਿਆਂ ਤੋਂ ਇਲਾਵਾ ਸਾਡੇ ਕੋਲ਼ ਲਗਭਗ 18 ਘੰਟਿਆਂ ਦਾ ਸਮਾਂ ਰਹਿ ਜਾਂਦਾ ਹੈ। ਇਹਨਾਂ 18 ਘੰਟਿਆਂ ਵਿੱਚੋਂ 6 - 7 ਘੰਟੇ ਨੀਂਦ ਦੇ ਲਈ ਅਤੇ ਲਗਭਗ 2 ਘੰਟੇ ਹੋਰ ਫੁਟਕਲ ਕੰਮਾਂ ਜਿਵੇਂ : ਖਾਣਾ ਖਾਣ , ਨਹਾਉਣ , ਤਿਆਰ ਹੋਣ ਆਦਿ ਲਈ ਕੱਢ ਦੇਣ ਤੋਂ ਬਾਅਦ ਸਾਡੇ ਸਭ ਦੇ ਕੋਲ ਘੱਟ ਤੋਂ ਘੱਟ ਲਗਭਗ 8 ਘੰਟੇ ਦਾ ਸਮਾਂ ਫਿਰ ਵੀ ਬਚ ਜਾਂਦਾ ਹੈ। ਬੱਚਿਓ ! ਇਹ ਬਚਿਆ ਹੋਇਆ 8 ਘੰਟਿਆਂ ਦਾ ਸਮਾਂ ਬਹੁਤ ਜ਼ਿਆਦਾ ਸਮਾਂ ਹੁੰਦਾ ਹੈ। ਹੁਣ ਸੋਚਣ - ਸਮਝਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ 8 ਘੰਟਿਆਂ ਵਿੱਚੋਂ ਘੱਟ ਤੋਂ ਘੱਟ ਅੱਧਾ ਸਮਾਂ ਭਾਵ ਕਿ ਕੇਵਲ ਤੇ ਕੇਵਲ 4 ਘੰਟਿਆਂ ਦੇ ਸਮੇਂ ਨੂੰ ਵੀ ਜੇਕਰ ਅਸੀਂ ਕੁਝ ਨਵਾਂ ਕਰਨ , ਨਵਾਂ ਸਿੱਖਣ , ਨਵਾਂ ਲਿਖਣ , ਨਵਾਂ ਸਾਹਿਤ ਪੜ੍ਹਨ ਜਾਂ ਆਪਣੀ ਕਿਸੇ ਕਲਾ ਨੂੰ ਨਿਖਾਰਨ , ਪੇਂਟਿੰਗ ਕਰਨ , ਕਵਿਤਾ - ਕਹਾਣੀ ਲਿਖਣ , ਲਾਇਬਰੇਰੀ ਦੀਆਂ ਪੁਸਤਕਾਂ ਪੜ੍ਹਨ , ਬਾਲ - ਸਾਹਿਤ ਨੂੰ ਘੋਖਣ ਆਦਿ ਜਿਹੇ ਸੁਚਾਰੂ ਕੰਮਾਂ ਜਾਂ ਆਪਣੀਆਂ ਰੁਚੀਆਂ ਦੇ ਨਿਖਾਰ ਅਤੇ ਵਿਕਾਸ 'ਤੇ ( ਕੇਵਲ 4 ਘੰਟੇ ਪ੍ਰਤੀ ਦਿਨ ) ਲਗਾਈਏ ਤਾਂ ਤੁਹਾਨੂੰ ਇਸ ਦੇ ਹੈਰਾਨੀਜਨਕ , ਸੁਚਾਰੂ ਤੇ ਸਾਰਥਕ ਨਤੀਜੇ ਜੀਵਨ ਵਿੱਚ ਦੇਖਣ ਨੂੰ ਮਿਲਣ-ਗੇ। ਜਿਸ ਬਾਰੇ ਕਿ ਤੁਸੀਂ ਖ਼ੁਦ ਵੀ ਕਦੇ ਸੋਚਿਆ ਨਹੀਂ ਹੋਵੇਗਾ। ਬੱਚਿਓ ! ਹਰ ਰੋਜ਼ ਦੇ ਇਹ 4 ਘੰਟੇ , ਸਾਲ ਵਿੱਚ 1460 ਘੰਟੇ ਜਾਂ 60 ਦਿਨ ਜਾਂ ਕਹਿ ਲਓ ਕਿ ਸਾਲ ਦੇ 12 ਮਹੀਨਿਆਂ ਵਿੱਚੋਂ ਘੱਟ ਤੋਂ ਘੱਟ ਇਹ 2 ਮਹੀਨੇ ਦਾ ਸਮਾਂ , ਜੋ ਕਿ ਬਹੁਤ ਹੀ ਜ਼ਿਆਦਾ ਸਮਾਂ ਹੁੰਦਾ



ਹੈ ; ਇਹ ਸਾਡੇ ਵਿੱਚ ਜਿੱਥੇ ਗਿਆਨ ਦਾ ਵਿਕਾਸ ਕਰੇਗਾ , ਉੱਥੇ ਹੀ ਸਾਡੇ ਜੀਵਨ ਵਿੱਚ ਬਹੁਤ ਹੀ ਕ੍ਰਾਂਤੀਕਾਰੀ , ਪ੍ਰਭਾਵਸ਼ੀਲ , ਪ੍ਰਗਤੀਸ਼ੀਲ ਤੇ ਸਕਾਰ-ਾਤਮਕ ਬਦਲਾਓ ਵੀ ਲਿਆ ਦੇਵੇਗਾ , ਜੋ ਕਿ ਸਾਡੇ ਜੀਵਨ ਨੂੰ ਸਫ਼ਲ , ਉੱਤਮ , ਸੁਖਾਲਾ ਤੇ ਪ੍ਰਭਾਵਸ਼ਾਲੀ ਬਣਾ ਸਕਦਾ ਹੈ। ਇਸ ਨਾਲ ਹੀ ਮੇਰੀ ਇੱਕ ਨਿੱਕੀ ਜਿਹੀ ਅਤੇ ਬਹੁਤ ਜ਼ਰੂਰੀ ਸਲਾਹ ਇਹ ਵੀ ਹੈ ਕਿ ਤੁਹਾਨੂੰ ਬਿਨਾਂ ਜ਼ਰੂਰਤ ਤੋਂ ਆਪਣੇ ਜੀਵਨ ਦਾ ਜ਼ਰੂਰੀ ਕੀਮਤੀ ਸਮਾਂ ਮੋਬਾਈਲ ਫੋਨਾਂ / ਸੋਸ਼ਲ ਮੀਡੀਆ ਆਦਿ 'ਤੇ ਵਿਅਰਥ ਨਹੀਂ ਗੁਆਉਣਾ ਚਾਹੀਦਾ ; ਕਿਉਂਕਿ ਇਹ ਸੋਸ਼ਲ ਮੀਡੀਆ ਇੱਕ ਆਭਾਸੀ ਦੁਨੀਆ ਹੈ। ਬੱਚਿਓ ! ਜੀਵਨ ਅਤੇ ਜੀਵਨ ਦੀ ਹਕੀਕਤ ਨੂੰ ਸਮਝਣ ਲਈ ਸਾਨੂੰ ਆਪਣੇ ਮਾਤਾ - ਪਿਤਾ , ਦਾਦਾ - ਦਾਦੀ , ਨਾਨਾ - ਨਾਨੀ , ਵੱਡੇ ਭੈਣ - ਭਰਾਵਾਂ ਆਦਿ ਕੋਲ ਬੈਠ - ਉੱਠ ਕੇ ਕੁਝ ਸਮਾਂ ਬਤੀਤ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਵੱਲੋਂ ਸੁਝਾਏ ਰਸਤੇ 'ਤੇ ਜੀਵਨ ਵਿੱਚ ਚੱਲਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਅਤੇ ਜੀਵਨ ਦੇ ਹਰ ਮੋੜ 'ਤੇ ਚੰਗੀਆਂ ਪੁਸਤਕਾਂ , ਨੈਤਿਕ ਸਿੱਖਿਆ , ਪ੍ਰੇਰਕ ਪ੍ਰਸੰਗ , ਮਹਾਂਪੁਰਖਾਂ ਦੇ ਵਿਚਾਰਾਂ , ਉਨ੍ਹਾਂ ਦੀਆਂ ਜੀਵਨੀਆਂ , ਸਕਾਰਾਤਮਕ ਸੋਚ ਭਰਪੂਰ ਪੁਸਤਕਾਂ , ਮਾਰਗਦਰਸ਼ਨ ਕਰਨ ਵਾਲੀਆਂ ਕਹਾਣੀਆਂ , ਗਿਆਨ ਤੇ ਰੌਚਕਤਾ ਭਰਪੂਰ ਸਫ਼ਰਨਾਮਿਆਂ ਆਦਿ ਨਾਲ ਸੰਬੰਧਿਤ ਉਸਾਰੂ ਤੇ ਗੁਣਵੱਤਾ ਭਰਪੂਰ ਕਿਤਾਬਾਂ ਖ਼ਰੀਦਣ ਅਤੇ ਪੜ੍ਹਨ ਨੂੰ ਤਰਜੀਹ ਦੇਣੀ ਚਾਹੀਦੀ ਹੈ ਤਾਂ ਜੋ ਅਸੀਂ ਦੇਸ਼ ਦੇ ਚੰਗੇ ਨਾਗਰਿਕ ਬਣ ਕੇ ਚੰਗੇ ਸਮਾਜ ਦਾ ਨਿਰਮਾਣ ਕਰ ਸਕੀਏ। ਬੱਚਿਓ ! ਤੁਸੀਂ ਵੀ ਆਪਣੇ ਜੀਵਨ ਦੇ ਇੱਕ - ਇੱਕ ਕੀਮਤੀ ਪਲ ਦੀ ਸਾਰਥਕ ਵਰਤੋਂ ਕਰਨ ਦਾ ਪ੍ਰਣ ਅੱਜ ਹੀ ਕਰ ਲਓ , ਫਿਰ ਦੇਖਣਾ ਜੀਵਨ ਦੇ ਬੇਸ਼ਕੀਮਤੀ ਤੋਹਫ਼ੇ ਅਤੇ ਮੰਜ਼ਲਿ ਤੁਹਾਡੇ ਕਦਮਾਂ ਅੱਗੇ ਹੋਣਗੇ। ਇਹ ਸਭ ਕੁਝ ਬਸ ਸਮੇਂ ਦੀ ਸਹੀ ਵਰਤੋਂ ਕਰਨ ਨਾਲ ਹੀ ਹੋਵੇਗਾ , ਜੋ ਕਿ ਕਿਸੇ ਜਾਦੂ ਤੋਂ ਘੱਟ ਨਹੀਂ ਹੋਵੇਗਾ ; ਕਿਉਂਕਿ ਕਹਿੰਦੇ ਹਨ ਕਿ 'ਮਹਾਂਪੁਰਖਾਂ ਦੇ ਕੋਲ ਸਮੇਂ ਦੀ ਕਦੇ ਵੀ ਘਾਟ ਨਹੀਂ ਹੁੰਦੀ '। ਪਿਆਰੇ ਬੱਚਿਓ ! ਮੈਨੂੰ ਪੂਰਾ ਯਕੀਨ ਹੈ ਕਿ ਤੁਸੀਂ ਮੇਰੀ ਇਸ ਛੋਟੀ ਜਿਹੀ , ਪਰ ਜੀਵਨ ਵਿੱਚ ਵੱਡੇ ਅਤੇ ਸਾਰਥਕ ਬਦਲਾਓ ਲਿਆਉਣ ਵਾਲੀ ਸਲਾਹ 'ਤੇ ਜਲਦੀ ਅਤੇ ਜ਼ਰੂਰੀ ਗੌਰ ਕਰੋਗੇ ਤੇ ਅਪਣਾਓਗੇ। ਬਜ਼ੁਰਗਾਂ ਦਾ ਕਹਿਣਾ ਵੀ ਹੈ ,

*"ਸਮਾਂ - ਸਮਾਂ ਸਮਰੱਥ ,*
*ਉਹੀ ਬਾਣ ਤੇ*
*ਉਹੀ ਅਰਜਣ ਦੇ ਹੱਥ। "*

*-ਮਾਸਟਰ ਸੰਜੀਵ ਧਰਮਾਣੀ*
*ਸ੍ਰੀ ਅਨੰਦਪੁਰ ਸਾਹਿਬ*
*9478561356*

# ਪ੍ਰਾਇਮਰੀ ਸਿੱਖਿਆ ਵਿੱਚ 2023 ਤੋਂ ਉਮੀਦਾਂ

ਮਹਾਂਮਾਰੀ ਦੇ ਕਾਰਨ ਸਕੂਲ ਦੇ ਦੋ ਸਾਲਾਂ ਦੇ ਬੇਮਿਸਾਲ ਬੰਦ ਹੋਣ ਤੋਂ ਬਾਅਦ, 2022 ਨੇ ਪ੍ਰਾਇਮਰੀ ਸਕੂਲਿੰਗ ਪ੍ਰਣਾਲੀ ਨੂੰ ਮੁੜ ਜੀਵਿਤ ਕੀਤਾ। ਓਮਿਕਰੋਨ ਵੇਵ ਦੀ ਬਦੌਲਤ ਪਹਿਲੀ ਤਿਮਾਹੀ ਦੇ ਔਨ-ਹੁਣ, ਔਫ-ਹੁਣ ਮੋਡ ਤੋਂ ਬਾਅਦ, ਸਾਡੇ ਕੋਲ ਅਪ੍ਰੈਲ ਤੋਂ ਦੇਸ਼ ਭਰ ਦੇ ਸਕੂਲ ਘੱਟ ਜਾਂ ਘੱਟ ਲਗਾਤਾਰ ਕੰਮ ਕਰਦੇ ਹਨ। ਇੱਕ ਸੁਸਤ ਪ੍ਰਣਾਲੀ ਨੂੰ ਜੀਵਨ ਵਿੱਚ ਵਾਪਸ ਲਿਆਉਣਾ, ਅਤੇ 'ਪੁਰਾਣੇ ਆਮ' ਨੂੰ ਅਪਣਾਉਣਾ ਸਿੱਖਿਅਕਾਂ, ਮਾਪਿਆਂ, ਪ੍ਰਸ਼ਾਸਕਾਂ ਅਤੇ ਸਭ ਤੋਂ ਵੱਧ, ਬੱਚਿਆਂ ਲਈ ਚੁਣੌਤੀਪੂਰਨ ਰਿਹਾ ਹੈ। ਪਰ ਜਿਵੇਂ ਕਿ ਸਾਡੇ ਉੱਪਰੋਂ ਲੰਘਣ ਵਾਲੇ ਹਰ ਕਾਲੇ ਬੱਦਲ ਦੀ ਸਥਿਤੀ ਹੈ, ਇੱਥੇ ਹਮੇਸ਼ਾਂ ਕੁਝ ਚਾਂਦੀ ਦੀਆਂ ਲਾਈਨਾਂ ਹੁੰਦੀਆਂ ਹਨ ਜਿਨ੍ਹਾਂ ਤੋਂ ਅਸੀਂ ਸਿੱਖ ਸਕਦੇ ਹਾਂ ਅਤੇ ਇਸਨੂੰ 2023 ਅਤੇ ਇਸ ਤੋਂ ਬਾਅਦ ਅੱਗੇ ਲਿਜਾ ਸਕਦੇ ਹਾਂ। ਇੱਕ, ਪ੍ਰਾਇਮਰੀ ਸਕੂਲਾਂ ਵਿੱਚ ਸਿਹਤ ਅਤੇ ਸੁਰੱਖਿਆ ਦੇ ਉਪਾਅ 'ਹੋਣੇ ਚੰਗੇ' ਨਹੀਂ ਹਨ ਪਰ 'ਹੋਣੇ ਲਾਜ਼ਮੀ' ਹਨ। ਮਹਾਂਮਾਰੀ ਸ਼ਾਇਦ ਘੱਟ ਗਈ ਹੋਵੇ, ਪਰ ਵਾਰ-ਵਾਰ ਹੱਥ ਧੋਣ ਦੇ ਰੁਟੀਨ, ਬਿਮਾਰ ਬੱਚਿਆਂ (ਅਤੇ ਸਟਾਫ) ਨੂੰ ਘਰ ਵਿੱਚ ਰੱਖਣ, ਸਕੂਲ ਦੇ ਅਹਾਤੇ ਦੀ ਵਾਰ-ਵਾਰ ਡੂੰਘੀ ਸਫ਼ਾਈ, ਅਤੇ ਸਮੇਂ-ਸਮੇਂ 'ਤੇ ਦਿੱਤੇ ਜਾਣ ਵਾਲੇ ਭੋਜਨ ਅਤੇ ਪਾਣੀ ਦੇ ਨਮੂਨੇ ਲੈਣ ਅਤੇ ਪਰੋਸੇ ਜਾਣ ਵਾਲੇ ਪਾਣੀ ਦੇ ਨਮੂਨੇ ਲੈਣ ਅਤੇ ਟੈਸਟ ਕਰਨ ਬਾਰੇ ਸਿੱਖੇ ਗਏ ਸਬਕ ਇੱਕ ਮਿਆਰੀ ਓਪਰੇਟਿੰਗ



ਪ੍ਰਕਿਰਿਆ ਹੋਣ ਦੀ ਲੋੜ ਹੈ। ਹਰ ਪ੍ਰਾਇਮਰੀ ਸਕੂਲ ਵਿੱਚ, ਘੱਟ ਇਮਿਊਨਿਟੀ ਦਿੱਤੀ ਜਾਂਦੀ ਹੈ ਜੋ ਬਹੁਤ ਛੋਟੇ ਬੱਚੇ ਦੀ ਹੋ ਸਕਦੀ ਹੈ। ਦੋ, ਬੱਚਿਆਂ ਨੂੰ ਪ੍ਰਕੋਪ ਤੋਂ ਬਚਾਉਣ ਲਈ ਉਨ੍ਹਾਂ ਨੂੰ ਘਰ ਵਿੱਚ ਰੱਖਣਾ ਉਨ੍ਹਾਂ ਦੀ ਭਾਵਨਾਤਮਕ ਅਤੇ ਸਮਾਜਿਕ ਸਿਹਤ 'ਤੇ ਲੰਬੇ ਸਮੇਂ ਲਈ ਪ੍ਰਭਾਵ ਪਾਉਂਦਾ ਹੈ। ਬਹੁਤ ਸਾਰੇ ਪੱਛਮੀ ਦੇਸ਼ਾਂ ਨੇ ਭਾਰਤ ਨਾਲੋਂ ਬਹੁਤ ਪਹਿਲਾਂ ਆਪਣੇ ਸਕੂਲ ਖੋਲ੍ਹੇ ਸਨ; ਅਸਲ ਵਿੱਚ ਕੁਝ ਸਕੈਂਡੇਨੇਵੀਅਨ ਸਕੂਲ ਕਦੇ ਬੰਦ ਨਹੀਂ ਹੋਏ - ਭਾਰਤ ਨੇ ਸਕੂਲਾਂ ਤੋਂ ਬਹੁਤ ਪਹਿਲਾਂ ਆਪਣੇ ਪੱਬਾਂ ਨੂੰ ਖੁੱਲ੍ਹਿਆ ਦੇਖਿਆ। ਪ੍ਰਾਇਮਰੀ ਸਾਲਾਂ ਵਿੱਚ, ਬੱਚੇ ਸਮਾਜਕ ਪਰਸਪਰ ਕ੍ਰਿਆਵਾਂ ਰਾਹੀਂ ਬਹੁਤ ਜ਼ਿਆਦਾ ਸਿੱਖਦੇ ਹਨ, ਅਤੇ ਦੋ ਸਾਲਾਂ ਲਈ ਗੁਆਚਣਾ ਇਸ ਦਾ ਪ੍ਰਭਾਵ ਦਿਖਾ ਰਿਹਾ ਹੈ ਕਿਉਂਕਿ ਬੱਚੇ ਸਕੂਲ ਵਿੱਚ ਵਾਪਸ ਆਉਂਦੇ ਹਨ - ਧਿਆਨ ਦੀ ਮਿਆਦ ਦੀ ਘਾਟ, ਵਧੀ ਹੋਈ ਮਨੋਵਿਗਿਆਨਕ ਪ੍ਰੇਸ਼ਾਨੀ ਅਤੇ ਭਾਸ਼ਾ ਦੇ ਹੁਨਰ ਵਿਕਾਸ ਵਿੱਚ ਕਮੀਆਂ ਸਭ ਕੁਝ ਸਪੱਸ਼ਟ ਹਨ। ਦੇਸ਼ ਭਰ ਵਿੱਚ ਪ੍ਰਾਇਮਰੀ ਸਕੂਲ। ਸਹੀ ਪਹੁੰਚ ਬੱਚਿਆਂ ਨੂੰ ਸਕੂਲ ਵਿੱਚ ਰੱਖਣ ਅਤੇ ਸੁਰੱਖਿਅਤ ਰੱਖਣ ਦੇ ਤਰੀਕੇ ਬਣਾਉਣਾ ਸੀ, ਨਾ ਕਿ ਇਸਨੂੰ ਬੰਦ ਕਰਨ ਦੀ। ਤਿੰਨ, ਐਡ-ਟੈਕ ਕਲਾਸ ਵਿੱਚ ਹੋਣ ਦਾ ਇੱਕ ਬਹੁਤ ਵੱਡਾ ਲਾਭ ਹੈ, ਪਰ ਕਲਾਸ ਦਾ ਬਦਲ ਨਹੀਂ ਹੈ, ਅਤੇ ਯਕੀਨੀ ਤੌਰ 'ਤੇ ਪ੍ਰਾਇਮਰੀ ਸਕੂਲ ਪੱਧਰ 'ਤੇ ਨਹੀਂ ਹੈ। ਇਸ ਪੱਧਰ 'ਤੇ, ਇੱਕ ਛੋਟੇ ਬੱਚੇ ਨੂੰ ਸਿਰਫ਼ ਸਕਰੀਨ ਰਾਹੀਂ ਸਿੱਖਣ ਦੇ ਨਾਲ ਹੀ ਸਭ ਤੋਂ ਵਧੀਆ ਸਮਝੌਤਾ ਹੁੰਦਾ ਹੈ। ਟੈਕਨਾਲੋਜੀ ਦੇ ਅਸਲ ਫਾਇਦੇ ਉਦੋਂ ਲਾਗੂ ਹੋਣਗੇ ਜਦੋਂ ਇਹਨਾਂ ਨੂੰ ਕਲਾਸਰੂਮ ਦੇ ਬਦਲ ਦੀ ਕੋਸ਼ਿਸ਼ ਕਰਨ ਦੀ ਬਜਾਏ, ਕਲਾਸਰੂਮ ਦੇ ਅੰਦਰ (ਅਤੇ ਬਾਹਰ) ਵਧੀਆਂ ਸਿੱਖਣ ਦੀਆਂ ਵਿਧੀਆਂ ਵਿੱਚ ਰੱਖਿਆ ਜਾਂਦਾ ਹੈ। ਐਡ-ਟੈਕ ਰਾਹੀਂ 2022 ਤੱਕ ਪਾਠਕ੍ਰਮ ਡਿਲੀਵਰੀ ਅਤੇ ਰੁਝੇਵਿਆਂ ਵਿੱਚ ਕੀਤੇ ਲਾਭ ਭਵਿੱਖ ਦੇ ਕਲਾਸਰੂਮਾਂ ਵਿੱਚ ਵਾਧਾ ਕਰਦੇ ਹੋਏ ਦਿਖਾਈ ਦੇਣਗੇ, ਜਿੱਥੇ ਵਰਚੁਅਲ ਵਾਸਤਵਿਕਤਾਵਾਂ ਅਤੇ ਗੇਮਫੀਕੇਸ਼ਨ ਕਲਾਸ ਵਿੱਚ ਪਾਠਕ੍ਰਮ ਪ੍ਰਦਾਨ ਕਰਨ ਵਿੱਚ ਇੱਕ ਵੱਡੀ ਭੂਮਿਕਾ ਨਿਭਾਉਂਦੇ ਹਨ। ਚਾਰ, ਇੱਕ ਬੱਚੇ ਨੂੰ ਪਾਲਣ ਲਈ ਇੱਕ ਪਿੰਡ ਲੱਗਦਾ ਹੈ ਜੋ ਉਹ ਕਹਿੰਦੇ ਹਨ, ਅਤੇ ਅਜਿਹਾ ਕੋਈ ਸਮਾਂ ਨਹੀਂ ਹੈ ਕਿ ਇਹ ਸੱਚ ਹੈ। ਅਧਿਆਪਕਾਂ, ਪ੍ਰਸ਼ਾਸਕਾਂ ਅਤੇ ਮਾਪਿਆਂ ਨੂੰ ਸਾਰਿਆਂ ਨੂੰ ਇਕੱਠੇ ਹੋਣਾ ਚਾਹੀਦਾ ਹੈ ਅਤੇ ਬੱਚਿਆਂ ਨੂੰ ਉਹਨਾਂ ਲਈ ਇੱਕ ਪੂਰੀ ਤਰ੍ਹਾਂ ਨਵੀਂ ਰੁਟੀਨ - ਦੂਜੇ ਬੱਚਿਆਂ ਦੇ ਨਾਲ ਸਕੂਲ ਜਾਣ ਦੀ ਸਥਿਤੀ ਵਿੱਚ ਵਾਪਸ ਸੈਟਲ ਹੁੰਦੇ ਦੇਖਣ ਲਈ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਕੰਮ ਕਰਨਾ ਹੋਵੇਗਾ। ਅਤੇ ਅੰਤ ਵਿੱਚ, ਪਰ ਕਿਸੇ ਵੀ ਤਰ੍ਹਾਂ ਘੱਟ ਤੋਂ ਘੱਟ, ਸਾਡੇ ਸਮਾਜ ਦੇ ਅਸਲ ਨਾਇਕਾਂ ਨੂੰ ਮਹਾਂਮਾਰੀ ਅਤੇ 2022 ਵਿੱਚ ਪਰਿਭਾਸ਼ਿਤ ਕੀਤਾ ਗਿਆ ਸੀ - ਅਤੇ ਉਹ ਸਾਡੇ ਅਧਿਆਪਕ ਹਨ। ਕਾਰਪੋਰੇਟ ਜੀਵਨ ਦੇ ਵੱਡੇ ਪੈਸਿਆਂ ਦਾ ਭੁਗਤਾਨ ਨਹੀਂ ਕੀਤਾ ਗਿਆ, ਇਹ ਪੁਰਸ਼ ਅਤੇ ਔਰਤਾਂ ਨੌਜਵਾਨ ਦਿਮਾਗਾਂ ਨੂੰ ਸਿੱਖਿਅਤ ਕਰਨ ਦੇ ਆਪਣੇ ਜਨੂੰਨ ਲਈ ਬੇਅੰਤ ਅਤੇ ਅਣਥੱਕ ਕੰਮ ਕਰਦੇ ਹਨ, ਅਤੇ ਨਿਸ਼ਚਤ ਤੌਰ 'ਤੇ ਇਹ ਸਮਾਂ ਆ ਗਿਆ ਹੈ ਕਿ ਅਸੀਂ ਉਨ੍ਹਾਂ ਨੂੰ ਉਸ ਲਈ ਮਨਾਈਏ ਜਿਸਦੀ ਉਹ ਅਸਲ ਵਿੱਚ ਪ੍ਰਤੀਨਿਧਤਾ ਕਰਦੇ ਹਨ। ਲੌਕਡਾਊਨ ਦੇ ਸਮੇਂ ਦੌਰਾਨ ਉਨ੍ਹਾਂ ਦੀਆਂ ਕਾਢਾਂ ਨੇ ਸਾਡੇ ਬੱਚਿਆਂ ਨੂੰ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਆਪਣੀ ਪੜ੍ਹਾਈ ਜਾਰੀ ਰੱਖਣ ਵਿੱਚ ਮਦਦ ਕੀਤੀ, ਅਤੇ ਫਿਰ ਵੀ ਇਹ ਸਮਾਜ ਸੀ ਜਿਸ ਨੇ ਸਭ ਤੋਂ ਵੱਧ ਨੌਕਰੀ ਤੋਂ ਕੱਢੇ ਜਾਂ ਛੁੱਟੀ ਵਾਲੇ ਕਰਮਚਾਰੀਆਂ ਨੂੰ ਦੇਖਿਆ। ਦੇਸ਼ ਵਿੱਚ ਸਮੂਹ। ਸ਼ਾਇਦ ਹੁਣ ਸਮਾਂ ਆ ਗਿਆ ਹੈ ਕਿ ਸਰਕਾਰ, ਮਾਪੇ ਅਤੇ ਸਕੂਲ ਪ੍ਰਬੰਧਕ ਇਕੱਠੇ ਹੋ ਕੇ ਇਹ ਯਕੀਨੀ ਬਣਾਉਣ ਕਿ ਵੱਧ ਤੋਂ ਵੱਧ ਨੌਜਵਾਨ ਇਸ ਉੱਤਮ ਕਿੱਤੇ ਨਾਲ ਜੁੜਨ, ਅਤੇ ਉਹਨਾਂ ਨੂੰ ਉਹਨਾਂ ਦੇ ਜਨੂੰਨ ਤੋਂ ਥੋੜ੍ਹਾ ਜਿਹਾ ਹੋਰ ਵੀ ਨਿਵਾਜਿਆ ਜਾਵੇ।

*-ਵਿਜੈ ਗਰਗ*
*ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਿਸਟ ਮਲੋਟ ਪੰਜਾਬ।*

# ਨਾਟਕ 'ਖੁਸਰੇ' ਲਿਖਣ ਤੋਂ ਪਹਿਲਾਂ

-ਸੰਜੀਵਨ ਸਿੰਘ



ਸੰਜੀਵਨ ਸਿੰਘ
#2249, ਫੇਜ਼-10, ਮੋਹਾਲੀ
94174-60656

ਮੈਨੂੰ ਆਪਣੀ ਇਹ ਕਮਜ਼ੋਰੀ ਸਵੀਕਾਰ ਕਰਨ ਵਿਚ ਕੋਈ ਝਿਜਕ ਨਹੀਂ ਹੈ ਕਿ ਮੈਨੂੰ ਪੜ੍ਹਣ ਦਾ ਝੱਸ/ਝੱਲ ਜਿਹਾ ਨਹੀਂ ਹੈ। ਮੈਨੂੰ ਮੇਰੇ ਤਾਇਆ ਜੀ (ਸੰਤੋਖ ਸਿੰਘ ਧੀਰ) ਨੇ ਅਨੇਕਾਂ ਵਾਰ ਕਿਹਾ, " ਨਾ ਕੇਵਲ ਨਾਟਕ ਬਲਕਿ ਹਰ ਕਿਸਮ ਦਾ ਵਿਸ਼ਵ ਪੱਧਰੀ ਸਾਹਿਤ ਪੜ੍ਹਣਾਂ ਤੇਰੇ ਲਈ ਬਹੁਤ ਹੀ ਲਾਜ਼ਮੀ ਹੈ। ਕਿਉਂਕਿ ਤੂੰ ਨਾਟਕ ਲਿਖਦੈ।" ਮੈਂ ਉਨ੍ਹਾਂ ਦੀ ਗੱਲ ਅਣਸੁਣੀ ਕਰ ਦੇਣੀ।

ਪਰ ਤਾਇਆ ਜੀ ਨੂੰ ਜਦ ਵੀ ਮੈਂ ਮਿਲਿਆ/ਦੇਖਿਆ, ਉਹ ਕੁੱਝ ਨਾ ਕੁੱਝ ਲਿਖ/ਪੜ੍ਹ ਰਹੇ ਹੁੰਦੇ। ਮੈਂ ਕਈ ਵਾਰ ਕਹਿਣਾ, "ਭਾਪਾ ਜੀ (ਜ਼ਿੰਦਗੀ ਦੇ ਪਹਿਲੇ ਕੁੱਝ ਸਾਲ ਤਾਇਆਂ ਜੀ ਕੋਲ ਪਿੰਡ ਰਹਿਣ ਕਾਰਣ ਮੈਂ ਤਾਇਆ ਜੀ ਨੂੰ ਭਾਪਾ ਤੇ ਤਾਈ ਜੀ ਨੂੰ ਬੀਬੀ ਕਹਿਣਾ। ਉਨਾਂ ਦੇ ਬੱਚਿਆ ਦੀ ਰੀਸ ਆਪਣੇ ਮੰਮੀ-ਡੈਡੀ ਨੂੰ ਮੈਂ ਚਾਚਾ-ਚਾਚੀ ਕਹਿਣ ਲੱਗ ਗਿਆ ਸੀ।) ਗਿਆਨ ਨੂੰ ਵੀ ਕਦੇ ਗਿਆਨ ਦੀ ਜ਼ਰੂਰਤ ਹੁੰਦੀ ਹੈ। ਸੂਰਜ ਨੂੰ ਰੌਸ਼ਨੀ ਦੀ, ਫੁੱਲਾਂ ਨੂੰ ਮਹਿਕ ਦੀ ਕੀ ਲੋੜ ਐ ਭਲਾ।" ਉਨ੍ਹਾਂ ਗੰਭੀਰ ਹੋ ਕੇ ਉਂਗਲ ਤਾਣ ਕੇ ਕਹਿਣਾ, "ਬੱਬੂ (ਮੇਰਾ ਘਰ ਦਾ ਨਾਂ) ਦਰਅਸਲ ਗਿਆਨ ਨੂੰ ਹੀ ਗਿਆਨ ਦੀ ਲੋੜ ਹੁੰਦੀ ਹੈ।"

ਇਸ ਕਮਜ਼ੋਰੀ ਦੇ ਬਾਵਜੂਦ ਮੇਰੇ ਵਿਚ ਇਕ ਖ਼ੂਬੀ ਹੈ। ਜਿਹੜੇ ਵਿਸ਼ੇ ਉੱਤੇ ਮੈਂ ਨਾਟਕ ਲਿਖਣਾ ਹੁੰਦੈ। ਉਸ ਬਾਰੇ ਮੈਂ ਹਰ ਕਿਸਮ ਦੀ ਜਾਣਕਾਰੀ/ਲਿਖਤ ਨੂੰ ਬਹੁਤ ਹੀ ਬਾਰੀਕੀ ਨਾਲ ਵਾਚਦਾ/ਘੋਖਦਾ ਹਾਂ। ਉਸ ਵਿਸ਼ੇ ਮੁਤੱਅਲਕ ਹਰ ਕਿਸਮ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਮੈਂ ਜ਼ਮੀਨ-ਪਤਾਲ ਇਕ ਕਰ ਦਿੰਦਾ ਹਾਂ।

ਨਾਟਕ 'ਖੁਸਰੇ' ਲਿਖਣ ਤੋਂ ਪਹਿਲਾਂ, ਤਕਰੀਬਨ ਦੱਸ ਕੁ ਸਾਲ, ਮੈਂ ਸਮਾਜ ਦੇ ਇਸ ਅਣਗੋਲੇ ਤੇ ਤ੍ਰਿਸਕਾਰੇ ਵਰਗ ਬਾਰੇ ਕੋਈ ਵੀ ਲਿਖ਼ਤ, ਜੋ ਮੈਨੂੰ ਮਿਲੀ, ਨਿੱਠਕੇ ਇਕ ਤੋਂ ਵੱਧ ਵਾਰ ਪੜੀ। ਨਾਟਕ 'ਖੁਸਰੇ' ਲਿਖਣ ਤੋਂ ਪਹਿਲਾਂ ਖੁਸਰਿਆਂ ਬਾਰੇ ਲਿਖਤੀ ਜਾਣਕਾਰੀ ਹਾਸਿਲ ਕਰਨ ਤੋਂ ਇਲਾਵਾ ਮੈਂ ਚਾਹੁੰਦਾਂ ਸੀ ਕਿ ਮੈਂ ਖੁਸਰਿਆਂ ਨੂੰ ਜਾ ਕੇ ਮਿਲਾਂ, ਉਨਾਂ ਵਿਚ ਵਿਚਰਾਂ, ਉਨਾਂ ਨਾਲ ਰਹਾਂ, ਉਨਾਂ ਦੇ ਜੀਵਨ ਨੂੰ ਨੇੜਿਓ ਦੇਖਾਂ, ਸਮਝਾਂ, ਮਹਿਸੂਸ ਕਰਾਂ। ਲੱਭ-ਲੱਭਾ ਕੇ ਮੈਨੂੰ ਡੱਡੂ ਮਾਜਰਾ (ਚੰਡੀਗੜ੍ਹ) ਖੁਸਰਿਆਂ ਦੇ ਡੇਰੇ ਦਾ ਪਤਾ ਲੱਗਾ। ਬੜੀ ਮੁਸ਼ਕਿਲ ਨਾਲ ਡੇਰੇ ਦੇ ਮੁੱਖੀ (ਗੁਰੂ) ਨੂੰ ਮਿਲਣ ਦਾ ਸਮਾਂ ਲਿਆ। ਇਕ ਦਿਨ ਮਿਲਣ ਗਿਆ। ਪਰ ਜਦ ਉਸ ਨੂੰ ਪਤਾ ਲੱਗਾ ਕਿ ਮੈਂ ਉਨ੍ਹਾਂ ਬਾਰੇ ਨਾਟਕ ਲਿਖਣ ਲਈ ਉਨ੍ਹਾਂ ਬਾਰੇ ਜਾਨਣਾਂ ਚਾਹੁੰਦਾ ਹਾਂ, ਡੇਰੇ ਦਾ ਗੁਰੂ ਕੰਨੀ ਕਤਰਾਉਂਣ ਲੱਗਾ। ਤਬੀਅਤ ਠੀਕ ਨਾ ਹੋਣ ਦਾ ਬਹਾਨਾ ਕਰਕੇ ਫੇਰ ਕਿਸੇ ਦਿਨ ਆਉਣ ਲਈ ਕਹਿਕੇ ਖਹਿੜਾ ਛੁਡਾ ਲਿਆ।

ਜਦ ਵੀ ਮੈਂ ਫੋਨ ਕਰਨਾਂ ਤਾਂ ਅੱਗੋ ਜਵਾਬ ਮਿਲਣਾਂ, " ਅੱਜ ਨੀ ਕੱਲ ਆਇਓ, ਮਾਈ ਦੀ ਤਬੀਅਤ ਠੀਕ ਨੀ ਜਾਂ ਮਾਈ ਬਿਜ਼ੀ ਐ।" ਇਕ ਹੀ ਜਵਾਬ ਸੁਣ ਕੇ ਮੇਰੇ ਕੰਨ ਪੱਕ ਚੁੱਕੇ ਸਨ, ਮੈਂ ਅੱਕ ਤੇ ਥੱਕ ਚੁੱਕਾ ਸੀ। ਪਰ ਉਨ੍ਹਾਂ ਦੀ ਕੱਲ ਆਉਣ ਵਿਚ ਨਹੀਂ ਸੀ ਆ ਰਹੀ। ਮੈਂ ਬੜਾ ਪ੍ਰੇਸ਼ਾਨ, ਕੀ ਕੀਤਾ ਜਾਵੇ? ਇਕ ਵਾਰ ਦਾ ਤਾਂ ਨਾਟਕ ਲਿਖਣ ਦਾ ਇਰਾਦਾ ਤਿਆਗਣ ਦੀ ਖ਼ਿਆਲ ਵੀ ਆਇਆ। ਪਰ ਫੇਰ ਸੋਚਿਆ ਸਮਾਜ ਵੱਲੋਂ ਸਦੀਆਂ ਤੋਂ ਦੁਰਕਾਰਿਆ ਤੇ ਛੇਕਿਆ ਵਰਗ ਐਨੀ ਛੇਤੀ ਮੇਰੇ ਨਾਲ ਕਿਵੇਂ ਤੇ ਕਿਉਂ ਘੁੱਲ-ਮਿਲ ਜਾਵੇਗਾ।

ਮੈਂ ਹਿੰਮਤ ਨਹੀਂ ਹਾਰੀ, ਯਤਨ ਜਾਰੀ ਰੱਖੇ। ਬਾਪੂ-ਧਾਮ ਕਲੋਨੀ, ਸੈਕਟਰ 26 ਵਿਚ ਇਕ ਹੋਰ ਖੁਸਰਿਆਂ ਦੇ ਡੇਰੇ ਦਾ ਪਤਾ ਲੱਗਿਆ। ਉਸ ਡੇਰੇ ਦਾ ਮਹੰਤ ਮਧੂ (ਮਰਹੂਮ) ਸੀ। ਕਿਸੇ ਵਾਕਿਫ਼ ਤੋਂ ਮਧੂ ਦਾ ਫ਼ੋਨ ਪ੍ਰਾਪਤ ਕੀਤਾ, ਮਧੂ ਨੂੰ ਫ਼ੋਨ ਕਰਕੇ ਮਿਲਣ ਦਾ ਸਮਾਂ ਲੈ ਕੇ ਮੈਂ ਤੇ ਕੁੱਕੂ (ਰੰਗਮੰਚ ਤੇ ਫਿਲਮਾਂ ਦਾ ਅਦਾਕਾਰ ਸੰਜੀਵ ਦੀਵਾਨ 'ਕੁੱਕੂ) ਬਾਪੂ-ਧਾਮ ਕਲੋਨੀ ਖੁਸਰਿਆਂ ਦੇ ਡੇਰੇ ਮਧੂ ਨੂੰ ਮਿਲਣ ਚਲੇ ਗਏ। ਪੁੱਛ-ਪੁਛਾ ਕੇ ਇਕ ਖਸਤਾ-ਹਾਲ ਕੁਆਟਰ ਮੂਹਰੇ ਪਹੁੰਚੇ। ਪੌੜੀਆਂ ਚੜ੍ਹ ਕੇ ਇਕ ਲੋਹੇ ਦਾ ਗੇਟ ਆਇਆ। ਮੈਂ ਅੱਗੇ ਸੀ ਤੇ ਕੁੱਕੂ ਮੇਰੇ ਪਿੱਛੇ। ਗੇਟ ਕੋਲ ਲੱਗੀ ਘੰਟੀ ਮਾਰੀ, ਇਕ ਆਦਮ-ਕੱਦ ਕੁੱਤਾ ਝੱਈਆਂ ਲੈ ਕੇ ਪੈ ਗਿਆ। ਅਸੀਂ ਘਬਰਾ ਕੇ ਪਿੱਛੇ ਹੱਟ ਗਏ। ਕੁੱਝ ਦੇਰ ਬਾਅਦ ਫੇਰ ਘੰਟੀ ਮਾਰੀ। ਕੁੱਤਾ ਲਾਗਾਤਾਰ ਭੌਂਕ ਰਿਹਾ ਸੀ। ਇਸ ਦੌਰਾਨ ਇਕ ਕਾਲੇ ਜੇਹੇ ਰੰਗ ਦਾ ਬੰਦਾ ਆਇਆ, ਜਿਸ ਨੇ ਬੇਢੱਬੇ ਤੇ ਬੇਤਰੀਬੇ ਜੇਹੇ ਕਪੜੇ ਪਾਏ ਹੋਏ ਸਨ, ਉਸ ਦੇ ਬਾਲ ਖਿੱਲਰੇ ਹੋਏ ਸਨ, ਮੂੰਹ ਦਾ ਇਕ ਹਿੱਸਾ ਜਲਿਆ ਹੋਇਆ ਸੀ। ਉਹ ਭਾਰੀ ਅਵਾਜ਼ ਵਿਚ ਗੁਰਗੱਰਾਇਆ, " ਕਿਸ ਕੋ ਮਿਲਣਾ ਹੈ?" ਕੁੱਤੇ ਦੇ ਲਗਾਤਾਰ ਭੌਂਕਣ ਅਤੇ ਉਸ ਬੰਦੇ ਦੀ ਖਤਰਨਾਕ ਸ਼ਕਲ-ਸੂਰਤ ਨੇ ਮੇਰੀ ਘਬਰਾਹਟ ਵਿਚ ਵਾਧਾ ਕੀਤਾ। ਮੈਂ ਆਪਣੀ ਘਬਾਰਾਹਟ ਲੁਕਾਉਂਦੇ ਬੜੀ ਮੁਸ਼ਕਲ ਨਾਲ ਕਿਹਾ, " ਮਧੂ ਜੀ ਨੂੰ ਮਿਲਣਾ ਐ।" ਉਸ ਆਦਮੀ ਨੇ ਰੁੱਖੇ ਲਹਿਜ਼ੇ ਵਿਚ ਕਿਹਾ," ਇਧਰ ਹੀ ਰੁੱਕੋ, ਮੈਂ ਪੁੱਛ ਕੇ ਆਤਾ ਹੂੰ।" ਐਨਾ ਕਹਿਕੇ ਉਹ ਆਦਮੀ ਅੰਦਰ ਚੱਲਾ ਗਿਆ। ਕੁੱਤਾ ਬਿਨ੍ਹਾਂ ਸਾਹ ਲਏ ਲਗਾਤਾਰ ਭੌਂਕ ਕੇ ਆਪਣੀ ਡਿਊਟੀ ਨਿਭਾਅ ਰਿਹਾ ਸੀ।

ਕੁੱਝ ਰਾਹਤ ਹਾਸਿਲ ਕਰਨ ਲਈ ਮੈਂ ਪਿੱਛੇ ਮੁੜ ਕੇ ਕੁੱਕੂ ਵੱਲ ਦੇਖਿਆ, ਦੇਖਦੇ ਸਾਰ ਮੇਰੀ ਸਿੱਟੀ-ਪਿੱਟੀ ਗੁੰਮ ਹੋ ਗਈ। ਕੁੱਕੂ 'ਭਾਜੀ' ਰਫੂ-ਚੱਕਰ ਹੋ ਚੁੱਕੇ ਸਨ। ਮੇਰੇ ਪੈਰਾਂ ਹੇਠੋਂ ਜ਼ਮੀਨ ਖਿਸਕਣੀ ਕੁਦਰਤੀ ਸੀ। ਮੈਂ ਸੁਣਿਆਂ ਹੋਇਆ ਸੀ, ਖੁਸਰੇ ਆਦਮੀ ਦਾ ਲਿੰਗ ਵੱਢ ਕੇ ਖੁਸਰਾ ਬਣਾ ਦਿੰਦੇ ਹਨ। "ਨਹੀਂ ਨਹੀਂ, ਇਹ ਕਿਵੇਂ ਹੋ ਸਕਦੈ, ਮੈਂ ਨਾਟਕਕਾਰ ਆਂ, ਇਨ੍ਹਾਂ ਬਾਰੇ ਨਾਟਕ ਲਿਖਣੈ, ਇਹ ਮੇਰੇ ਨਾਲ ਆਏਂ ਕਿਵੇਂ ਕਰ ਸਕਦੇ।" ਮੈਂ ਅਪਣੇ-ਆਪ ਨੂੰ ਦਿਲਾਸਾ ਦੇਣ ਲਈ ਬੁੜਬੜਾਇਆ।

"ਮਧੂ ਜੀ ਆਪ ਕੋ ਬੁਲਾ ਰਹੀਂ ਹੈਂ।" ਉਸ ਆਦਮੀ ਦੀ ਗੁਰਗਰਾਹਟ ਨੇ ਮੇਰੇ ਖ਼ਿਆਲਾਂ ਦੀ ਲੜੀ ਤੋੜੀ। " ਸ਼ੇਰੂ ਚੁੱਪ।" ਕੁੱਤਾ ਉਸ ਦੇ ਹੁਕਮ ਦੀ ਪਾਲਣਾ ਕਰਦਾ ਹੋਇਆ, ਪੂੰਛ ਹਲਾਉਂਦਾ ਹੋਇਆ ਇਕ ਕੋਨੇ ਵਿਚ ਜਾ ਕੇ ਬਹਿ ਗਿਆ। ਮੈਂ ਉਸ ਆਦਮੀ ਦੇ ਮਗਰ-ਮਗਰ ਤੁਰ ਪਿਆ। ਇਕ ਆਲੀਸ਼ਾਨ ਡਰਾਇੰਗ ਰੂਮ ਅਇਆ। ਮੈਂ ਸੋਚਿਆ ਇਥੇ ਮਧੂ ਹੋਊ। ਉਹ ਆਦਮੀ ਫੇਰ ਗੁਰਗੁਰਾਇਆਂ,"ਆਈਏ" ਮੈਂ ਚੁੱਪ-ਚਾਪ ਉਸ ਅਦਮੀ ਦੇ ਪਿੱਛੇ-ਪਿੱਛੇ ਜਾ ਰਿਹਾ ਸੀ। ਇਕ ਗੈਲਰੀ ਆਈ। ਜਿਸ ਵਿਚ ਹਨ੍ਹੇਰਾ ਲੋੜ ਤੋਂ ਕਿਤੇ ਜ਼ਿਆਦਾ ਸੀ। ਜੋ ਮੇਰੇ 'ਤੋਤੇ ਉਡਾਉਣ' ਲਈ ਕਾਫ਼ੀ ਸੀ। ਇਕ ਹੋਰ ਕਮਰਾ ਅਇਆ। ਫੇਰ ਇਕ ਹੋਰ ਹਨ੍ਹੇਰੀ ਗੁਫ਼ਾ ਨੁਮਾ ਗੈਲਰੀ। ਮੇਰੀ ਹਾਲਤ 'ਆਪੇ ਫਾਥੀੜੀਏ ਨੀ ਤੈਨੂੰ ਕੌਣ ਛੁਡਾਵੇ' ਵਰਗੀ ਸੀ। ਪਰ ਹੁਣ 'ਫਸੇ ਨੂੰ ਫਟਕਣ ਕੀ'। ਜਿਹੜੇ ਮੁਸੀਬਤ ਵਿਚ ਕੰਮ ਆਉਣ ਵਾਲੇ ਸਾਥੀ ਨੂੰ ਮੈਂ ਆਪਣੇ ਨਾਲ ਲੈ ਕੇ ਆਇਆ ਸੀ। ਉਹ ਕਦੋ ਦਾ 'ਨੌਂ ਦੋ ਗਿਆਰਾ' ਹੋ ਚੁੱਕਾ ਸੀ। ਮੈਂ ਆਪਣੀ ਕਿਸਮਤ ਦੀ ਡੋਰ ਰੱਬ ਉੱਤੇ ਸੁੱਟ ਦਿੱਤੀ। 'ਜੋ ਹੋਊ, ਦੇਖੀ ਜਾਊ।'

ਫੇਰ ਇਕ ਕਮਰਾ ਆਇਆ। "ਬੈਠੀਏ।" ਕਹਿ ਕੇ ਉਹ ਆਦਮੀ ਮੈਨੂੰ ਬਿਠਾ ਕੇ ਅੰਦਰ ਚਲਾ ਗਿਆ। ਕਮਰੇ ਵਿਚ ਸਮਾਨ ਰੱਖਣ ਦਾ ਸਲੀਕਾ ਤੇ ਸਜਾਵਟ ਕਲਾਮਈ ਤੇ ਸ਼ਾਨਦਾਰ ਸੀ। ਪਰ ਡਰ ਤੇ ਘਬਰਾਹਟ ਕਾਰਣ ਮੇਰਾ ਧਿਆਨ ਇਸ ਪਾਸੇ ਨਹੀਂ ਸੀ ਜਾ ਰਿਹਾ। ਮੈਂ ਤਾਂ ਬੈਠਾ ਉਸ ਘੜੀ ਤੇ ਵਕਤ ਨੂੰ ਕੋਸ ਰਿਹਾ ਸੀ ਜਦ ਮੈਂ ਇੱਥੇ ਆਉਂਣ ਦਾ ਫੈਸਲਾ ਕੀਤਾ। ਸੋਚ ਰਿਹਾ ਸੀ, "ਮਿੱਤਰਾ ਖੁਸਰਿਆ ਬਾਰੇ ਨਾਟਕ ਲਿਖਣਾ ਮਹਿੰਗਾ ਪਊ"

"ਨਮਸਕਾਰ ਭਾਈ ਸਾਹਿਬ।" ਭਰਵੀਂ ਪਰ ਸਲੀਕੇ ਵਾਲੀ ਅਵਾਜ਼ ਨੇ ਮੇਰੇ ਖ਼ਿਆਲਾਂ ਦੀ ਲੜੀ ਵੀ ਤੋੜੀ, ਮੇਰਾ ਡਰ ਤੇ ਘਬਰਾਹਟ ਵੀ ਕੁਝ ਘੱਟ ਕੀਤੀ। "ਮੈਂ ਮਧੂ ਹੂੰ, ਬਤਾਈਏ ਮੈਂ ਆਪ ਕੇ ਲੀਏ ਕਿਆ ਕਰ ਸਕਤੀ ਹੂੰ।" ਮਧੂ ਨੇ ਬੈਠਦਿਆਂ ਸਤਿਕਾਰ ਨਾਲ ਕਿਹਾ। ਅਵਾਜ਼ ਬੇਸ਼ਕ ਮਧੂ ਦੀ ਮਰਦਾਵੀਂ ਸੀ। ਪਰ ਉਸ ਦੀ ਦਿੱਲ-ਖਿਚਵੀਂ ਸਖਸ਼ੀਅਤ ਤੇ ਗੱਲਬਾਤ ਦੀ ਲਿਆਕਤ ਨੇ ਮੈਨੂੰ ਪ੍ਰਭਾਵਿਤ ਕੀਤਾ। " ਮੈਂ ਤੁਹਾਡੇ ਸਮਾਜ ਦੀ ਜ਼ਿੰਦਗੀ ਬਾਰੇ ਨਾਟਕ ਲਿਖਣਾਂ ਚਾਹੁੰਦਾ ਹਾਂ।" ਮੈਂ ਆਪਣੇ ਆਉਣ ਦਾ ਮਕਸਦ ਦੱਸਿਆ। " ਯੇਹ ਤੋ ਬੜੀ ਅੱਛੀ ਬਾਤ ਹੈ।" ਇਹ ਕਹਿਕੇ ਮਧੂ ਨੇ ਕੋਲ ਖੜੇ ਆਦਮੀ ਨੂੰ ਚਾਹ-ਪਾਣੀ ਦਾ ਇੰਤਜ਼ਾਮ ਕਰਨ ਲਈ ਕਿਹਾ। "ਕਿਆ ਲਿਖਣਾ ਚਾਹਤੇ ਹੋ ਆਪ ਹਮਾਰੇ ਬਾਰੇ।" ਮਧੂ ਨੇ ਮੈਨੂੰ ਮੁਖ਼ਾਤਿਬ ਹੁੰਦੇ ਕਿਹਾ।

ਹੁਣ ਮੇਰੀ ਘਬਰਾਹਟ ਕਾਫ਼ੀ ਹੱਦ ਤੱਕ ਘੱਟ ਚੁੱਕੀ ਸੀ। ਮੈਂ ਆਪਣੀ ਗੱਲ ਅਗਾਂਹ ਤੋਰਦੇ ਕਿਹਾ,"ਮੈਂ ਤੁਹਾਡੇ ਸਮਾਜ ਬਾਰੇ ਕਾਫ਼ੀ ਕੁੱਝ ਪੜ੍ਹਿਆ ਤਾਂ ਹੈ ਪਰ ਮੈਂ ਤੁਹਾਡੇ ਕੋਲੋ ਵੀ ਜਾਨਣਾਂ ਚਾਹੁੰਦਾਂ ਹਾਂ, ਤੁਹਾਡੀਆਂ ਦਿੱਕਤਾਂ-ਦੁਸ਼ਵਾਰੀਆਂ ਬਾਰੇ, ਲੋਕਾਂ ਦੇ ਤੁਹਾਡੇ ਪ੍ਰਤੀ ਰੱਵਈਏ ਬਾਰੇ, ਜੋ ਵੀ ਤੁਸੀਂ ਮਹਿਸੂਸ ਕਰਦੇ ਹੋ।" ਮਧੂ ਨੇ ਡੂੰਘਾ ਸਾਹ ਲੈਂਦੇ ਕਿਹਾ," ਹਮਾਰੀ ਜ਼ਿੰਦਗੀ ਕੁਦਰਤ ਕੀ ਸੌਗਾਤ ਨਹੀਂ, ਸਰਾਪ ਹੈ।" ਮਧੂ ਨੇ ਵਿਸਥਾਰ ਨਾਲ ਆਪਣੀ ਜ਼ਿੰਦਗੀ ਤੇ ਆਪਣੇ ਸਮਾਜ ਦੇ ਹਰ ਪੱਖ ਬਾਰੇ ਦੱਸਿਆ। ਜੋ ਮੈਂ ਫਟਾ-ਫਟ ਨੋਟ ਕਰ ਰਿਹਾ ਸੀ। ਇਸ ਦੌਰਾਨ ਕਦੇ ਮਧੂ ਦੀਆਂ ਅੱਖਾਂ ਨਮ ਹੋ ਜਾਂਦੀਆਂ, ਕਦੇ ਉਹ ਲੰਮਾ ਹੌਕਾ ਲੈਂਦਾ।

ਚਾਹ ਆਈ, ਨਾਲ ਪਕੌੜੇ ਵੀ, ਵੱਡੀਆਂ ਮਿਰਚਾਂ ਵਾਲੇ। ਚਾਹ ਪੀਂਦੇ ਹੋਏ ਮੈਂ ਕਮਰੇ ਵਿਚ ਲੱਗੀਆਂ ਤਸਵੀਰਾਂ ਦੇਖਣ ਲੱਗ ਗਿਆ। ਫੋਟੋਆਂ ਇਕ ਬਹੁਤ ਹੀ ਖੂਬਸੂਰਤ ਲੜਕੀ ਦੀਆਂ ਸਨ। ਕਿਸੇ ਫੋਟੋ ਵਿਚ ਸਲਵਾਰ ਕਮੀਜ਼, ਕਿਸੇ ਵਿਚ ਜੀਨ ਟੀ ਸ਼ਰਟ। ਲੜਕੀ ਦੀ ਖੂਬਸੂਰਤੀ ਫਿਲਮਾਂ ਦੀਆ ਹੀਰੋਇਨਾਂ ਨੂੰ ਵੀ ਮਾਤ ਪਾ ਰਹੀ ਸੀ। ਮਧੂ ਮੈਨੂੰ ਫੋਟੋਆ ਦੇਖਦੇ ਨੂੰ ਦੇਖਕੇ ਕਹਿਣ ਲੱਗੀ, "ਯੇਹ ਫੋਟੋਆਂ ਮੇਰੀ ਹੈਂ ਬੀਰਾ ਜੀ।" ਮਧੂ ਤੁਕਅਲਫ਼ ਛੱਡ ਕੇ ਮੈਨੂੰ ਬੀਰਾ ਜੀ ਕਹਿਣ ਲੱਗਾ। ਮੈਂ ਫੋਟੋਆਂ ਨੂੰ ਦੇਖਦੇ ਕਿਹਾ, "ਕਮਾਲ ਨੇ ਤੁਹਾਡੀਆਂ ਫੋਟੋਆ ਤਾਂ ਮਧੂ ਜੀ। ਇਹ ਤਾਂ...।" "ਮੁਝੇ ਮੇਰੇ ਮਾਂ-ਬਾਪ ਨੇ ਲੜਕੀ ਕੀ ਤਰਹ ਪਾਲਾ ਹੈ। ਬਚਪਨ ਮੇ ਬਹੁਤ ਖੁਬਸੂਰਤ ਥੀ ਮੈਂ।" ਉਸਨੇ ਹੱਸਦੀ ਹੋਈ ਨੇ ਕਿਹਾ,"ਲੜਕੇ ਬਹੁਤ ਮਰਤੇ ਥੇ ਮੁਝ ਪਰ।"

ਮੈਂ ਮਧੂ ਤੋਂ ਨਾਟਕ ਲਿਖਣ ਵਿਚ ਮੇਰੀ ਮਦਦ ਕਰਨ ਦਾ ਵਾਅਦਾ ਲੈ ਕੇ ਵਿਦਾ ਲਈ। ਬਾਹਰ ਆ ਕੇ ਦੇਖਿਆ ਕੁੱਕੂ ਮੋੜ 'ਤੇ ਖੜਾ ਫੋਨ ਕਰ ਰਿਹਾ ਸੀ। ਮੈਂ ਕਿਹਾ,"ਕੁੱਕੂ ਤੂੰ ਕਿੱਧਰ ਚਲਾ ਗਿਆ ਸੀ ਯਾਰ।"ਕੁੱਕੂ ਨੇ ਸਫਾਈ ਦਿੰਦੇ ਕਿਹਾ, " ਮੈਨੂੰ ਫੋਨ ਆ ਗਿਆ ਸੀ ਭਾਜੀ।" " ਫੋਨ ਆ ਗਿਆ ਸੀ ਕਿ ਡਰ ਗਿਆ ਸੀ।" ਮੈਂ ਹੱਸਦੇ ਨੇ ਕਿਹਾ।

ਨਾਟਕ ਲਿਖਣ ਤੋਂ ਬਾਅਦ ਸਕਰਿਪਟ ਮਧੂ ਨੂੰ ਪੜ੍ਹਣ ਲਈ ਦਿੱਤੀ। ਨਾਟਕ ਦਾ ਨਾਂ 'ਖੁਸਰੇ' ਰੱਖਣ ਬਾਰੇ ਵੀ ਮਧੂ ਦੀ ਰਾਏ ਲਈ। ਕਿਉਂਕਿ ਕੁੱਝ ਵਿਦਵਾਨ ਤੇ ਰੰਗਕਰਮੀ ਦੋਸਤਾਂ ਦੀ ਰਾਏ ਸੀ ਕਿ ਨਾਟਕ ਦਾ ਨਾਂ ਖੁਸਰੇ ਨਹੀਂ ਹੋਣਾ ਚਾਹੀਦਾ। ਕਿਉਂਕਿ 'ਖੁਸਰੇ' ਲਫ਼ਜ਼ ਜ਼ਿਆਦਾ ਤਿੱਖਾ ਹੈ, ਸਾਹਿਤਕ ਵੀ ਨਹੀਂ ਹੈ। ਪਰ ਮਧੂ ਨੇ ਨਾਟਕ ਦਾ ਖੁਸਰੇ ਰੱਖਣ ਦੀ ਹਮਾਇਤ ਕੀਤੀ।

ਮਧੂ ਨੇ ਨਾਟਕ ਦੀਆਂ ਰਹਿਰਸਲਾਂ ਦੌਰਾਨ ਪਾਤਰਾਂ ਨੂੰ ਖੁਸਰਿਆਂ ਦੇ ਕਿਰਦਾਰ ਵਿਚ ਢਲਣ ਲਈ ਬਹੁਤ ਮਦਦ ਕੀਤੀ। ਆਪਣੇ ਸਾਥੀਆਂ ਨਾਲ ਆਉਣਾ, ਨਾਟਕ ਵਿਚ ਖੁਸਰਿਆਂ ਦਾ ਕਿਰਦਾਰ ਨਿਭਾ ਰਹੇ ਕਲਾਕਾਰਾਂ ਨੂੰ ਹਰ ਛੋਟੀ ਤੋਂ ਛੋਟੀ ਗੱਲ ਵਿਸਥਾਰ ਨਾਲ ਸਮਝਾਉਣੀ। ਖਾਸ ਅੰਦਾਜ਼ ਵਿਚ ਤਾੜੀ ਮਾਰਨਾ, ਤੁਰਨ ਦਾ ਤਰੀਕਾ, ਬੋਲਣ ਦਾ ਵਿਸ਼ੇਸ਼ ਅੰਦਾਜ਼।

ਨਾਟਕ ਲਿਖਦੇਲਿਖਦੇ ਮੈਂ ਕਈ ਵਾਰ ਭਾਵੁਕ ਹੋਇਆ। ਜਿਹਨੇ ਵੀ ਪੜ੍ਹਿਆ ਉਹ ਵੀ ਤੇ ਰਹਿਰਸਲਾਂ ਦੌਰਾਨ ਕਲਾਕਾਰ ਵੀ ਅਕਸਰ ਭਾਵੁਕ ਹੋ ਜਾਂਦੇ। ਪੱਤਰਕਾਰ ਮਿੱਤਰਾਂ ਦੇ ਸੁਝਾਅ 'ਤੇ ਪਹਿਲੀ ਵਾਰ ਪ੍ਰੈਸ ਕਾਨਫਰੰਸ ਕੀਤੀ। ਮੇਰੀ ਜਾਣਕਾਰੀ ਮੁਤਾਬਿਕ ਕਿਸੇ ਨਾਟਕ ਬਾਰੇ ਇਹ ਪਹਿਲੀ ਪ੍ਰੈਸ ਕਾਨਫਰੰਸ ਸੀ। ਪ੍ਰੈਸ ਕਾਨਫਰੰਸ ਵਿਚ ਮਧੂ ਵੀ ਆਪਣੇ ਸਾਥੀਆਂ ਸਮੇਤ ਸ਼ਾਮਿਲ ਸੀ। ਪੱਤਰਕਾਰਾਂ ਨਾਲ ਗੱਲ ਕਰਦੇ ਕਈ ਵਾਰ ਨਮ ਹੋਈਆਂ ਅੱਖਾਂ ਮਧੂ ਨੇ ਰੁਮਾਲ ਨਾਲ ਪੂੰਝੀਆਂ। ਨਾਟਕ ਦੇ ਮੰਚਣ ਦੌਰਾਨ ਪ੍ਰਧਾਨਗੀ ਮਧੂ ਦੀ ਹੀ ਸੀ। ਪਹਿਲਾਂ ਤਾਂ ਉਸ ਨੇ ਸਹਿਮਤੀ ਦੇ ਦਿੱਤੀ। ਪਰ ਫਾਇਨਲ ਰਹਿਰਸਲ ਦੇਖਕੇ ਹੀ ਮਧੂ ਆਪਣੇ ਅੱਥਰੂ ਰੋਕ ਨਾ ਸਕਿਆ। ਉਹ ਇਹ ਕਹਿ ਕੇ ਚਲਾ ਗਿਆ ਕਿ ਉਸ ਕੋਲੋ ਨਾਟਕ ਦੇਖ ਨੀ ਹੋਣਾ।


ਗੁਰਸ਼ਰਨ ਭਾਜੀ ਤਕਰੀਬਨ ਮੇਰਾ ਹਰ ਨਾਟਕ ਉਚੇਚੇ ਤੌਰ 'ਤੇ ਦੇਖਣ ਆਉਂਦੇ। 19 ਸਾਲ ਪਹਿਲਾਂ ਟੈਗੋਰ ਥੀਏਟਰ ਵਿਚ 20 ਦਸੰਬਰ 2002 ਨੂੰ ਨਾਟਕ 'ਖੁਸਰੇ' ਦੇ ਪਹਿਲੇ ਮੰਚਣ ਸਮੇਂ ਵੀ ਗੁਰਸ਼ਰਨ ਭਾਜੀ ਖਾਸ ਤੌਰ 'ਤੇ ਆਏ। ਦਰਸ਼ਕ ਹਰ ਦ੍ਰਿਸ਼ ਤੋਂ ਬਾਅਦ ਤਾੜੀਆਂ ਮਾਰ ਕੇ ਭਰਪੂਰ ਦਾਦ ਵੀ ਦੇ ਰਹੇ ਸਨ ਅਤੇ ਭਾਵੁਕ ਦ੍ਰਿਸ਼ਾਂ ਦੌਰਾਨ ਵੱਗਦੇ ਹੰਝੂ ਵੀ ਰੁਮਾਲ ਨਾਲ ਪੂੰਝਦੇ ਰਹੇ।

ਨਾਟਕ ਦੇ ਖਤਮ ਹੋਣ ਉਪਰੰਤ ਗੁਰਸ਼ਰਨ ਭਾਜੀ ਨੇ ਮੰਚ ਤੋਂ ਨਾਟਕ ਬਾਰੇ ਜੋ ਸ਼ਬਦ ਕਹੇ, ਉਹ ਅੱਜ ਵੀ ਮੇਰੇ ਕੰਨਾਂ ਵਿਚ ਗੂੰਜ ਰਹੇ ਹਨ। ਗੁਰਸ਼ਰਨ ਭਾਜੀ ਦੇ ਸ਼ਬਦ ਸਨ, " ਨਾਟਕ ਖੁਸਰੇ ਸੰਜੀਵਨ ਦੇ ਹੁਣ ਤੱਕ ਦੇ ਨਾਟਕਾਂ ਵਿੱਚੋਂ ਬੇਹਤਰੀਨ ਨਾਟਕ ਹੈ। ਜਦੋ ਇਹ ਨਾਟਕ ਕਿਤਾਬੀ ਰੂਪ ਲਵੇਗਾ ਤਾਂ ਮੈਨੂੰ ਨਾਟਕ ਦਾ ਮੁੱਖ ਬੰਦ ਲਿਖਣ ਵਿਚ ਖੁਸ਼ੀ ਮਹਿਸੂਸ ਹੋਵੇਗੀ।" ਹੁਣ ਜਦ ਨਾਟਕ ਨੂੰ ਕਿਤਾਬੀ ਰੂਪ ਦੇਣ ਦਾ ਸਬੱਬ ਬਣਿਆ ਤਾਂ ਭਾਜੀ ਰੰਗਮੰਚੀ ਮਹਿਕਾਂ ਬਿਖੇਰ ਕੇ ਸਾਨੂੰ ਸਭ ਨੂੰ ਅਲਵਿਦਾ ਕਹਿ ਗਏ। ਪਰ ਗੁਰਸ਼ਰਨ ਭਾਜੀ ਦੇ ਰੰਗਮੰਚ ਜ਼ਰੀਏ ਸਮਾਜ ਦੇ ਪੀੜਤ ਤੇ ਦੱਬੇ ਕੁੱਚਲੇ ਵਰਗ ਨੂੰ ਜਾਗਰੁਕ ਕਰਨ ਦੇ ਯਤਨਾਂ ਨੂੰ ਹਮੇਸ਼ਾ ਚੇਤੇ ਕੀਤਾ ਜਾਂਦਾ ਰਹੇਗਾ।

ਦੂਸਰੇ ਦਿਨ ਅਖ਼ਬਾਰਾਂ ਵਿਚ ਅਲੋਚਕਾਂ ਦੀ ਰਾਏ ਨੇ ਵੀ ਨਾਟਕ ਦੇ ਮਿਆਰੀ ਹੋਣ ਦੀ ਪੁਸ਼ਟੀ ਕਰ ਦਿੱਤੀ। ਤੇ ਮੇਰੇ ਲਈ ਨਾਟਕ 'ਖੁਸਰੇ' ਰਾਹੀਂ ਸਥਾਪਤ ਕੀਤੇ ਪੱਧਰ ਨੂੰ ਬਰਕਰਾਰ ਰੱਖਣ ਦੀ ਚਣੌਤੀ ਵੀ। ਉਨਾਂ ਦੀ ਰਾਏ ਸੀ," ਖੁਸਰਾ ਸਮਾਜ ਨੂੰ ਗੰਭੀਰਤਾ ਨਾਲ ਜਾਂ ਤਾਂ ਮਹੇਸ਼ ਭੱਟ ਨੇ ਆਪਣੀ ਫਿਲਮ 'ਤਮੰਨਾ' ਵਿਚ ਲਿਆ ਹੈ ਜਾਂ ਸੰਜੀਵਨ ਨੇ ਨਾਟਕ 'ਖੁਸਰੇ' ਵਿਚ ਖੁਸਰਿਆ ਨੂੰ ਭਾਵੁਕ ਪੱਧਰ 'ਤੇ ਪੇਸ਼ ਕੀਤਾ ਹੈ। ਹਾਲੇ ਤੱਕ ਤਾਂ ਖੁਸਰੇ ਫਿਲਮਾਂ, ਸਾਹਿਤ ਜਾਂ ਨਾਟਕਾਂ ਵਿਚ ਕੇਵਲ ਤੇ ਕੇਵਲ ਮਜ਼ਾਕ ਜਾਂ ਨਫ਼ਰਤ ਦਾ ਪਾਤਰ ਹੀ ਹੁੰਦੇ ਸਨ।"

# ਗਣਿਤ ਵਿਚ 100% ਅੰਕ ਕਿਵੇਂ ਹਾਸਲ ਕਰੀਏ

ਲੋਕ ਕਹਿੰਦੇ ਹਨ ਕਿ ਸਿਰਫ ਮਨਘੜਤ ਸੋਚ ਵਾਲੇ ਵਿਦਿਆਰਥੀ ਗਣਿਤ ਨੂੰ ਸਮਝਦੇ ਹਨ। ਪਰ ਅਜਿਹਾ ਨਹੀਂ ਹੈ। ਗਣਿਤ ਇਕ ਵਿਸ਼ਾ ਹੈ ਜੋ ਵਿਦਿਆਰਥੀਆਂ ਵਿਚ ਤਰਕਸ਼ੀਲ ਸੋਚ ਅਤੇ ਤਰਕਸ਼ੀਲ ਪਹੁੰਚ ਨੂੰ ਵਿਕਸਤ ਕਰਨ ਵਿਚ ਸਹਾਇਤਾ ਕਰਦਾ ਹੈ। ਗਣਿਤ ਵਿਚ ਤੁਹਾਡੇ ਅੰਕਾਂ ਨੂੰ ਬਿਹਤਰ ਬਣਾਉਣ ਲਈ ਅਤੇ ਇਥੋਂ ਤਕ ਕਿ ਤੁਹਾਨੂੰ ਗਣਿਤ ਵਿਚ ਪੂਰੇ ਅੰਕ ਪ੍ਰਾਪਤ ਕਰਨ ਵਿਚ ਸਹਾਇਤਾ ਲਈ ਕੁਝ ਸੁਝਾਅ ਦਿੱਤੇ ਗਏ ਹਨ।



ਪ੍ਰੀਖਿਆ ਦੀ ਤਿਆਰੀ ਦੌਰਾਨ:

ਸਿਧਾਂਤ, ਫਾਰਮੂਲੇ ਅਤੇ ਵਿਧੀਆਂ ਲਈ ਇੱਕ ਵੱਖਰਾ ਰਜਿਸਟਰ ਬਣਾਓ, ਗਣਿਤ ਸਾਰੇ ਸਿਧਾਂਤ, ਸੰਕਲਪਾਂ ਅਤੇ ਫਾਰਮੂਲੇ ਬਾਰੇ ਹੈ,

ਸਮੱਸਿਆਵਾਂ ਆਪਣੇ ਆਪ ਹੱਲ ਕਰੋ:

ਵੱਖੋ ਵੱਖਰੀਆਂ ਕਿਸਮਾਂ ਦੀਆਂ ਸਮੱਸਿਆਵਾਂ ਵਿਚੋਂ ਲੰਘਣਾ ਅਤੇ ਸਮਝਣਾ ਚੰਗਾ ਹੁੰਦਾ ਹੈ, ਉਹਨਾਂ ਨੂੰ ਆਪਣੇ ਆਪ ਹੱਲ ਕਰਨਾ ਬਹੁਤ ਜ਼ਰੂਰੀ ਹੈ। ਸਿਧਾਂਤ ਅਤੇ ਸੰਕਲਪ ਨੂੰ ਜਾਣਨਾ ਜ਼ਰੂਰੀ ਹੈ ਪਰ ਉਹਨਾਂ ਦੀ ਅਰਜ਼ੀ ਨੂੰ ਸਿੱਖਣਾ ਔਖਾ ਹੈ ਜੇ ਤੁਸੀਂ ਗਣਿਤ ਵਿਚ ਪੂਰੇ ਅੰਕ ਪ੍ਰਾਪਤ ਕਰਨਾ ਚਾਹੁੰਦੇ ਹੋ। ਤਾਂ ਤੁਹਾਨੂੰ ਹਰੇਕ ਪ੍ਰਸ਼ਨ ਨੂੰ ਆਪਣੇ ਆਪ ਹੱਲ ਕਰਨਾ ਪਏਗਾ, ਸਮੇਂ ਦੇ ਨਾਲ ਘੱਟੋ ਘੱਟ 3-4 ਵਾਰ।

ਆਪਣੇ ਸਿਲੇਬਸ ਨੂੰ ਸਮਝੋ:

ਆਪਣੇ ਸਿਲੇਬਸ ਨੂੰ ਹਿੱਸਿਆਂ ਅਤੇ ਵੱਖ ਵੱਖ ਭਾਗਾਂ ਵਿੱਚ ਵੰਡ ਕੇ ਸਮਝਣਾ, ਤੁਹਾਨੂੰ ਇਹ ਫੈਸਲਾ ਕਰਨ ਵਿਚ ਸਹਾਇਤਾ ਕਰਦਾ ਹੈ ਕਿ ਸਿਲੇਬਸ ਦੇ ਹਰੇਕ ਭਾਗ ਨੂੰ ਕਿੰਨਾ ਸਮਾਂ ਸਮਰਪਿਤ ਕਰਨਾ ਹੈ।

ਦੁਹਰਾਈ ਕਰਦੇ ਰਹੋ:

ਇੱਕ ਵਾਰ ਜਦੋਂ ਤੁਸੀਂ ਪੇਪਰ ਲਿਖਣ ਤੋਂ ਬਾਅਦ ਆਓਗੇ, ਇੱਕ ਡੂੰਘੀ ਸਾਹ ਲਓ ਅਤੇ ਇਸ ਨੂੰ ਚੰਗੀ ਤਰ੍ਹਾਂ ਸੰਸ਼ੋਧਨ ਕਰੋ। ਪਹਿਲੇ ਰਵੀਜ਼ਨ ਵਿੱਚ ਜਾਂਚ ਕਰੋ ਕਿ ਕੀ ਤੁਸੀਂ ਸਾਰੇ ਪ੍ਰਸ਼ਨਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਹੈ ਜਾਂ ਨਹੀਂ। ਇਹ ਮਹੱਤਵਪੂਰਨ ਹੈ ਕਿਉਂਕਿ ਤੁਸੀਂ ਸ਼ਾਇਦ ਕਿਸੇ ਦਿੱਤੇ ਕ੍ਰਮ ਵਿੱਚ ਪ੍ਰਸ਼ਨਾਂ ਦਾ ਹੱਲ ਨਹੀਂ ਕੀਤਾ। ਜੇ ਸਮਾਂ ਅਜੇ ਵੀ ਬਚਿਆ ਹੈ, ਇਕ ਵਾਰ ਫਿਰ ਸ਼ੀਟ ਵਿੱਚੋਂ ਪੜ੍ਹ ਲਵੋ!

ਗਣਿਤ ਵਿਚ 100/100 ਅੰਕ ਪ੍ਰਾਪਤ ਕਰਨ ਲਈ, ਪਹਿਲਾਂ ਸੰਕਲਪ ਨੂੰ ਸਮਝੋ ਅਤੇ ਫਿਰ ਜਿੰਨਾ ਸੰਭਵ ਹੋ ਸਕੇ ਮੁਸ਼ਕਲਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰੋ। ਯਾਦ ਰੱਖੋ ਕਿ ਗਣਿਤ ਵਿੱਚ ਕੋਈ ਸ਼ਾਰਟਕੱਟ ਨਹੀਂ ਹਨ!

-ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਐਜੂਕੇਸ਼ਨਲ ਕਾਲਮਨਿਸਟ ਮਲੋਟ
ਪੰਜਾਬ

# ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਆਦਰਸ਼

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਆਦਰਸ਼, ਸੰਘਰਸ਼, ਸਪਿਰਿਟ ਤੇ ਸੰਦੇਸ਼ ਦਾ ਨਿਰਪੱਖ ਅਧਿਐਨ ਤੇ ਸਰਵੇਖਣ ਕੇਵਲ ਸਿੱਖਾਂ ਜਾਂ ਪੰਜਾਬੀਆਂ ਨੂੰ ਹੀ ਨਹੀਂ, ਸਗੋਂ ਸਮੁੱਚੇ ਭਾਰਤ ਤੇ ਸਮੂਹ ਸੰਸਾਰ ਨੂੰ ਵੀ ਅਜੋਕੀ ਅਸ਼ਾਂਤ ਤੇ ਘਾਤਕ ਸਥਿਤੀ ਵਿੱਚ ਸੁਖ ਦਾ ਸਾਹ ਦੁਆਣ ਅਤੇ ਚੜ੍ਹਦੀ ਕਲਾ ਵੱਲ ਲਿਜਾਣ ਲਈ ਬੜਾ ਸਹਾਇਕ ਤੇ ਲਾਭਦਾਇਕ ਸਿੱਧ ਹੋ ਸਕਦਾ ਹੈ।

ਇਹ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਸ਼ਖਸੀਅਤ ਸੀ ਕਿ ਜਿੰਨਾ 42 ਵਰ੍ਹੇ ਦੀ ਅਲਪ ਅਵਸਥਾ ਵਿੱਚ ਕੌਮ, ਦੇਸ਼ ਤੇ ਮਨੁੱਖਤਾ ਦੀ ਦਰਵੱਟੜੀ ਉੱਤੇ, ਸਹਿਤ ਪਰਿਵਾਰ , ਨਿਛਾਵਰ ਵੀ ਹੋ ਗਏ ਸਨ।

ਇਹ ਇਸ ਲਈ ਵੀ ਕਿ ਗੁਰੂ ਗੋਬਿੰਦ ਸਿੰਘ, ਖੁਦ ਆਪ ਅਜਿਹੇ ਦ੍ਰਿੜ ਨਿਸਚੇ, ਨਿਰਭੈਤਾ ਤੇ ਚੜਦੀ ਕਲਾ ਦੇ ਪੁੰਜ ਸਨ : ਅਜਿਹੇ ਅਨੂਠੇ ਸਵੈਮਾਣ, ਸਵੈ ਵਿਸ਼ਵਾਸ ਤੇ ਸਵੈ ਸਮਰਪਣ ਦੇ ਮੁਜੱਸਮਾ ਸਨ, ਜਿੰਨਾ ਦਾ ਮੁਕਾਬਲਾ ਸਿਰਫ ਉਦੋਕੀ ਸਥਿਤੀ ਲਈ ਹੀ ਨਹੀਂ, ਸਗੋਂ ਅਜੋਕੀ ਤੇ ਅਗੋਕੀ ਸਥਿਤੀ ਲਈ ਵੀ ਕਿਸੇ ਪੱਖੋਂ ਵੀ ਘੱਟ ਲੁੜੀਂਦਾ, ਲਾਭਦਾਇਕ ਤੇ ਪ੍ਰੇਰਣਾਜਨਕ ਨਹੀਂ ਹੈ।

ਇਤਹਾਸ ਇਸ ਗੱਲ ਦਾ ਗਵਾਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਜੀਵਨ ਅਤੇ ਉਸ ਦੀ ਹਰ ਗੱਲ, ਹਰ ਕਿਰਿਆ, ਹਰ ਕਰਤਵ ਹੀ ਉਸ ਉੱਤਮ ਤੇ ਉੱਚਤਮ ਦਰਜੇ ਦੀ ਚੜ੍ਹਦੀ ਕਲਾ ਦਾ ਸਾਕਾਰ ਰੂਪ ਸੀ।

ਉਹ ਜਿੱਥੇ ਸਹਿਜ ਤੇ ਸੱਚਾਈ ਅਤੇ ਨੇਕੀ ਤੇ ਭਗਤੀ ਦੀ ਸਾਖਿਆਤ ਮੂਰਤ ਸਨ, ਉੱਥੇ ਅਣਖ ਤੇ ਸ਼ਕਤੀ ਦੇ ਸੋਮੇ, ਕਥਨੀ ਤੇ ਕਰਨੀ ਦੇ ਸੂਰੇ ਅਤੇ ਕਲਮ ਦੇ ਤਲਵਾਰ ਦੇ ਧਨੀ ਵੀ ਸਨ। 'ਤੇਗ - ਫਤਹਿ ਉਨ੍ਹਾਂ ਦਾ ਨਾਅਰਾ ਅਤੇ 'ਸਤਿ ਸ਼੍ਰੀ ਅਕਾਲ ' ਜੈਕਾਰਾ ਸੀ। ਹੱਥ ਉੱਤੇ ਬਾਜ਼ ਅਤੇ ਸੀਸ ਉੱਤੇ ਕਲਗੀ ਸਜਾਉਣ ਕਰਕੇ ਕੋਈ ਉਨ੍ਹਾਂ ਨੂੰ ' 'ਬਾਜਾਂ ਵਾਲੇ ' ਤੇ ਕੋਈ 'ਕਲਗੀਆਂ ਵਾਲੇ ' ਗੁਰੂ ਆਖਣ ਵਿੱਚ ਮਾਣ ਤੇ ਖੁਸ਼ੀ ਮਹਿਸੂਸ ਕਰਦਾ ਹੈ । ਪਰ ਅਸੀਂ ਤਾਂ ਉਨ੍ਹਾਂ ਦੀ ਅਜਿਹੀ ਭਰਵੀਂ ਤੇ ਅਨੂਠੀ ਸ਼ਖਸੀਅਤ, ਬਹੁਪੱਖੀ ਤੇ ਕਲਾਧਾਰੀ ਪ੍ਰਤਿਭਾ ਅਤੇ ਨਰੋਈ ਤੇ ਨਿਰਭੈ ਸਪਿਰਿਟ ਨੂੰ ਮੁੱਖ ਰੱਖਦਿਆਂ, ਉਨ੍ਹਾਂ ਨੂੰ ਖਾਸ ਤੌਰ ਤੇ ਚੜ੍ਹਦੀ ਕਲਾ ਵਾਲੇ ਗੁਰੂ ਕਹਿਣ ਤੇ ਮੰਨਣ ਵਿੱਚ ਹੀ ਉਨ੍ਹਾਂ ਦੀ ਉਤਮ ਤੇ ਸਮੁੱਚੀ ਮਨੁੱਖਤਾ ਦਾ ਮਾਣ ਸਮਝਦੇ ਹਾਂ।

ਮਨੁੱਖੀ ਜਾਮੇ ਵਿੱਚ ਕੁਦਰਤ ਦੀਆਂ ਜਿੰਨੀਆਂ ਅਪੂਰਬ ਤੇ ਭਰਪੂਰ ਬਖਸ਼ਿਸ਼ਾਂ ਗੁਰੂ ਗੋਬਿੰਦ ਸਿੰਘ ਜੀ ਨੂੰ ਪ੍ਰਾਪਤ ਹੋਈਆਂ ਸਨ, ਸ਼ਾਇਦ ਹੀ ਕਿਸੇ ਨੂੰ ਨਸੀਬ ਹੋਈਆਂ ਹੋਣ। ਤੇ ਫਿਰ ਜਿਸ ਸਿਆਣਪ, ਪਰਸੁਆਰਥ ਤੇ ਖੁਲ੍ਹਦਿਲੀ ਨਾਲ ਉਨ੍ਹਾਂ ਨੇ ਇਨ੍ਹਾਂ ਨੂੰ ਲੋਕਾਂ ਵਿੱਚ ਵੰਡਿਆ ਤੇ ਉਨ੍ਹਾਂ ਲਈ ਵਰਤਿਆ ਸੀ, ਉਸ ਦਾ ਸੁਭਾਗ ਵੀ, ਮੈਨੂੰ ਨਹੀਂ ਲੱਗਦਾ ਕਿਸੇ ਵਿਰਲੇ ਨੂੰ ਹੀ ਹਾਸਲ ਹੋਇਆ ਹੋਵੇਗਾ।

ਇਉਂ ਹੀ, ਸੰਖੇਪ ਜਿਹੀ ਜੀਵਨ ਯਾਤਰਾ ਦੌਰਾਨ ਜਿੰਨੀਆਂ ਮੁਸ਼ਕਿਲਾਂ ਤੇ ਮੁਸੀਬਤਾਂ ਨੇ ਆਪ ਨੂੰ ਘੇਰੀ ਰੱਖਿਆ ਸੀ, ਸ਼ਾਇਦ ਹੀ ਕਿਸੇ ਹੋਰ ਦੇ ਹਿੱਸੇ ਆਈਆਂ ਹੋਣ। ਜਿਸ ਸਬਰ, ਸਿਦਕ ਅਤੇ ਸੂਰਬੀਰਤਾ ਤੇ ਸੁਆਰਥਹੀਨਤਾ ਨਾਲ ਆਪ ਨੇ ਇਨ੍ਹਾਂ ਨਾਲ ਭਰਵੀਂ ਟੱਕਰ ਲਈ ਅਤੇ ਜਿੱਤ ਪ੍ਰਾਪਤ ਕੀਤੀ ਸੀ। ਮਾਪਿਆਂ ਦੀ ਪਵਿੱਤਰ ਧਰਤੀ ਅਨੰਦਪੁਰ ਵਿੱਚ ਪਾਰ ਧਰਦਿਆਂ ਹੀ ਸਮੇਂ ਦੀ ਪੁਕਾਰ ਨੇ ਬਾਲ ਵਰੇਸ ਵਿੱਚ ਹੀ ਵਿਚਰਦੇ ਇਸ ਇੱਕਲੌਤੇ ਪੁੱਤਰ ਨੂੰ ਆਪਣੇ ਗੁਰੂ ਪਿਤਾ ਦਾ ਬਲੀਦਾਨ ਦੇਣ ਲਈ ਇੱਕ ਬੜੀ ਭਿਆਨਕ ਤੇ ਹਿਰਦਾਵੇਦਕ ਵੰਗਾਰ ਪਾਪ ਸੀ । ਇਹ ਉਹ ਭਿਅਕਰ ਸਮਾਂ ਸੀ ਜਦੋਂ ਮੁਗਲਈ ਤੁਅੱਸਬ ਤੇ ਔਰੰਗਜ਼ੇਬੀ ਜਬਰ ਹਿੰਦੂ ਧਰਮ ਕਰਮ ਅਤੇ ਭਾਰਤੀ ਸੱਭਿਆਚਾਰ ਦਾ ਮਲੀਆਮੇਟ ਕਰ ਰਿਹਾ ਸੀ।

ਸੋ ਗੁਰੂ ਤੇਗ ਬਹਾਦੁਰ ਸਮੁੱਚੇ ਹਿੰਦ ਦੀ ਪੱਤ ਪਰਤੀਤ ਅਤੇ ਸੱਭਿਆਚਾਰ ਦੀ ਰਾਖੀ ਲਈ, ਧਰਮ ਕਰਮ ਦੀ ਅਜ਼ਾਦੀ ਅਤੇ ਮਾਨਵੀ ਹੱਕਾਂ ਦੀ ਬਰਕਰਾਰੀ ਲਈ ਬੜੀ ਦਲੇਰੀ ਤੇ ਦ੍ਰਿੜਤਾ ਨਾਲ, ਸਿਰ ਤਲੀ ਉੱਤੇ ਰੱਖ ਕੇ ਤੁਰ ਪਏ ਸਨ।

ਐਨ ਅਜਿਹੇ ਬਿਖੜੇ, ਦੁਖਾਵੇਂ ਤੇ ਸਾਹ ਸਤ ਹੀਣ ਹਾਲਾਤ ਵਿੱਚ ਲੱਗਭੱਗ ਨੌਂ ਵਰ੍ਹੇ ਦੇ ਬਾਲ, ਗੋਬਿੰਦ ਦਾਸ ਜੀ, ਨੂੰ ਗੁਰੂ ਨਾਨਕ ਦੇਵ ਜੀ ਦੀ ਮਹਾਨ ਤੇ ਪਾਵਨ ਗੱਦੀ ਅਤੇ ਉਸ ਦੀ ਬੜੀ ਭਾਰੀ ਜ਼ਿੰਮੇਵਾਰੀ ਸੰਭਾਲਣੀ ਪੈ ਗਈ ਸੀ।

ਇਹ ਜਿਸ ਸਮੇਂ ਵਿਚੋਂ ਅਸੀ ਹੁਣ ਨਿਕਲ ਰਹੇ ਹਾਂ ਇਹ ਸ਼ਹਾਦਤਾਂ ਦੇ ਦਿਨ ਸਨ। ਪਿਤਾ ਦੇ ਬਲਿਦਾਨ ਉਪਰੰਤ, ਪਰਿਵਾਰ ਵਿਛੋੜਾ, ਵੱਡੇ ਪੁੱਤਰਾਂ ਦੀਆਂ ਸ਼ਹਾਦਤ, ਛੋਟੇ ਫਰਜੰਦਾਂ ਦੀ ਨੀਹਾਂ ਵਿੱਚ ਚਿਣਨਾ , ਮਾਤਾ ਗੁਜ਼ਰ ਕੌਰ ਦਾ ਠੰਡੇ ਬੁਰਜ ਦੀ ਸੀਤ ਸਹਿਣੀ ਤੇ ਮਾਛੀਵਾੜੇ ਦੇ ਜੰਗਲਾਂ ਵਿੱਚ ਕੰਡਿਆਂ ਦੀ ਸੇਜ ਅਤੇ ਟਿੰਡ ਦਾ ਸਹਾਰਾ ਕੋਈ ਕਹਿਣ ਸੁਣਨ ਦੀਆਂ ਗੱਲਾਂ ਨਹੀਂ ਬਲਕਿ ਹੰਡਈਆਂ ਹੋਈਆਂ ਦਾਸਤਾਨਾਂ ਨੇ।

ਇਤਹਾਸ ਇਸ ਅਸਲੀਅਤ ਦਾ ਵੀ ਗਵਾਹ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬਾਕੀ ਉਮਰ ਬੱਸ ਅਨੂਠੇ ਆਦਰਸ਼ ਦੀ ਪੈਰਵੀ ਕਰਦਿਆਂ ਉਸੇ ਵਿਲੱਖਣ ਸਿਧਾਂਤ ਉੱਤੇ ਪਹਿਰਾ ਦਿੰਦਿਆਂ, ਚੜ੍ਹਦੀ ਕਲਾ ਪੂਰਤੀ ਉਸੇ ਸੰਦੇਸ਼ ਨੂੰ ਪ੍ਰਸਾਰਦਿਆਂ ਅਤੇ ਉਨ੍ਹਾਂ ਮੁਤਾਬਿਕ ਹੀ ਧਰਮ ਨਿਆਂ, ਦੇਸ਼ ਕੌਮ ਤੇ ਸਮੂਹ ਮਨੁੱਖਤਾ ਦੇ ਹਿਤਾਂ ਹੱਕਾਂ ਲਈ ਨਿਸ਼ਕਾਮ ਤੇ ਨਿਰੰਤਰ ਸੰਘਰਸ਼ ਕਰਦਿਆਂ ਗੁਜ਼ਾਰ ਦਿੱਤੀ ਸੀ। ਗੁਰੂ ਸਾਹਿਬ ਨੇ ਅੰਤਮ ਸੁਆਸਾਂ ਤੱਕ ਅਜਿਹੀ ਅਦੁੱਤੀ ਚੜ੍ਹਦੀ ਕਲਾ ਵਿੱਚ ਵਿਚਰਦੇ ਅਤੇ ਵਿਗਸਦੇ ਰਹੇ ਸਨ ਜੋ ਕੇਵਲ ਉਦੋਂ ਦੇ ਤੇ ਹੁਣ ਦੇ ਹੀ ਨਹੀਂ ਸਗੋਂ ਆਉਂਦੇ ਸਮਿਆਂ ਦੇ ਮਨੁੱਖ ਨੂੰ ਵੀ ਉਵੇਂ ਹੀ ਪ੍ਰੇਰਦੀ , ਉਤਸ਼ਾਹਿਤ ਕਰਦੀ ਅਤੇ ਵਿਗਸਾਉਂਦੀ ਰਹੇਗੀ।

-ਹਰਕੀਰਤ ਕੌਰ
9779118066

# ਕਤਲ

ਗੱਲ 1950 ਦੇ ਨੇੜੇ-ਤੇੜੇ ਦੀ ਹੋਵੇਗੀ। ਸਰਕਾਰ ਸਿੱਖਿਆ ਦੇ ਪ੍ਰਸਾਰ ਲਈ ਜੰਗੀ ਪੱਧਰ ਉੱਤੇ ਯਤਨਸ਼ੀਲ ਸੀ। ਇਸ ਤਹਿਤ ਸਾਡੇ ਪਿੰਡ ਵੀ ਪ੍ਰਾਇਮਰੀ ਸਕੂਲ ਦੀ ਸ਼ੁਰੂਅਤ ਪਿੰਡ ਦੀ ਵੀਰਾਨ ਪਈ ਇਮ-ਾਰਤ ਵਿੱਚ ਕੀਤੀ ਗਈ। ਸਕੂਲ ਵਿੱਚ ਮਾਸਟਰ ਜੀ ਆ ਗਏ ਅਤੇ ਪਿੰਡ ਵਿੱਚ ਆਪਣੇ ਪਰਵਾਰ ਨਾਲ ਰਹਿਣ ਲੱਗੇ। ਉਨ੍ਹਾਂ ਨਾਲ ਆਇਆ ਉਨ੍ਹਾਂ ਦਾ ਪੁੱਤਰ ਬਦਰੀ ਪ੍ਰਸਾਦ ਮੇਰਾ ਪਿਆਰਾ ਮਿੱਤਰ ਹੋ ਨਿੱਬੜਿਆ। ਜਦ ਅਸੀਂ ਸਕੂਲ ਦਾਖਲਾ ਲਿਆ ਤਾਂ ਉਹ ਮੇਰਾ ਜਮਾਤੀ ਬਣ ਗਿਆ ਅਤੇ ਪਹਿਲੇ ਦਿਨ ਹੀ ਸਾਡੀ ਦੋਸਤੀ ਹੋ ਗਈ। ਜਿਵਾਂ ਸਮਾਂ ਬੀਤਿਆ, ਮੈਂ ਉਸ ਤੋਂ ਬਹੁਤ ਪ੍ਰਭਾਵਿਤ ਹੋਇਆ ਤੇ ਨਿੱਤ ਕੁਝ ਨਵਾਂ ਉਸ ਤੋਂ ਸਿੱਖਦਾ। ਆਪਣੇ ਪਿਤਾ ਵਾਂਗ ਉਹ ਵੀ ਬਹੁਤ ਅਨੁਸ਼ਾਸਨ ਪਸੰਦ ਅਤੇ ਗਿਆਨ ਦਾ ਭੰਡਾਰ ਸੀ।

ਦੋ ਕੁ ਸਾਲ ਇਕੱਠਿਆਂ ਪੜ੍ਹਦੇ ਹੋ ਗਏ ਸਨ ਕਿ ਇੱਕ ਦਿਨ ਉਹ ਜਦ ਘਰੋਂ ਆਇਆ ਤਾਂ ਬੜੇ ਚਾਅ ਨਾਲ ਮੈਨੂੰ ਕਹਿਣ ਲੱਗਾ ਕਿ ਉਸ ਨੇ ਕਵਿਤਾ ਲਿਖੀ ਹੈ, ਤੇ ਅੱਧੀ ਛੁੱਟੀ ਵੇਲੇ ਮੈਨੂੰ ਕਵਿਤਾ ਸੁਣਾਉਣ ਲੱਗਾ। ਉਹ ਕਵਿਤਾ ਉਸ ਨੇ ਸਾਡੇ ਪਿੰਡ ਦੇ ਸੁਹੱਪਣ ਨੂੰ ਬਿਆਨ ਕਰਦਿਆਂ ਲਿਖੀ ਸੀ। ਪਿੰਡ ਤਾਂ ਉਹ ਮੇਰਾ ਹੀ ਸੀ ਪਰ ਉਸ ਦੀ ਕਵਿਤਾ ਸੁਣ ਕੇ ਮੈਨੂੰ ਇੰਝ ਜਾਪਿਆ, ਮੈਂ ਆਪਣੇ ਪਿੰਡ ਬਾਰੇ ਅੱਜ ਤੱਕ ਕੁਝ ਜਾਣਦਾ ਹੀ ਨਹੀਂ ਸੀ! ਇਹ ਸੀ ਉਹ ਦੀ ਕਵਿਤਾ ਦਾ ਜਾਦੂ! ਉਸ ਤੋਂ ਬਾਅਦ ਉਸ ਦੀਆਂ ਕਵਿਤਾਵਾਂ ਦਾ ਉਹ ਜਾਦੂ ਉਸ ਦੀ ਹਰ ਨਵੀਂ ਕਵਿਤਾ ਨਾਲ ਮੈਨੂੰ ਕੀਲਦਾ ਗਿਆ। ਪਿੰਡ ਵਿੱਚ ਉਸ ਦੀਆਂ ਕਵਿਤਾਵਾਂ ਦੇ ਬਹੁਤ ਮੁਰੀਦ ਸਨ।

ਸਮਾਂ ਬੀਤਿਆ, ਅਸੀਂ ਲਗਾਲੇ ਪਿੰਡ ਦੇ ਹਾਈ ਸਕੂਲ ਤੋਂ ਮੈਟ੍ਰਿਕ ਕਰ ਲਈ ਤੇ ਮੈਨੂੰ ਸਰਕਾਰੀ ਨੌਕਰੀ ਮਿਲ ਗਈ ਬਦਰੀ ਅਗਲੀ ਪੜ੍ਹਾਈ ਲਈ ਸ਼ਹਿਰ ਚਾਲ ਗਿਆ। ਉਹ ਮੈਨੂੰ ਅਕਸਰ ਲੰਮੀਆਂ ਚਿੱਠੀਆਂ ਲਿਖਦਾ, ਅਤੇ ਜੋ ਵੀ ਨਵੀਆਂ ਪੁਲਾਂਘਾ ਉਹ ਸਾਹਿਤ ਦੇ ਖੇਤਰ ਵਿੱਚ ਪੁੱਟਦਾ, ਮੈਨੂੰ ਸਭ ਤੋਂ ਪਹਿਲਾਂ ਚਿੱਠੀ ਰਾਹੀਂ ਲਿਖ ਕੇ ਦੱਸਦਾ। ਕਈ ਵਾਰ ਅਖ਼ਬਾਰ ਵਿੱਚ ਛਪੀਆਂ ਰਚਨਾਵਾਂ ਦੀ ਕਟਿੰਗ ਵੀ ਭੇਜਦਾ: ਮੈਂ ਉਸ ਦਾ ਸਭ ਤੋਂ ਪਹਿਲਾ ਮੁਰੀਦ ਜੋ ਸੀ!

ਕਾਲਜ ਦੀ ਪੜ੍ਹਾਈ ਪੂਰੀ ਕਰਕੇ ਬਦਰੀ ਵੀ ਸ਼ਹਿਰ ਦੇ ਇੱਕ ਚੰਗੇ ਸਕੂਲ ਵਿੱਚ ਮਾਸਟਰ ਲੱਗ ਗਿਆ। ਮੈਂ ਹਮੇਸ਼ਾ ਉਸ ਨੂੰ ਆਖਦਾ ਕਿ ਉਹ ਬੱਚੇ ਬਹੁਤ ਭਾਗਾਂ ਵਾਲੇ ਹੋਣਗੇ, ਜੋ ਤੇਰੇ ਕੋਲੋਂ ਸਿੱਖਿਆ ਲੈਣਗੇ। ਮੇਰਾ ਵਿਆਹ ਹੋ ਚੁੱਕਾ ਸੀ ਤੇ ਮੇਰਾ ਵੱਡਾ ਪੁੱਤਰ ਵੀ ਮੇਰੀ ਕੁੱਛੜ ਆ ਚੁੱਕਾ ਸੀ, ਪਰ ਬਦਰੀ ਵਿਆਹ ਲਈ ਮੰਨਦਾ ਹੀ ਨਹੀਂ ਸੀ। ਜਦ ਮੈਂ ਉਸ ਦੇ ਘਰ ਜਾਣਾ ਤਾਂ ਉਸ ਦੇ ਮਾਤਾ ਜੀ ਨੇ ਅਕਸਰ ਕਹਿਣਾ, "ਇਸ ਨੂੰ ਸਮਝਾ ਕਿ ਵਿਆਹ ਕਰ ਲਵੇ, ਕਦ ਤੱਕ ਬਸ ਕਿਤਾਬਾਂ ਨਾਲ ਮੱਥਾ ਮਾਰੀ ਜਾਵੇਗਾ, ਉਮਰ ਲੰਘਿਆਂ ਕਿਸੇ ਨੇ ਕੁੜੀ ਵੀ ਨਹੀਂ ਦੇਣੀ।" ਮੈਂ ਕਈ ਵਾਰ ਕਹਿਣਾ ਕਿ ਮਾਸਟਰ ਜੀ, ਮਾਸਟਰਾਣੀ ਲੈ ਆਓ, ਤੇ ਉਸ ਨੇ ਸ਼ਰਮਾਉਂਦਿਆਂ ਗੱਲ ਟਾਲ ਜਾਣੀ। ਆਖ਼ਿਰਕਾਰ ਮਾਪਿਆਂ ਦੇ ਲਗਾਤਾਰ ਦਬਾਅ ਪਾਉਣ ਤੇ ਇੱਕ ਜੱਗ੍ਹਾ ਉਸ ਨੇ ਵਿਆਹ ਕਰਾਉਣ ਲਈ 'ਹਾਂ' ਕਰ ਦਿੱਤੀ।

ਇਸ ਤੋਂ ਛੇਤੀ ਬਾਅਦ ਮੇਰੀ ਬਦਲੀ ਕਿਤੇ ਦੂਰ ਹੋ ਗਈ ਤੇ ਸਮੇਂ ਨਾਲ ਬਦਰੀ ਪ੍ਰਸਾਦ ਨਾਲ ਚਿੱਠੀ-ਪੱਤਰੀ ਘਟ ਗਈ। ਉਂਝ ਮੈਂ ਅਕਸਰ ਉਹ ਅਖ਼ਬਾਰ ਦੇਖਦਾ, ਜਿਸ ਵਿੱਚ ਉਹ ਲਿਖਦਾ ਸੀ, ਪਰ ਉਸ ਦੀਆਂ ਰਚਨਾਵਾਂ ਛਪਣੀਆਂ ਵੀ ਬੰਦ ਹੋ ਗਈਆਂ। ਉਸ ਨਾਲ ਹੋਈ ਆਖ਼ਿਰੀ ਮੁਲਾਕਾਤ ਮੌਕੇ ਗੱਲ ਹੀ ਅਜਿਹੀ ਹੋਈ ਸੀ ਕਿ ਮੈਂ ਬਹੁਤ ਸਹਿਮ ਗਿਆ ਸੀ। ਜੇ ਮੈਂ ਕਦੇ ਪਿੰਡ ਛੁੱਟੀ ਵੀ ਆਉਂਦਾ ਨਾ ਉਸ ਨੂੰ ਸੁਨੇਹਾ ਭੇਜਦਾ ਅਤੇ ਨਾ ਮਿਲਣ ਜਾਣ ਦੀ ਹਿੰਮਤ ਕਰ ਸਕਿਆ।

ਸਮਾਂ ਬੀਤਦਾ ਰਿਹਾ, ਤੇ ਮੈਨੂੰ ਰਿਟਾਇਰ ਹੋਇਆਂ ਵੀ ਸਮਾਂ ਹੋ ਗਿਆ। ਮੈਂ ਉਸੇ ਸ਼ਹਿਰ ਵਿੱਚ ਘਰ ਲੈ ਕੇ ਰਹਿਣ ਲੱਗਾ, ਪਰ ਬਦਰੀ ਨਾਲ ਮਿਲਣ ਦਾ ਕਦੀ ਸਬਬ ਨਹੀਂ ਬਣਿਆ। ਫੇਰ ਇੱਕ ਦਿਨ ਪੁਰਾਣੇ ਮਿੱਤਰ ਤੋਂ ਬਦਰੀ ਬਾਰੇ ਪਤਾ ਲੱਗਾ ਤਾਂ ਮੇਰੇ ਤੋਂ ਰਿਹਾ ਨਹੀਂ ਗਿਆ ਤੇ ਪਤਾ ਲੈ ਕੇ ਉਸ ਨੂੰ ਮਿਲਣ ਪਹੁੰਚ ਗਿਆ। ਉਸ ਦੇ ਪੋਤੇ ਨੇ ਦਰਵਾਜ਼ਾ ਖੋਲ੍ਹਿਆ ਤੇ ਮੇਰੇ ਬਦਰੀ ਬਾਰੇ ਪੁੱਛਣ ਤੇ ਉਹ ਮੈਨੂੰ ਉਹਦੇ ਕਮਰੇ ਵਿੱਚ ਲੈ ਗਿਆ। ਉਹ ਨੂੰ ਦੇਖ ਕੇ ਸਾਰੀ ਜ਼ਿੰਦਗੀ ਅੱਖਾਂ ਅੱਗੇ ਪ੍ਰਤੱਖ ਘੁੰਮ ਗਈ। ਉਸਦੀ ਹਾਲਤ ਦੇਖ ਕੇ ਮਨ ਵਲੂੰਧਰਿਆ ਗਿਆ। ਉਸ ਦੀਆਂ ਗੱਲਾਂ ਤੋਂ ਪਤਾ ਲੱਗਿਆ ਕਿ ਲਿਖਣਾ ਕਾਫੀ ਦੇਰ ਤੋਂ ਉਹ ਛੱਡ ਚੁੱਕਾ ਹੈ। ਮੈਂ ਉਸ ਜਗ੍ਹਾ ਠਹਿਰ ਨਹੀਂ ਸਕਿਆ ਅਤੇ ਕਾਹਲੀ ਕਾਹਲੀ ਉਹਨੂੰ ਇਹ ਕਹਿ ਕੇ ਨਿਕਲ ਆਇਆ ਕਿ ਫਿਰ ਕਿਤੇ ਮਿਲਣ ਆਵਾਂਗਾ।

ਮੇਰੇ ਜ਼ਿਹਨ ਵਿੱਚ ਉਹ ਆਖ਼ਿਰੀ ਮੁਲਾਕ-ਾਤ ਘੁੰਮ ਨਹੀਂ ਸੀ; ਉਸ ਦਿਨ ਮੈ ਉਨ੍ਹਾਂ ਦੇ ਘਰ ਬੈਠਾ ਸੀ ਤੇ ਭਾਬੀ ਨੇ ਉਹਨੂੰ ਇਸ਼ਾਰੇ ਨਾਲ ਬੁਲਾਇਆ। ਕੁਝ ਸਮੇਂ ਬਾਅਦ ਅੰਦਰੋਂ ਆ ਰਹੀਆਂ ਦੋਹਾਂ ਦੀਆਂ ਆਵਾਜ਼ਾਂ ਲੜਾਈ ਦਾ ਰੂਪ ਲੈਂਦੀਆਂ ਜਾਪੀਆਂ। ਮੈਂ ਡਿਓਢੀ ਤੋਂ ਜਾਣ ਦਾ ਕਹਿ ਕੇ ਨਿਕਲ ਆਇਆ। ਫਿਰ ਬਦਰੀ ਨੇ ਇੱਕ ਦਿਨ ਸੁਨੇਹਾ ਭੇਜ ਕੇ ਮੈਨੂੰ ਆਪਣੇ ਸਕੂਲ ਬੁਲ-ਾਇਆ ਤੇ ਦੱਸਿਆ ਕਿ ਉਹਦੀ ਪਤਨੀ ਨੂੰ ਨਾ ਉਸ ਦਾ ਪੜ੍ਹਨਾ-ਲਿਖਣਾ ਪਸੰਦ ਹੈ ਤੇ ਨਾ ਹੀ ਕਿਸੇ ਮਿੱਤਰ ਦਾ ਘਰ ਆਉਣਾ, ਫਿਰ ਉਹ ਉਸ ਦਿਨ ਲਈ ਮੇਰੇ ਕੋਲੋਂ ਮੁਆਫ਼ੀ ਮੰਗਣ ਲੱਗਾ।

..ਸਾਰੇ ਰਸਤੇ ਮੈਂ ਸੋਚ ਰਿਹਾ ਸੀ ਕਿ ਇਹ ਉਹ ਬਦਰੀ ਨਹੀਂ ਸੀ, ਜਿਸ ਨੂੰ ਮੈਂ ਜਾਣਦਾ ਸੀ। ਉਸ ਅੰਦਰ ਇੰਨੀ ਕਾਬਲੀਅਤ ਸੀ ਕਿ ਉਹ ਉਮਦਾ ਸ਼ਾਇਰ ਵਜੋਂ ਹਾਜ਼ਰੀ ਲੁਆ ਸਕਦਾ ਸੀ ਤੇ ਅੱਜ ਉਹ ਹਨੇਰੇ ਕਮਰੇ ਵਿੱਚ ਜ਼ਿੰਦਗੀ ਮੁੱਕਣ ਦਾ ਇੰਤਜ਼ਾਰ ਕਰ ਰਿਹਾ ਸੀ। ਪਤਾ ਨਹੀਂ, ਉਸ ਦੇ ਇਨ੍ਹਾਂ ਹਾਲਾਤ ਲਈ ਕੌਣ ਜ਼ਿੰਮੇਵਾਰ ਹੋਵੇਗਾ, ਪਰ ਇਹ ਮੈਨੂੰ ਲੇਖਣੀ ਦੇ ਕਤਲ ਤੋਂ ਘੱਟ ਕੁਝ ਵੀ ਨਹੀਂ ਸੀ ਜਾਪ ਰਿਹਾ।

-ਵਿਕਾਸ ਕਪਿਲਾ

## ਚੜ੍ਹ ਗਿਆ ਨਵਾਂ ਸਾਲ ਜੀ

*ਘੜੀ ਦੀ ਟਿੱਕ ਟਿੱਕ ਨਾਲ ਵੱਜ*
*ਗਏ ਜਦੋਂ ਬਾਰਾਂ*
*ਇਕੱਤੀ ਤਰੀਕ ਬਦਲ ਗਈ*
*ਪਹਿਲੀ ਤਰੀਕ ਵਿੱਚ*
*ਦਸੰਬਰ ਦੀ ਤਾਂ ਲੈ ਲਈ ਮਹੀਨੇ*
*ਜਨਵਰੀ ਨੇ*
*ਬਾਈ ਜੀ ਸਾਡੇ ਚਲੇ ਗਏ ਤੇ*
*ਪਹੁੰਚ ਗਏ ਨੇ ਤੇਈ ਜੀ*
*ਚੜ੍ਹ ਗਿਆ ਨਵਾਂ ਸਾਲ ਜੀ ਚੜ੍ਹ*
*ਗਿਆ ਨਵਾਂ ਸਾਲ*
*ਚਲੋ ਫਿਰ ਕਹੀਏ ਅਲਵਿਦਾ ਬਾਈ*
*ਜੀ ਨੂੰ ਤੇ*
*ਕਰੀਏ ਖ਼ੈਰ ਮਗਦਮ ਤੇਈ ਜੀ ਦਾ*
*ਬਾਈ ਕਰ ਗਏ ਪੂਰੇ ਕੁਝ ਸੁਪਨੇ*
*ਤੇ ਰਹਿ ਗਏ ਕੁਝ ਅਧੂਰੇ*
*ਜੋ ਹੁਣ ਕਰਾਂਗੇ ਪੂਰੇ*
*ਭੇਜ ਦੇਈਏ*
*ਉਦਾਸੀਆਂ,ਅਸਫਲਤਾਵਾਂ ਤੇ ਦੁੱਖ*
*ਸਭ ਬਾਈ ਜੀ ਦੇ ਨਾਲ*
*ਮੰਗੀਏ ਖੁਸ਼ੀਆਂ,ਸਫ਼ਲਤਾਵਾਂ ਤੇ*
*ਸੁੱਖ ਇਸ ਨਵੇਂ ਸਾਲ ਕੋਲੋਂ*
*ਗਲਤੀਆਂ ਤੋਂ ਮਿਲੇ ਜੋ ਸਬਕ,*
*ਰੱਖੀਏ ਹੁਣ ਯਾਦ ਉਹਨਾਂ ਨੂੰ*
*ਦੁਹਰਾਈਏ ਨਾ ਮੁੜ ਉਹੀ ਰਸਤੇ*
*ਤੇ ਉਹੀ ਕਦਮ*
*ਰਿਸ਼ਤੇ ਵੀ ਤਾਂ ਕੁਝ ਵਿਗੜੇ ਹੋਣਗੇ*
*ਤੇ ਨਵੇਂ ਵੀ ਜੁੜੇ ਹੋਣਗੇ*
*ਪੁਰਾਣੇ ਵੀ ਸਵਾਰਨੇ ਨੇ ਨਵੇਂ ਵੀ*
*ਹਨ ਲੈਣੇ ਸੰਭਾਲ*
*ਭੁੱਲ ਜਾਣੀਆਂ ਨੇ ਯਾਦਾਂ ਕੌੜੀਆਂ*
*ਰੱਖਣੀਆਂ ਹਨ ਸੰਭਾਲ ਕੇ ਸਾਰੀਆਂ*
*ਮਿੱਠੀਆਂ ,ਨਿੱਘੀਆਂ,ਪਿਆਰੀਆਂ ਤੇ*
*ਸੁਆਦਲੀਆਂ ਯਾਦਾਂ*
*ਸੰਭਾਲਣੇ ਨੇ ਪੁਰਾਣੇ ਤਜ਼ਰਬੇ ਤੇ*
*ਸਿੱਖਣਾ ਹੈ ਹੋਰ ਬੜਾ*
*ਕਿਉਂਕਿ ਇਹ ਤਾਂ ਰਿਹਾ ਹੈ ਸੁਭਾਅ*
*ਮਨੁੱਖ ਦਾ*
*ਸਿੱਖਣਾ ਤੇ ਹੋਰ ਸਿੱਖਣਾ ਤੇ ਸਿੱਖਦੇ*
*ਹੀ ਰਹਿਣਾ*
*ਉੱਠੋ ਫਿਰ ਦੇ ਦਈਏ ਵਿਦਾਈ*
*ਬਾਈ ਨੂੰ*
*ਤੇ ਪਾ ਲਈਏ ਗਲਵੱਕੜੀ ਤੇਈ ਨੂੰ*
*ਹੁਣ*
*ਤੇ ਪਾ ਲਈਏ ਗਲਵੱਕੜੀ ਤੇਈ ਨੂੰ*
*ਹੁਣ*

*-ਅਮਰਜੀਤ ਕੌਰ*
*ਸੇਵਾ ਮੁਕਤ ਸਟੇਟ ਐਵਾਰਡੀ*
*ਮੁੱਖ ਅਧਿਆਪਕਾ*



# ਖ਼ਬਰਾਂ ਪੰਜਾਬ ਦੀਆਂ



## ਮੁੱਖ ਚੋਣ ਅਧਿਕਾਰੀ ਪੰਜਾਬ ਦੇ ਦਫਤਰ ਵਿਖੇ ਰਾਜਨੀਤਕ ਪਾਰਟੀਆਂ ਦੀ ਮੀਟਿੰਗ ਹੋਈ, ਚੋਣ ਦੇ ਅੰਤਿਮ ਪ੍ਰਕਾਸ਼ਨਾ ਦੀਆਂ ਸੀਡੀਜ ਸੌਂਪੀਆਂ

### ਪੰਜਾਬ ਦੇ 76.78 ਫੀਸਦੀ ਨਾਗਰਿਕਾਂ ਨੇ ਸਵੈ-ਇੱਛਾ ਨਾਲ ਲਿੰਕ ਕੀਤਾ ਵੋਟਰ ਕਾਰਡ ਨਾਲ ਆਪਣਾ ਆਧਾਰ



ਚੰਡੀਗੜ੍ਹ, 5 ਜਨਵਰੀ (ਪੋਸਟ ਬਿਊਰੋ): ਮੁੱਖ ਚੋਣ ਅਫਸਰ ਪੰਜਾਬ ਦੇ ਦਫਤਰ ਵੱਲੋਂ ਵੀਰਵਾਰ ਨੂੰ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਵੋਟਰ ਸੂਚੀ (ਬਿਨਾਂ ਫੋਟੋਆਂ) ਦੀ ਅੰਤਿਮ ਪ੍ਰਕਾਸ਼ਨਾ ਦੀਆਂ ਸੀਡੀਜ ਸੌਂਪਣ ਲਈ ਮੀਟਿੰਗ ਕੀਤੀ ਗਈ। ਵੋਟਰ ਸੂਚੀ ਨੂੰ ਅਪਡੇਟ ਕਰਨ ਸਬੰਧੀ ਵਿਸ਼ੇਸ਼ ਮੁਹਿੰਮ : ਸਪੈਸ਼ਲ ਸਮਰੀ ਰਵੀਜ਼ਨ-2023 ਅੰਤਿਮ ਵੋਟਰ ਸੂਚੀ ਦੇ ਪ੍ਰਕਾਸ਼ਨ ਦੇ ਨਾਲ ਹੀ ਸਮਾਪਤ ਹੋ ਗਈ ਹੈ, ਜਿਸ ਨਾਲ ਵੋਟਰ ਸੂਚੀ ਦੀ ਨਿਰੰਤਰ ਅੱਪਡੇਟ ਕਰਨ ਦਾ ਰਾਹ ਪੱਧਰਾ ਹੋ ਗਿਆ ਹੈ।

ਮੀਟਿੰਗ ਦੌਰਾਨ ਰਾਜਨੀਤਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਜਾਣੂ ਕਰਵਾਇਆ ਗਿਆ ਕਿ ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਰਾਜ ਵਿੱਚ ਸਵੈ-ਇੱਛਾ ਨਾਲ ਰਜਿਸਟਰਡ ਵੋਟਰਾਂ ਦੇ ਆਧਾਰ ਨੰਬਰ ਇਕੱਤਰ ਕਰਨ ਦੀ ਪ੍ਰਕਿਰਿਆ ਨੂੰ ਸਫਲਤਾਪੂਰਵਕ ਨੇਪਰੇ ਚਾੜਿਆ ਜਾ ਰਿਹਾ ਹੈ ਅਤੇ 76.78 ਫੀਸਦੀ ਵੋਟਰਾਂ ਨੇ ਪਹਿਲਾਂ ਹੀ ਸਵੈ-ਇੱਛਾ ਨਾਲ ਆਪਣੇ ਆਧਾਰ ਨੂੰ ਵੋਟਰ ਕਾਰਡ ਨਾਲ ਲਿੰਕ ਕਰ ਲਿਆ ਹੈ। ਆਧਾਰ ਨੰਬਰ ਨੂੰ ਵੋਟਰ ਕਾਰਡ ਨਾਲ ਲਿੰਕ ਕਰਨ ਦੀ ਮੁਹਿੰਮ 31 ਮਾਰਚ, 2023 ਤੱਕ ਚਲਾਈ ਜਾਵੇਗੀ।

ਮੀਟਿੰਗ ਵਿੱਚ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਚੋਣ ਪ੍ਰਕਿਰਿਆ ਦੀ ਮਜਬੂਤੀ ਬਾਰੇ ਜਾਣੂ ਕਰਵਾਇਆ ਗਿਆ ਅਤੇ ਦੱਸਿਆ ਗਿਆ ਕਿ ਕਿਵੇਂ ਤਕਨਾਲੋਜੀ ਦੀ ਵਰਤੋਂ ਕਰਕੇ ਹਰ ਪੜਾਅ 'ਤੇ ਪਾਰਦਰਸ਼ਤਾ ਲਿਆਂਦੀ ਗਈ ਹੈ। ਵੋਟਰ ਸੂਚੀ ਨੂੰ ਹੋਰ ਬਿਹਤਰ ਬਣਾਉਣ ਦੇ ਮਿਸ਼ਨ ਵਿੱਚ ਉਨਾਂ ਦੇ ਸਹਿਯੋਗ ਦੀ ਮੰਗ ਕਰਦਿਆਂ, ਰਾਜਨੀਤਿਕ ਪਾਰਟੀਆਂ ਨੂੰ ਦੱਸਿਆ ਗਿਆ ਕਿ ਪੰਜਾਬ ਦੇ ਵੋਟਰ ਪੋਰਟਲ 'ਤੇ ਲਾਗਇਨ ਕਰਕੇ ਆਨਲਾਈਨ ਜਾਂ ਵੋਟਰ ਹੈਲਪਲਾਈਨ ਐਪ(ਐਂਡਰਾਇਡ ਅਤੇ ਆਈਓਐਸ) ਨੂੰ ਡਾਊਨਲੋਡ ਕਰਕੇ, ਬੜੇ ਸੁਖਾਲੇ ਢੰਗ ਨਾਲ ਆਪਣੇ ਵੋਟਰ ਵੇਰਵਿਆਂ ਵਿੱਚ ਰੱਦੋ-ਬਦਲ /ਸੋਧ ਕਰ ਸਕਦੇ ਹਨ ।

ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ ਨੇ 80 ਸਾਲ ਤੋਂ ਵੱਧ ਉਮਰ ਦੇ ਵੋਟਰਾਂ ਅਤੇ ਦਿਵਿਆਂਗ ਵਿਅਕਤੀਆਂ ਨੂੰ ਪੋਸਟਲ ਬੈਲਟ ਦੀ ਸਹੂਲਤ ਪ੍ਰਦਾਨ ਕਰਨ ਸਮੇਤ ਭਾਰਤ ਦੇ ਚੋਣ ਕਮਿਸ਼ਨ ਦੀਆਂ ਪਹਿਲਕਦਮੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵੋਟਰ ਕਾਰਡ ਨਾਲ ਆਧਾਰ ਨੂੰ ਜੋੜਨ ਦੀ ਪ੍ਰਕਿਰਿਆ ਵੋਟਰ ਸੂਚੀ ਵਿੱਚ ਸੁਧਾਰ ਕਰਨ ਵਿੱਚ ਵੱਡੀ ਮਦਦ ਕਰੇਗੀ।

ਮੀਟਿੰਗ ਵਿੱਚ ਬਹੁਜਨ ਸਮਾਜ ਪਾਰਟੀ ਦੇ ਅਜੀਤ ਸਿੰਘ, ਸ਼੍ਰੋਮਣੀ ਅਕਾਲੀ ਦਲ ਦੇ ਚਰਨਜੀਤ ਸਿੰਘ ਬਰਾੜ, ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਗੁਰਿੰਦਰ ਸਿੰਘ ਸ਼ਾਮਲ ਹੋਏ।

## ਸੀਵਰੇਜ ਅਤੇ ਪੀਣ ਵਾਲੇ ਪਾਣੀ ਦੀ ਸਪਲਾਈ ਦੇ ਰਹਿੰਦੇ ਪ੍ਰੋਜੈਕਟਾਂ ਨੂੰ ਜਲਦ ਮੁਕੰਮਲ ਕੀਤਾ ਜਾਵੇ : ਸੰਧਵਾਂ



ਫਰੀਦਕੋਟ, 5 ਜਨਵਰੀ (ਪੋਸਟ ਬਿਊਰੋ): ਸਪੀਕਰ ਪੰਜਾਬ ਵਿਧਾਨ ਸਭਾ ਕੁਲਤਾਰ ਸਿੰਘ ਸੰਧਵਾਂ ਵੱਲੋਂ ਜਿਲ੍ਹੇ ਵਿਚ ਨਗਰ ਕੌਂਸਲ ਦੇ ਅਧੀਨ ਆਉਂਦੇ ਇਲਾਕਿਆਂ/ਕਾਲੋਨੀਆਂ ਵਿੱਚ 210 ਕਰੋੜ ਰੁਪਏ ਦੀ ਲਾਗਤ ਨਾਲ ਚੱਲ ਰਹੇ ਸੀਵਰੇਜ ਤੇ ਪੀਣ ਵਾਲੇ ਪਾਣੀ ਆਦਿ ਦੀ ਸਪਲਾਈ ਦੇ ਰਹਿੰਦੇ ਪ੍ਰੋਜੈਕਟਾਂ ਨੂੰ ਜਲਦ ਮੁਕੰਮਲ ਕੀਤਾ ਜਾਵੇ। ਉਨ੍ਹਾਂ ਇਸ ਸਬੰਧ ਵਿੱਚ ਵਾਟਰ ਸਪਲਾਈ, ਸੀਵਰੇਜ ਬੋਰਡ ਅਤੇ ਪ੍ਰੋਜੈਕਟਾਂ ਤੇ ਕੰਮ ਕਰ ਰਹੀ ਸ਼ਾਹਪੁਰਜੀ ਪਲੋਂਜੀ ਦੇ ਨੁਮਾਇੰਦਿਆਂ ਨਾਲ ਵਿਸ਼ੇਸ਼ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਦੇ ਗੈਸਟ ਹਾਊਸ ਵਿੱਚ ਮੀਟਿੰਗ ਕੀਤੀ ਅਤੇ ਉਨ੍ਹਾਂ ਨੂੰ ਇਸ ਸਬੰਧੀ ਆਦੇਸ਼ ਵੀ ਜਾਰੀ ਕੀਤੇ। ਇਸ ਮੌਕੇ ਐਸ.ਡੀ.ਐਮ. ਕੋਟਕਪੂਰਾ ਮੈਡਮ ਵੀਰਪਾਲ ਕੌਰ, ਜਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਸੁਖਜੀਤ ਸਿੰਘ ਢਿੱਲਵਾਂ ਵੀ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਇਸ ਮੌਕੇ ਕਿਹਾ ਕਿ ਸ਼ਹਿਰ ਦੇ ਲੋਕਾਂ ਨੂੰ ਸਾਫ ਪੀਣ ਵਾਲੇ ਪਾਣੀ ਦੀ ਸਪਲਾਈ ਹਰ ਹਾਲ ਵਿੱਚ ਯਕੀਨੀ ਬਣਾਈ ਜਾਵੇ। ਉਨ੍ਹਾਂ ਕਿਹਾ ਕਿ ਇਨ੍ਹਾਂ ਕੰਮਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਸ਼ਹਿਰ ਵਿੱਚ ਛੱਪੜਾਂ ਦੀ ਸਫਾਈ ਨੂੰ ਵੀ ਯਕੀਨੀ ਬਣਾਉਣ ਦੇ ਆਦੇਸ਼ ਦਿੱਤੇ। ਇਸ ਤੋਂ ਇਲਾਵਾ ਉਨ੍ਹਾਂ ਨੇ ਸ਼ਹਿਰ ਵਿੱਚ ਚੱਲ ਰਹੇ ਵੱਖ ਵੱਖ ਵਿਕਾਸ ਕਾਰਜਾਂ, ਸੜਕਾਂ, ਇੰਟਰਲਾਕਿੰਗ ਆਦਿ ਕੰਮਾਂ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਸਖਤ ਆਦੇਸ਼ ਦਿੱਤੇ ਕਿ ਜਿਹੜੇ ਵੀ ਅਧਿਕਾਰੀ ਇਨ੍ਹਾਂ ਕੰਮਾਂ ਵਿੱਚ ਅਣਗਹਿਲੀ ਕਰਨਗੇ , ਉਨ੍ਹਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਨਗਰ ਕੌਂਸਲ ਕੋਟਕਪੂਰਾ ਵਿਖੇ 95.20 ਕਰੋੜ ਰੁਪਏ ਦੀ ਲਾਗਤ ਨਾਲ ਚੱਲ ਰਹੇ ਸੀਵਰੇਜ਼ ਪ੍ਰੋਜੈਕਟਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਹਾਸਲ ਕੀਤੀ।

ਇਸ ਮੌਕੇ ਐਸ.ਡੀ.ਐਮ. ਮੈਡਮ ਵੀਰਪਾਲ ਕੌਰ ਨੇ ਸਪੀਕਰ ਪੰਜਾਬ ਵਿਧਾਨ ਸਭਾ ਸ. ਕੁਲਤਾਰ ਸਿੰਘ ਸੰਧਵਾਂ ਨੂੰ ਯਕੀਨ ਦਵਾਇਆ ਕਿ ਜਿੰਨਾ ਖੇਤਰਾਂ ਵਿੱਚ ਸੀਵਰੇਜ ਪਾਉਣ ਦਾ ਕੰਮ ਰਹਿੰਦਾ ਹੈ, ਉੱਥੇ ਜਲਦ ਹੀ ਕੰਮ ਸ਼ੁਰੂ ਕਰਵਾ ਦਿੱਤਾ ਜਾਵੇਗਾ।

ਇਸ ਮੌਕੇ ਨਿਗਰਾਨ ਇੰਜਨੀਅਰ ਸੰਦੀਪ ਸਿੰਘ ਰੋਮਾਣਾ, ਐਕਸੀਅਨ ਸੀਵਰੇਜ ਬੋਰਡ ਜੀ.ਪੀ. ਸਿੰਘ, ਈ.ਓ ਕੋਟਕਪੂਰਾ ਅਮਰਿੰਦਰ ਸਿੰਘ, ਐਸ.ਡੀ.ਓ ਗੁਰਪਾਲ ਸਿੰਘ, ਜੇ.ਈ. ਪ੍ਰਵੇਸ਼ ਕੁਮਾਰ, ਪੀ.ਆਰ.ਓ. ਮਨਪ੍ਰੀਤ ਸਿੰਘ ਧਾਲੀਵਾਲ ,ਪੀ.ਏ. ਅਮਨਦੀਪ ਸਿੰਘ ਸੰਧੂ, ਰਤਨ ਅਗਰਵਾਲ, ਮੈਨੇਜਰ ਸ਼ਾਹਪੁਰਜੀ ਕਲੌਂਜੀ ਅਰਨਵ ਭੱਟਾਚਾਰੀਆ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਸਿਹਤ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਵਲੋਂ ਅਚਨਚੇਤ ਚੈਕਿੰਗ ਦੀ ਸ਼ੁਰੂਆਤ



ਚੰਡੀਗੜ੍ਹ, 5 ਜਨਵਰੀ (ਪੋਸਟ ਬਿਊਰੋ): ਪੰਜਾਬ ਦੀਆਂ ਸਿਹਤ ਸੰਸਥਾਵਾਂ ਦੇ ਕੰਮਕਾਜ ਵਿੱਚ ਸੁਧਾਰ ਲਿਆਉਣ ਅਤੇ ਡਾਕਟਰੀ ਸੇਵਾਵਾਂ ਨੂੰ ਹੋਰ ਬਿਹਤਰ ਬਣਾਉਣ ਲਈ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਸੂਬੇ ਭਰ ਦੀਆਂ ਸਿਹਤ ਸੰਸਥਾਵਾਂ ਵਿੱਚ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦਾ ਜਾਇਜ਼ਾ ਲੈਣ ਦੇ ਮੱਦੇਨਜ਼ਰ ਅਚਨਚੇਤ ਨਿਰੀਖਣ ਮੁਹਿੰਮ ਸ਼ੁਰੂ ਕੀਤੀ।

ਆਪਣੀ ਕਿਸਮ ਦੇ ਅਜਿਹੇ ਪਹਿਲੇ ਦੌਰੇ ਮੌਕੇ ਉਨ੍ਹਾਂ ਨੇ ਮੋਹਾਲੀ ਵਿਖੇ ਲੀਵਰ ਸਰਜਰੀ ਲਈ ਜਲਦ ਕਾਰਜਸ਼ੀਲ ਹੋਣ ਵਾਲੇ ਪੰਜਾਬ ਇੰਸਟੀਚਿਊਟ ਆਫ ਲੀਵਰ ਐਂਡ ਬਿਲਿਆਰੀ ਸਾਇੰਸਜ਼, ਦੇ ਕੰਮਾਂ ਦਾ ਨਿਰੀਖਣ ਕੀਤਾ। ਜਿਥੇ ਉਨ੍ਹਾਂ ਨੇ ਪਹਿਲ ਦੇ ਆਧਾਰ 'ਤੇ ਕੰਮ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ ਅਤੇ 50 ਬਿਸਤਰਿਆਂ ਵਾਲੇ ਇਸ ਸੁਪਰ-ਸਪੈਸ਼ਲਿਟੀ ਹਸਪਤਾਲ ਨੂੰ ਜਲਦੀ ਸ਼ੁਰੂ ਕਰਨ ਦਾ ਭਰੋਸਾ ਦਿੱਤਾ। ਜੋ ਨਾ ਕੇਵਲ ਜਿਗਰ ਅਤੇ ਬਿਲੀਰੀ ਰੋਗਾਂ ਦੇ ਨਿਦਾਨ ਅਤੇ ਪ੍ਰਬੰਧਨ ਲਈ ਸੈਂਟਰ ਆਫ ਅਕਸੀਲੈਂਸ ਸਾਬਿਤ ਹੋਵੇਗਾ ਸਗੋਂ ਹੈਪੇਟੋ-ਬਿਲਰੀ ਵਿਗਿਆਨ ਦੇ ਖੇਤਰ ਵਿੱਚ ਉੱਨਤ ਸਿਖਲਾਈ ਅਤੇ ਖੋਜ ਪ੍ਰਦਾਨ ਕਰੇਗਾ।

ਜੌੜਾਮਾਜਰਾ ਨੇ ਆਸ ਪ੍ਰਗਟਾਈ ਕਿ ਇਹ ਪ੍ਰੋਜੈਕਟ ਲੋਕਾਂ ਨੂੰ ਸਸਤੀਆਂ ਦਰਾਂ 'ਤੇ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਵਿੱਚ ਸਫਲ ਹੋਵੇਗਾ ਅਤੇ ਪੰਜਾਬ ਲਈ ਸਿਹਤ-ਬੁਨਿਆਦੀ ਢਾਂਚੇ ਨੂੰ ਹੁਲਾਰਾ ਦੇਣ ਵਾਲਾ ਵੱਡਾ ਪ੍ਰੋਜੈਕਟ ਸਿੱਧ ਹੋਵੇਗਾ।

ਇਸ ਮੌਕੇ ਉਨ੍ਹਾਂ ਕਿਹਾ ਕਿ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਇਹ ਸਰਕਾਰ ਲੋਕਾਂ ਦੀ ਭਲਾਈ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਹੀ ਹੈ ਅਤੇ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਵਿੱਚ ਕਿਸੇ ਕਿਸਮ ਦੀ ਕੋਈ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਜਿਹੇ ਦੌਰੇ ਭਵਿੱਖ ਵਿੱਚ ਵੀ ਜਾਰੀ ਰਹਿਣਗੇ ਅਤੇ ਉਹ ਕਿਸੇ ਵੀ ਸਿਹਤ ਸੰਸਥਾ ਦਾ ਅਚਨਚੇਤ ਦੌਰਾ ਕਰ ਸਕਦੇ ਹਨ ਤਾਂ ਜੋ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਲੈ ਕੇ ਲੋਕਾਂ ਦੇ ਸੁਪਨੇ ਜਲਦੀ ਹੀ ਪੂਰੇ ਹੋ ਸਕਣ।

## ਪੰਜਾਬ ਸਰਕਾਰ ਪਾਰਦਰਸ਼ੀ ਰੋਜਗਾਰ ਪ੍ਰਕਿਰਿਆ ਲਈ ਵਚਨਬੱਧ : ਡਾ. ਬਲਜੀਤ ਕੌਰ



ਚੰਡੀਗੜ੍ਹ, 5 ਜਨਵਰੀ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਅਤੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਵਿਭਾਗ ਵੱਲੋਂ ਸੂਬੇ ਦੀ ਨੌਜਵਾਨੀ ਨੂੰ ਰੋਜਗਾਰ ਦੇ ਢੁਕਵੇਂ ਮੌਕੇ ਉਪਲੱਬਧ ਕਰਵਾਏ ਜਾ ਰਹੇ ਹਨ ਅਤੇ ਨੌਕਰੀ ਲਈ ਚੋਣ ਪ੍ਰਕਿਰਿਆ ਵਿੱਚ ਪੂਰਨ ਤੌਰ ਉੱਤੇ ਪਾਰਦਰਸ਼ੀ ਮਾਪਦੰਡ ਵਰਤੇ ਜਾ ਰਹੇ ਹਨ। ਇਸੇ ਤਹਿਤ ਪੰਜਾਬ ਦੇ ਸਮੂਹ ਜ਼ਿਲ੍ਹਾ ਪ੍ਰੋਗਰਾਮ ਅਫਸਰਾਂ ਨੂੰ ਆਂਗਨਵਾੜੀ ਵਰਕਰਾਂ ਵਿਚੋਂ ਸੁਪਰਵਾਈਜਰਾਂ ਦੀ ਚੋਣ ਕਰਨ ਲਈ ਆਰਜੀ ਮੈਰਿਟ ਸੂਚੀਆਂ ਸਬੰਧੀ ਬਿਨੈਕਾਰਾਂ ਤੋਂ ਇਤਰਾਜ਼ਾਂ ਦੀ ਮੰਗ 11 ਜਨਵਰੀ 2023 ਤੱਕ ਸ਼ਾਮ 04:00 ਵਜੇ ਤੱਕ ਕੀਤੀ ਗਈ ਹੈ। ਬਿਨੈਕਾਰ ਸਿੱਧੇ ਤੌਰ 'ਤੇ ਡਾਇਰੈਕਟਰ, ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਨੂੰ ਦਸਤੀ ਤੌਰ ਤੇ ਸਬੂਤਾਂ ਸਮੇਤ ਆਪਣੇ ਇਤਰਾਜ਼ ਦਰਜ ਕਰਵਾ ਸਕਦੇ ਹਨ।

ਇਸ ਸਬੰਧੀ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਆਈ.ਸੀ.ਡੀ.ਐਸ.ਪ੍ਰੋਜੈਕਟਾਂ ਅਧੀਨ ਕੰਮ ਕਰ ਰਹੀਆਂ ਆਂਗਨਵਾੜੀ ਵਰਕਰਾਂ ਵਿਚੋਂ ਸੁਪਰਵਾਈਜਰਾਂ ਦੀ ਸਿਲੈਕਸ਼ਨ ਕਰਨ ਲਈ ਪੰਜਾਬ ਦੇ ਸਮੂਹ ਜਿਲ੍ਹਾ ਪ੍ਰੋਗਰਾਮ ਅਫਸਰਾਂ ਤੋਂ ਪ੍ਰਾਪਤ ਹੋਈਆਂ ਆਰਜੀ ਮੈਰਿਟ ਸੂਚੀਆਂ ਨੂੰ ਮੁੱਖ ਦਫਤਰ ਪੱਧਰ ਤੇ ਕੰਪਾਈਲ ਕਰਨ ਉਪਰੰਤ ਵਿਭਾਗ ਦੀ ਵੈਬਸਾਈਟ' ਤੇ ਅਪਲੋਡ ਕਰ ਦਿੱਤਾ ਗਿਆ ਹੈ।

ਕੈਬਨਿਟ ਮੰਤਰੀ ਨੇ ਸਮੂਹ ਜਿਲ੍ਹਾ ਪ੍ਰੋਗਰਾਮ ਅਫਸਰਾਂ ਨੂੰ ਹਦਾਇਤ ਕੀਤੀ ਹੈ ਕਿ ਆਰਜੀ ਮੈਰਿਟ ਸੂਚੀਆਂ ਨੂੰ ਡਾਊਨਲੋਡ ਕਰਕੇ ਆਪਣੇ ਦਫ਼ਤਰ ਅਤੇ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰਾਂ ਦੇ ਦਫਤਰਾਂ ਵਿਚ ਨੋਟਿਸ ਬੋਰਡ ਤੇ ਲਗਾਇਆ ਜਾਵੇ। ਆਂਗਣਵਾੜੀ ਵਰਕਰਾਂ ਨੂੰ ਆਰਜੀ ਮੈਰਿਟ ਸੂਚੀਆਂ ਸਬੰਧੀ ਸੂਚਿਤ ਕੀਤਾ ਜਾਵੇ ਅਤੇ ਸਮੂਹ ਬਾਲ ਵਿਕਾਸ ਪ੍ਰੋਜੈਕਟ ਅਫਸਰਾਂ ਨੂੰ ਇਸ ਦੀ ਤਸਦੀਕ ਕਰਨ ਲਈ ਹਦਾਇਤ ਕੀਤੀ ਹੈ।

ਬਿਨੈਕਾਰ ਵੱਲੋ ਕੀਤੇ ਇਤਰਾਜ਼ ਤੇ ਮੁੱਖ ਦਫਤਰ ਵੱਲੋਂ ਜਾਰੀ ਕੀਤੀ ਗਈ ਰਾਜ ਪੱਧਰੀ ਆਰਜੀ ਮੈਰਿਟ ਸੂਚੀ ਦੀ ਕੈਟਾਗਿਰੀ, ਸਬ ਕੈਟਾਗਿਰੀ ਦਾ ਲੜੀ ਨੰਬਰ ਅੰਕਿਤ ਕੀਤਾ ਜਾਵੇ। ਬਿਨੈਕਾਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਮੁੱਖ ਦਫਤਰ ਦੇ ਇਤਰਾਜ਼ ਰਜਿਸਟਰ ਵਿਚ ਆਪਣਾ ਇਤਰਾਜ਼ ਦਰਜ ਕਰਵਾਉਣ ਉਪਰੰਤ ਡਾਇਰੀ ਨੰਬਰ ਪ੍ਰਾਪਤ ਕਰੇ। ਵਿਭਾਗ ਵੱਲੋਂ ਨਿਸਚਿਤ ਕੀਤੀ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਇਤਰਾਜਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ। ਇਹ ਮੈਰਿਟ ਸੂਚੀ ਬਿਨੈਕਾਰਾਂ ਵੱਲੋਂ ਸਬੰਧਤ ਬਾਲ ਵਿਕਾਸ ਪ੍ਰੋਜੈਕਟ ਅਫਸਰਾਂ ਨੂੰ ਦਿੱਤੀ ਸੂਚਨਾ ਅਧਾਰ ਤੇ ਜਿਲ੍ਹਾ ਪ੍ਰੋਗਰਾਮ ਅਫਸਰਾਂ ਵੱਲੋਂ ਭੇਜੀਆਂ ਗਈਆਂ ਮੈਰਿਟ ਸੂਚੀਆਂ ਤੇ ਇਤਰਾਜ਼ ਸੁਨਣ ਲਈ ਕੇਵਲ ਆਰਜੀ ਤੌਰ ਤੇ ਜਾਰੀ ਕੀਤੀ ਗਈ ਹੈ। ਇਸ ਨੂੰ ਅੰਤਿਮ ਨਹੀਂ ਮੰਨਿਆ ਜਾਵੇਗਾ।

## ਜ਼ੀਰਾ ਸਥਿਤ ਸ਼ਰਾਬ ਫੈਕਟਰੀ ਸਬੰਧੀ ਕਮੇਟੀਆਂ ਨੇ ਪਾਣੀ ਅਤੇ ਮਿੱਟੀ ਦੇ 12 ਨਮੂਨੇ ਲਏ



ਜ਼ੀਰਾ, 5 ਜਨਵਰੀ (ਪੋਸਟ ਬਿਊਰੋ): ਵਧੀਕ ਡਿਪਟੀ ਕਮਿਸ਼ਨਰ (ਜ) ਸਾਗਰ ਸੇਤੀਆ ਆਈ.ਏ.ਐਸ. ਨੇ ਦੱਸਿਆ ਕਿ ਮਾਲਬਰੋਜ਼ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ ਮਨਸੂਰਵਾਲ ਕਲਾਂ ਜ਼ੀਰਾ ਵਿਖੇ ਸਥਿਤ (ਸ਼ਰਾਬ ਫੈਕਟਰੀ) ਸਬੰਧੀ ਪਾਣੀ ਅਤੇ ਮਿੱਟੀ ਦੀ ਜਾਂਚ ਲਈ ਕਮੇਟੀ ਵਲੋਂ ਅੱਜ ਫੈਕਟਰੀ ਅੰਦਰ ਜਾ ਕੇ 5 ਪਾਣੀ ਅਤੇ 2 ਮਿੱਟੀ ਦੇ ਸੈਂਪਲ ਲਏ ਗਏ। ਇਸ ਤੋਂ ਇਲਾਵਾ ਕਮੇਟੀ ਵਲੋਂ ਜ਼ੀਰਾ ਅਤੇ ਫੈਕਟਰੀ ਨਾਲ ਲੱਗਦੇ ਵੱਖ-ਵੱਖ ਪਿੰਡਾਂ ਮਨਸੂਰਵਾਲ ਕਲਾਂ, ਰਟੋਲ ਰੌਹੀ, , ਸਨੇਰ ਆਦਿ ਪਿੰਡਾਂ ਵਿੱਚ ਜਾ ਕੇ ਵੀ ਪਾਣੀ ਦੇ 5 ਦੇ ਕਰੀਬ ਸੈਂਪਲ ਇਕੱਤਰ ਕੀਤੇ ਗਏ।

ਵਧੀਕ ਡਿਪਟੀ ਕਮਿਸ਼ਨਰ ਸਾਗਰ ਸੇਤੀਆ ਨੇ ਅੱਗੇ ਦੱਸਿਆ ਕਿ ਪਾਣੀ ਅਤੇ ਮਿੱਟੀ ਦੀ ਜਾਂਚ ਲਈ ਲਏ ਗਏ ਸੈਂਪਲ ਸ੍ਰੀ ਰਾਮ ਲੈਬਾਰਟਰੀ, ਸਾਈ (ਐਸ.ਏ.ਆਈ.) ਲੈਬਾਰਟਰੀ ਪਟਿਆਲਾ ਅਤੇ ਸੀ.ਐਸ.ਆਈ.ਆਰ-ਆਈ.ਆਈ. ਟੀ.ਆਰ ਲਖਨਊ ਵਿੱਚ ਜਾਂਚ ਲਈ ਭੇਜੇ ਜਾਣਗੇ। ਉਨ੍ਹਾਂ ਦੱਸਿਆ ਕਿ ਜਾਂਚ ਕਮੇਟੀ ਅਤੇ ਸਬੰਧਤ ਲੈਬਾਰਟਰੀਆਂ ਦੇ ਨੁਮਾਇੰਦਿਆਂ ਦੇ ਨਾਲ ਐਸ.ਡੀ.ਐਮ. ਜ਼ੀਰਾ ਗਗਨਦੀਪ ਸਿੰਘ ਅਤੇ ਡੀ.ਐਸ.ਪੀ. ਪਲਵਿੰਦਰ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਸਾਗਰ ਸੇਤੀਆ ਨੇ ਇਹ ਵੀ ਦੱਸਿਆ ਕਿ ਜਿਨ੍ਹਾਂ 19 ਇਲਾਕਾ ਨਵਾਸੀਆਂ ਦੇ ਲਾਇਸੰਸ ਮੁਅੱਤਲ ਕੀਤੇ ਗਏ ਸਨ ਉਨ੍ਹਾਂ ਦੀ ਬਹਾਲੀ ਲਈ ਜਾਂਚ ਰਿਪੋਰਟ ਪ੍ਰਾਪਤ ਹੋ ਗਈ ਹੈ ਅਤੇ ਇਹ ਜਲਦੀ ਹੀ ਬਹਾਲ ਕੀਤੇ ਜਾਣਗੇ।

## ਲੋਕ ਨਿਰਮਾਣ ਵਿਭਾਗ ਦਾ ਸੀਨੀਅਰ ਸਹਾਇਕ ਨੂੰ ਬਿੱਲ ਪ੍ਰਵਾਨਗੀ ਬਦਲੇ 5 ਹਜ਼ਾਰ ਰੁਪਏ ਰਿਸ਼ਵਤ ਲੈਂਦਾ ਰੰਗੇ ਹੱਥੀਂ ਕਾਬੂ

ਚੰਡੀਗੜ੍ਹ, 5 ਜਨਵਰੀ (ਪੋਸਟ ਬਿਊਰੋ): ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਨਿਰਦੇਸ਼ਾਂ ਅਨੁਸਾਰ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਚਲਾਈ ਮੁਹਿੰਮ ਦੌਰਾਨ ਮੰਗਲਵਾਰ ਨੂੰ ਲੋਕ ਨਿਰਮਾਣ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ, ਬੀ.ਐਂਡ.ਆਰ, ਨਾਭਾ, ਜਿਲਾ ਪਟਿਆਲਾ ਦੇ ਦਫ਼ਤਰ ਵਿੱਚ ਤਾਇਨਾਤ ਸੀਨੀਅਰ ਸਹਾਇਕ ਕੁਲਜੀਤ ਕੁਮਾਰ 5,000 ਰੁਪਏ ਦੀ ਰਿਸ਼ਵਤ ਮੰਗਦੇ ਅਤੇ ਲੈਂਦੇ ਹੋਏ ਰੰਗੇ ਹੱਥੀ ਨੂੰ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਮੁਲਜ਼ਮ ਨੂੰ ਉਸਦੇ ਜੂਨੀਅਰ ਸਹਾਇਕ ਜਸਵਿੰਦਰ ਦਾਸ ਦੀ ਸ਼ਕਾਇਤ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਹੋਰ ਵੇਰਵੇ ਦਿੰਦਿਆਂ ਉਨ੍ਹਾਂ ਦੱਸਿਆ ਕਿ ਸ਼ਕਿ-ਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਸਦਾ ਉਕਤ ਸੀਨੀਅਰ ਕਰਮਚਾਰੀ ਉਸਦੇ ਛੁੱਟੀ ਯਾਤਰਾ ਰਿਆਇਤ (ਐਲਟੀਸੀ) ਬਿੱਲਾਂ ਨੂੰ ਪਾਸ ਕਰਨ ਬਦਲੇ 5000 ਰੁਪਏ ਦੀ ਰਿਸ਼ਵਤ ਦੀ ਮੰਗ ਕਰ ਰਿਹਾ ਹੈ। ਬੁਲਾਰੇ ਨੇ ਦੱਸਿਆ ਕਿ ਇਸ ਸ਼ਕਾਇਤ ਦੀ ਪੁਸ਼ਟੀ ਕਰਨ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਮੁਲਜ਼ਮ ਕੁਲਜੀਤ ਕੁਮਾਰ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ 5000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ।

## 300 ਪੇਟੀਆਂ ਆਈ.ਐੱਮ.ਐੱਫ.ਐੱਲ. ਸ਼ਰਾਬ ਆਬਕਾਰੀ ਵਿਭਾਗ ਫਤਿਹਗੜ੍ਹ ਸਾਹਿਬ ਅਤੇ ਆਬਕਾਰੀ ਪੁਲਿਸ ਵੱਲੋਂ ਜ਼ਬਤ

### -ਤਸਕਰੀ ਰਾਹੀਂ ਚੰਡੀਗੜ੍ਹ ਤੋਂ ਪੰਜਾਬ ਲਿਆਂਦੀ ਜਾ ਰਹੀ ਇਸ ਸ਼ਰਾਬ ਦੀ ਕੀਮਤ 7 ਲੱਖ ਰੁਪਏ ਤੋਂ ਵੱਧ




ਚੰਡੀਗੜ੍ਹ, 3 ਜਨਵਰੀ (ਪੋਸਟ ਬਿਊਰੋ): ਨਵੇਂ ਸਾਲ ਦੀ ਸ਼ੁਰੂਆਤ ਵਿੱਚ ਹੀ ਇਕ ਵੱਡੀ ਕਾਰਵਾਈ ਕਰਦਿਆਂ ਆਬਕਾਰੀ ਵਿਭਾਗ ਫਤਿਹਗੜ੍ਹ ਸਾਹਿਬ ਅਤੇ ਆਬਕਾਰੀ ਪੁਲਿਸ ਨੇ 7 ਲੱਖ ਰੁਪਏ ਦੀ ਅੰਦਾਜ਼ਨ ਕੀਮਤ ਵਾਲੀਆਂ ਭਾਰਤ ਵਿੱਚ ਬਣੀ ਵਿਦੇਸ਼ੀ ਸ਼ਰਾਬ (ਆਈ.ਐਮ.ਐਫ.ਐਲ) ਦੀਆਂ 300 ਪੇਟੀਆਂ ਜ਼ਬਤ ਕੀਤੀਆਂ, ਜੋ ਤਸਕਰੀ ਰਾਹੀਂ ਚੰਡੀਗੜ੍ਹ ਤੋਂ ਪੰਜਾਬ ਲਿਆਂਦੀਆਂ ਗਈਆਂ ਸਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਆਬਕਾਰੀ ਵਿਭਾਗ ਦੇ ਬੁਲਾਰੇ ਨੇ ਦੱਸਿਆ ਕਿ ਆਬਕਾਰੀ ਪੁਲਿਸ ਵੱਲੋਂ ਇੱਕ ਸੂਚਨਾ 'ਤੇ ਕਾਰਵਾਈ ਕਰਦਿਆਂ ਸੋਮਵਾਰ ਦੇਰ ਸ਼ਾਮ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਮਾਧੋਪੁਰ ਨੇੜੇ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਇਸ ਦੌਰਾਨ ਇੱਕ ਕੈਂਟਰ ਨੰਬਰ ਪੀ.ਬੀ.03 ਬੀ.ਐਚ.1683 ਨੂੰ ਰੋਕਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਗੱਡੀ ਵਿੱਚੋਂ ਆਈ.ਐੱਮ.ਐੱਫ.ਐੱਲ. ਦੀਆਂ 300 ਪੇਟੀਆਂ ਜਿਨ੍ਹਾਂ 'ਤੇ 'ਸਿਰਫ ਚੰਡੀਗੜ੍ਹ 'ਚ ਵਿਕਰੀ ਲਈ' ਲਿਖਿਆ ਹੋਇਆ ਸੀ, ਬਰਾਮਦ ਕੀਤੀਆਂ ਗਈਆਂ।

ਇੰਨ੍ਹਾਂ ਪੇਟੀਆਂ ਵਿੱਚੋਂ ਤਿੰਨ ਵੱਖ-ਵੱਖ ਬ੍ਰਾਂਡਾਂ ਦੀ ਸ਼ਰਾਬ, '999' ਬ੍ਰਾਂਡ ਦੀ ਬੋਤਲ ਐਮਪਾਇਰ ਅਲਕੋਬਰੇਵ, ਪਲਾਟ ਨੰ. 58 ਇੰਡਸਟਰੀਅਲ ਏਰੀਆ ਚੰਡੀਗੜ੍ਹ ਅਤੇ 'ਨੈਨਾ' ਬ੍ਰਾਂਡ ਦੀਆਂ ਬੋਤਲਾਂ ਰੌਕ ਐਂਡ ਸਟੌਰਮ ਬੋਟਲਿੰਗ ਪਲਾਂਟ, ਪਲਾਟ ਨੰ. 214, ਇੰਡਸਟਰੀਅਲ ਏਰੀਆ ਚੰਡੀਗੜ੍ਹ ਬਰਾਮਦ ਕੀਤੀ ਗਈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰਕੇ ਇੱਕ ਵਿਅਕਤੀ ਨੂੰ ਮੌਕੇ 'ਤੇ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਬੁਲਾਰੇ ਨੇ ਅੱਗੇ ਦੱਸਿਆ ਕਿ ਪੰਜਾਬ ਦੇ ਵਿੱਤ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਵਿਭਾਗ ਨੂੰ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਹਨ ਤਾਂ ਜੋ ਸ਼ਰਾਬ ਦੀ ਤਸਕਰੀ ਵਿੱਚ ਸ਼ਾਮਲ ਲੋਕਾਂ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾ ਸਕੇ। ਬੁਲਾਰੇ ਨੇ ਦੱਸਿਆ ਕਿ ਵਿੱਤ ਮੰਤਰੀ ਨੇ ਵਿਭਾਗ ਨੂੰ ਗੈਰ-ਕਾਨੂੰਨੀ ਸ਼ਰਾਬ ਦੇ ਕਾਰੋਬਾਰ ਵਿਰੁੱਧ ਬਰਦਾਸ਼ਤ ਨਾ ਕਰਨ ਦੀ ਨੀਤੀ ਦੀ ਪਾਲਣਾ ਕਰਨ ਦੇ ਨਿਰਦੇਸ਼ ਦਿੱਤੇ ਹਨ।



## ਚੀਨ ਵਿਚ ਭਾਰਤੀ ਮੈਡੀਕਲ ਵਿਦਿਆਰਥੀ ਦੀ ਮੌਤ, ਲਾਸ਼ ਵਾਪਸ ਲਿਆਉਣ ਲਈ ਪਰਿਵਾਰ ਵਾਲਿਆਂ ਨੇ ਮੰਗੀ ਮਦਦ



ਹੈਦਰਾਬਾਦ, 5 ਜਨਵਰੀ (ਪੋਸਟ ਬਿਊਰੋ)- ਚੀਨ ਵਿਚ ਪਿਛਲੇ 5 ਸਾਲਾਂ ਤੋਂ ਮੈਡੀਕਲ ਦੀ ਪੜ੍ਹਾਈ ਕਰ ਰਹੇ ਤਾਮਿਲਨਾਡੂ ਦੇ 22 ਸਾਲਾ ਭਾਰਤੀ ਵਿਦਿਆਰਥੀ ਦੀ ਬੀਮਾਰੀ ਕਾਰਨ ਚੀਨ 'ਚ ਮੌਤ ਹੋ ਗਈ। ਇੱਥੇ ਆਰਥਿਕ ਤੌਰ 'ਤੇ ਕਮਜ਼ੋਰ ਹੋਣ ਕਾਰਨ ਪਰਿਵਾਰ ਨੇ ਉਸ ਦੀ ਲਾਸ਼ ਨੂੰ ਵਾਪਸ ਲਿਆਉਣ ਲਈ ਵਿਦੇਸ਼ ਮੰਤਰਾਲੇ ਤੋਂ ਮਦਦ ਦੀ ਮੰਗ ਕੀਤੀ ਹੈ।

ਆਪਣੀ ਮੈਡੀਕਲ ਪੜ੍ਹਾਈ ਦੇ ਆਖਰੀ ਸਾਲ ਵਿਚ, ਅਬਦੁਲ ਸ਼ੇਖ, ਇਕ ਭਾਰਤੀ ਵਿਦਿਆਰਥੀ, ਚੀਨ ਵਿਚ ਇੰਟਰਨਸ਼ਿਪ ਕਰ ਰਿਹਾ ਸੀ। ਉਹ ਹਾਲ ਹੀ ਵਿਚ ਭਾਰਤ ਪਰਤਿਆ ਸੀ ਅਤੇ 11 ਦਸੰਬਰ ਨੂੰ ਦੁਬਾਰਾ ਚੀਨ ਗਿਆ ਸੀ। ਸ਼ੇਖ ਚੀਨ ਪਹੁੰਚਣ 'ਤੇ ਅੱਠ ਦਿਨਾਂ ਦੇ ਲਾਜ਼ਮੀ ਕੁਆਰੰਟੀਨ ਰਹਿਣ ਤੋਂ ਬਾਅਦ ਉੱਤਰ-ਪੂਰਬੀ ਚੀਨ ਦੇ ਹੀਲੋਂਗਜਿਆਂਗ ਸੂਬੇ ਦੀ ਕਿਕੀਹਾਰ ਮੈਡੀਕਲ ਯੂਨੀਵਰਸਿਟੀ ਵਿਚ ਇੰਟਰਨਸ਼ਿਪ ਕਰ ਰਿਹਾ ਸੀ। ਪਰ ਉਹ ਬੀਮਾਰ ਹੋ ਗਿਆ ਅਤੇ ਉਸਨੂੰ ਇੰਟੈਂਸਿਵ ਕੇਅਰ ਯੂਨਿਟ ਵਿਚ ਦਾਖਲ ਕਰਵਾਉਣਾ ਪਿਆ, ਜਿੱਥੇ ਉਸਦੀ ਮੌਤ ਹੋ ਗਈ। ਵਿਦਿਆਰਥੀ ਦੇ ਪਰਿਵਾਰ ਨੇ ਲਾਸ਼ ਨੂੰ ਵਾਪਸ ਲਿਆਉਣ ਲਈ ਵਿਦੇਸ਼ ਮੰਤਰਾਲੇ ਤੋਂ ਮਦਦ ਦੀ ਮੰਗ ਕੀਤੀ ਹੈ। ਪਰਿਵਾਰ ਨੇ ਤਾਮਿਲਨਾਡੂ ਸਰਕਾਰ ਨੂੰ ਵੀ ਮਦਦ ਦੀ ਅਪੀਲ ਕੀਤੀ ਹੈ।

## ਦਿੱਲੀ 'ਚ ਇਕ ਹੋਰ ਵਹਿਸ਼ੀਆਨਾ ਵਾਰਦਾਤ, ਦੋਸਤੀ ਤੋੜਨ 'ਤੇ ਨੌਜਵਾਨ ਨੇ ਲੜਕੀ 'ਤੇ ਚਾਕੂ ਨਾਲ ਕੀਤੇ ਅੱਧੀ ਦਰਜਨ ਹਮਲੇ

ਨਵੀਂ ਦਿੱਲੀ, 5 ਜਨਵਰੀ (ਪੋਸਟ ਬਿਊਰੋ) - ਦਿੱਲੀ ਦੇ ਆਦਰਸ਼ ਨਗਰ ਇਲਾਕੇ 'ਚ ਇਕ ਨੌਜਵਾਨ ਵਲੋਂ ਲੜਕੀ ਨਾਲ ਵਹਿਸ਼ੀਆਨਾ ਹਰਕਤ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਦੋਸਤੀ ਟੁੱਟਣ 'ਤੇ ਨੌਜਵਾਨ ਨੇ ਲੜਕੀ ਨੂੰ ਮਿਲਣ ਦੇ ਬਹਾਨੇ ਬੁਲਾਇਆ ਅਤੇ ਗਲੀ ਦੇ ਨੁੱਕਰ 'ਤੇ ਲੈ ਗਿਆ ਅਤੇ ਉਸ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਸੀਸੀਟੀਵੀ ਫੁਟੇਜ ਵਿੱਚ ਦੋਵੇਂ ਗਲੀ ਵਿੱਚ ਇਕੱਠੇ ਘੁੰਮਦੇ ਨਜ਼ਰ ਆ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ ਨੌਜਵਾਨ ਨੇ ਲੜਕੀ 'ਤੇ ਕਰੀਬ ਅੱਧੀ ਦਰਜਨ ਵਾਰ ਹਮਲਾ ਕੀਤਾ। ਘਟਨਾ ਸੋਮਵਾਰ ਦੁਪਹਿਰ ਕਰੀਬ ਇੱਕ ਵਜੇ ਵਾਪਰੀ। ਜ਼ਖਮੀ ਲੜਕੀ ਨੂੰ ਬਾਬੂ ਜਗਜੀਵਨ ਰਾਮ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ, ਫਿਲਹਾਲ ਪੀੜਤਾ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ।



21 ਸਾਲਾ ਪੀੜਤਾ ਪਾਰਕ ਐਕਸਟੈਂਸ਼ਨ ਵਿੱਚ ਹੀ ਰਹਿੰਦੀ ਹੈ ਅਤੇ ਦਿੱਲੀ ਯੂਨੀਵਰਸਿਟੀ ਤੋਂ ਬੀਏ ਕਰ ਰਹੀ ਹੈ। ਪੀੜਤਾ ਨੇ ਪੁਲੀਸ ਨੂੰ ਦੱਸਿਆ ਕਿ ਮੁਲਜ਼ਮ ਨੌਜਵਾਨ ਨਾਲ ਚਾਰ-ਪੰਜ ਸਾਲ ਪਹਿਲਾਂ ਉਸ ਦੀ ਦੋਸਤੀ ਹੋਈ ਸੀ। ਪੁਲੀਸ ਨੇ ਮੁਲਜ਼ਮ ਸੁਖਵਿੰਦਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਹਾਲ ਹੀ 'ਚ ਦਿੱਲੀ ਦੇ ਕਾਂਝਵਾਲਾ ਇਲਾਕੇ 'ਚ ਇਕ 20 ਸਾਲਾ ਲੜਕੀ ਨੂੰ ਕਰੀਬ 13 ਕਿਲੋਮੀਟਰ ਤੱਕ ਕਾਰ ਨਾਲ ਘਸੀਟਿਆ ਗਿਆ। ਇਸ ਹਾਦਸੇ ਵਿੱਚ ਉਸ ਦੀ ਮੌਤ ਹੋ ਗਈ ਸੀ। ਪੀੜਤਾ ਦੀ ਪੋਸਟਮਾਰਟਮ ਰਿਪੋਰਟ 'ਚ ਕਈ ਹੈਰਾਨ ਕਰਨ ਵਾਲੇ ਤੱਥ ਵੀ ਸਾਹਮਣੇ ਆਏ ਹਨ। ਪੁਲਿਸ ਇਸ ਮਾਮਲੇ ਦੀ ਕਈ ਪਹਿਲੂਆਂ ਤੋਂ ਜਾਂਚ ਕਰ ਰਹੀ ਹੈ। ਹਾਲਾਂਕਿ ਪੁਲਿਸ ਨੇ ਇਸ ਮਾਮਲੇ ਸਬੰਧੀ ਹਾਲ ਹੀ ਵਿੱਚ ਕੀਤੀ ਪ੍ਰੈੱਸ ਕਾਨਫਰੰਸ ਵਿੱਚ ਜ਼ਿਆਦਾ ਖ਼ੁਲਾਸਾ ਨਹੀਂ ਕੀਤਾ।

## ਕਾਂਝਾਵਾਲਾ ਕੇਸ: ਲੜਕੀ ਨੂੰ ਘੜੀਸ ਰਹੀ ਕਾਰ ਤੋਂ 2 ਮਿੰਟ ਪਿੱਛੇ ਸੀ ਪੀਸੀਆਰ, ਪੁਲਿਸ ਦੇ ਐਮਰਜੈਂਸੀ ਨੰਬਰ 'ਤੇ ਆਈਆਂ 5-6 ਕਾਲਾਂ

ਨਵੀਂ ਦਿੱਲੀ, 5 ਜਨਵਰੀ (ਪੋਸਟ ਬਿਊਰੋ) - ਦਿੱਲੀ ਦੇ ਕਾਂਝਵਾਲਾ ਵਿੱਚ ਇੱਕ 20 ਸਾਲਾ ਲੜਕੀ ਨਾਲ ਹਿੱਟ ਐਂਡ ਰਨ ਮਾਮਲੇ ਦਾ ਇੱਕ ਨਵਾਂ ਵੀਡੀਓ ਸਾਹਮਣੇ ਆਇਆ ਹੈ, ਜਿਸ ਨੂੰ ਲੈ ਕੇ ਦਿੱਲੀ ਪੁਲਿਸ ਕਈ ਸਵਾਲਾਂ ਦਾ ਸਾਹਮਣਾ ਕਰ ਰਹੀ ਹੈ। 1 ਜਨਵਰੀ ਨੂੰ ਨਵੇਂ ਸਾਲ ਦੇ ਜਸ਼ਨ ਅਤੇ ਭੀੜ-ਭੜੱਕੇ ਦੇ ਮੱਦੇਨਜ਼ਰ, ਪੁਲਿਸ ਨੇ 18,000 ਕਰਮਚਾਰੀ ਅਤੇ 250 ਪੀਸੀਆਰ ਵੈਨਾਂ ਤਾਇਨਾਤ ਕਰਨ ਦਾ ਦਾਅਵਾ ਕੀਤਾ ਹੈ। ਪਰ ਇੰਨੀ ਤਿਆਰੀ ਤੋਂ ਬਾਅਦ ਵੀ ਪੁਲਿਸ ਉਸ ਕਾਰ ਦਾ ਪਤਾ ਨਹੀਂ ਲਗਾ ਸਕੀ ਜੋ ਲੜਕੀ ਨੂੰ 13 ਕਿਲੋਮੀਟਰ ਤੱਕ ਘਸੀਟ ਕੇ ਲੈ ਗਈ। ਨਵੀਂ ਸੀਸੀਟੀਵੀ ਫੁਟੇਜ ਵਿੱਚ ਇੱਕ ਪੀਸੀਆਰ ਵੈਨ ਕੈਦ ਹੋ ਗਈ ਹੈ।

ਕਾਂਝਵਾਲਾ ਹਿੱਟ ਐਂਡ ਰਨ ਮਾਮਲੇ ਦੀ ਨਵੀਂ ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਇੱਕ ਪੀਸੀਆਰ ਵੈਨ ਅੰਜਲੀ ਸਿੰਘ ਨੂੰ ਟੱਕਰ ਮਾਰਨ ਵਾਲੀ ਕਾਰ ਤੋਂ ਇੱਕ ਮਿੰਟ ਬਾਅਦ ਲੰਘੀ। ਯਾਨੀ ਕਿ ਹਾਦਸੇ ਤੋਂ ਬਾਅਦ ਅਜਿਹਾ ਮੌਕਾ ਆਇਆ ਹੋਵੇਗਾ ਜਦੋਂ ਕਾਰ ਅਤੇ ਪੀਸੀਆਰ ਵੈਨ ਵਿਚਕਾਰ ਦੂਰੀ ਘੱਟ ਸੀ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਪੁਲਿਸ ਨੂੰ ਲੜਕੀ ਦੇ ਫਸੇ ਹੋਣ ਦਾ ਵੀ ਕੋਈ ਸੁਰਾਗ ਨਹੀਂ ਲੱਗਾ ਅਤੇ ਨੌਜਵਾਨ ਲੜਕੀ ਨੂੰ ਘਸੀਟਦੇ ਰਹੇ।



ਸੂਤਰਾਂ ਨੇ ਦੱਸਿਆ ਕਿ ਪੁਲਿਸ ਕੰਟਰੋਲ ਰੂਮ (ਪੀਸੀਆਰ) ਨੂੰ ਪਹਿਲੀ ਕਾਲ ਸਵੇਰੇ 2:15 ਵਜੇ ਇੱਕ ਕਾਲਰ ਦੁਆਰਾ ਆਈ, ਜਿਸ ਨੇ ਲਾਸ਼ ਨੂੰ ਘਸੀਟਦੇ ਹੋਏ ਦੇਖਿਆ। ਇਹ ਘਟਨਾ ਅੱਧੇ ਘੰਟੇ ਬਾਅਦ ਵਾਪਰੀ ਜਦੋਂ ਕਾਰ ਨੇ 20 ਸਾਲਾ ਇਵੈਂਟ ਮੈਨੇਜਰ ਅੰਜਲੀ ਸਿੰਘ ਦੀ ਸਕੂਟੀ ਨੂੰ ਟੱਕਰ ਮਾਰ ਦਿੱਤੀ ਅਤੇ ਉਸ ਦੀ ਲੱਤ ਕਾਰ ਦੇ ਅਗਲੇ ਐਕਸਲ ਵਿੱਚ ਫਸ ਗਈ। ਸੂਤਰਾਂ ਦਾ ਕਹਿਣਾ ਹੈ ਕਿ ਪੁਲੀਸ ਦੇ ਐਮਰਜੈਂਸੀ ਨੰਬਰ 'ਤੇ ਪੰਜ-ਛੇ ਕਾਲਾਂ ਕੀਤੀਆਂ ਗਈਆਂ ਸਨ। ਇਸ ਦੇ ਚਸ਼ਮਦੀਦ ਗਵਾਹ ਦੀਪਕ ਦਹੀਆ ਵੱਲੋਂ ਪੁਲਿਸ ਨੂੰ 20 ਤੋਂ ਵੱਧ ਕਾਲਾਂ ਕੀਤੀਆਂ ਗਈਆਂ ਸਨ। ਦੀਪਕ ਨੇ ਦੇਖਿਆ ਕਿ ਲੜਕੀ ਕਾਰ ਦੇ ਹੇਠਾਂ ਫਸੀ ਹੋਈ ਸੀ।

## ਚੇਨੱਈ ਵਿਚ ਟੋਏ ਤੋਂ ਬਚਣ ਦੀ ਕੋਸ਼ਿਸ਼ ਵਿਚ ਸਾਫਟਵੇਅਰ ਇੰਜੀਨੀਅਰ ਗੱਡੀ ਤੋਂ ਡਿੱਗੀ, ਟਰੱਕ ਨੇ ਕੁਚਲਿਆ

ਚੇਨੱਈ, 5 ਜਨਵਰੀ (ਪੋਸਟ ਬਿਊਰੋ) - ਚੇਨੱਈ 'ਚ ਮੰਗਲਵਾਰ ਨੂੰ ਟੋਏ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹੋਏ ਇਕ 22 ਸਾਲਾ ਲੜਕੀ ਆਪਣੇ ਵਾਹਨ ਤੋਂ ਹੇਠਾਂ ਡਿੱਗ ਗਈ, ਜਿਸ ਤੋਂ ਬਾਅਦ ਉਸ ਨੂੰ ਇਕ ਟਰੱਕ ਨੇ ਟੱਕਰ ਮਾਰ ਦਿੱਤੀ। ਪੀੜਤ ਸ਼ੋਭਨਾ ਇੱਕ ਨਿੱਜੀ ਤਕਨੀਕੀ ਕੰਪਨੀ ਜ਼ੋਹੋ ਵਿੱਚ ਇੰਜੀਨੀਅਰ ਵਜੋਂ ਕੰਮ ਕਰਦੀ ਸੀ। ਸ਼ੋਭਨਾ ਕਥਿਤ ਤੌਰ 'ਤੇ ਆਪਣੇ ਭਰਾ ਨੂੰ ਕੋਚਿੰਗ ਕਲਾਸਾਂ ਲਈ ਇੱਕ ਸੰਸਥਾ ਵਿੱਚ ਛੱਡਣ ਜਾ ਰਹੀ ਸੀ। ਹਾਦਸੇ 'ਚ ਭਰਾ ਦੇ ਵੀ ਸੱਟਾਂ ਲੱਗੀਆਂ ਪਰ ਉਹ ਜ਼ਿੰਦਾ ਹੈ ਅਤੇ ਉਸ ਦਾ ਇਲਾਜ ਚੱਲ ਰਿਹਾ ਹੈ।

ਪੁਲਸ ਨੇ ਦੱਸਿਆ ਕਿ ਸ਼ੋਭਨਾ ਅਤੇ ਉਸ ਦੇ ਭਰਾ ਨੇ ਹੈਲਮੇਟ ਨਹੀਂ ਪਾਇਆ ਹੋਇਆ ਸੀ। ਹਾਦਸੇ ਤੋਂ ਬਾਅਦ ਮੌਕੇ ਤੋਂ ਫਰਾਰ ਹੋਏ ਟਰੱਕ ਡਰਾਈਵਰ ਦੀ ਪਛਾਣ ਮੋਹਨ ਵਜੋਂ ਹੋਈ ਹੈ, ਜਿਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪੂਨਮੱਲੀ ਪੁਲਿਸ ਨੇ ਇੱਕ ਬਿਆਨ ਵਿੱਚ ਕਿਹਾ, "ਉਨ੍ਹਾਂ ਵਿੱਚੋਂ ਕਿਸੇ ਨੇ ਹੈਲਮੇਟ ਨਹੀਂ ਪਾਇਆ ਹੋਇਆ ਸੀ। ਟਰੱਕ ਡਰਾਈਵਰ ਮੋਹਨ ਨੂੰ ਕਾਹਲੀ ਅਤੇ ਲਾਪਰਵਾਹੀ ਨਾਲ ਡਰਾਈਵਿੰਗ ਕਰਨ ਅਤੇ ਮੌਤ ਦਾ ਕਾਰਨ ਬਣਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਸਿਵਲ ਅਧਿਕਾਰੀ ਸੜਕ ਦੇ ਨੁਕਸਾਨੇ ਗਏ ਹਿੱਸੇ ਦੀ ਮੁਰੰਮਤ ਕਰ ਰਹੇ ਹਨ।"



ਜ਼ੋਹੋ ਦੇ ਸੀਈਓ ਸ਼੍ਰੀਧਰ ਵੇਂਬੂ ਨੇ ਸੋਸ਼ਲ ਮੀਡੀਆ 'ਤੇ ਸ਼ੋਕ ਪ੍ਰਗਟ ਕੀਤਾ ਅਤੇ ਸ਼ੋਭਨਾ ਦੀ ਮੌਤ ਲਈ ਖਰਾਬ ਸੜਕਾਂ ਨੂੰ ਜ਼ਿੰਮੇਵਾਰ ਠਹਿਰਾਇਆ। ਵੇਂਬੂ ਨੇ ਟਵੀਟ ਕੀਤਾ, "ਸਾਡੀ ਇਕ ਇੰਜੀਨੀਅਰ ਸ਼ੋਭਨਾ ਦੀ ਦੁਖਦਾਈ ਤੌਰ 'ਤੇ ਮੌਤ ਹੋ ਗਈ ਜਦੋਂ ਉਸ ਦਾ ਸਕੂਟਰ ਚੇਨਈ ਦੇ ਮਦੂਰਾਵੋਇਲ ਨੇੜੇ ਭਾਰੀ ਟੋਇਆਂ ਵਾਲੀਆਂ ਸੜਕਾਂ 'ਤੇ ਤਿਲਕ ਗਿਆ। ਉਹ ਆਪਣੇ ਛੋਟੇ ਭਰਾ ਨੂੰ ਕੋਚਿੰਗ ਕਲਾਸ ਲਿਜਾ ਰਹੀ ਸੀ। ਸਾਡੀਆਂ ਖਰਾਬ ਸੜਕਾਂ ਕਾਰਨ ਉਸ ਦੇ ਪਰਿਵਾਰ ਨੂੰ ਦੁਖਦਾਈ ਨੁਕਸਾਨ ਹੋਇਆ ਹੈ।

## ਨੋਟਬੰਦੀ 'ਤੇ ਕੇਂਦਰ ਸਰਕਾਰ ਦਾ ਫੈਸਲਾ ਸਹੀ: ਸੁਪਰੀਮ ਕੋਰਟ

ਨਵੀਂ ਦਿੱਲੀ, 5 ਜਨਵਰੀ (ਪੋਸਟ ਬਿਊਰੋ)- ਕੇਂਦਰ ਸਰਕਾਰ ਨੇ 8 ਨਵੰਬਰ, 2016 ਨੂੰ ਅਚਾਨਕ ਦੇਸ਼ ਵਿਚ ਨੋਟਬੰਦੀ ਲਾਗੂ ਕਰ ਦਿੱਤੀ। ਇਸ ਤਹਿਤ 1000 ਅਤੇ 500 ਰੁਪਏ ਦੇ ਨੋਟਾਂ ਨੂੰ ਚਲਣ ਤੋਂ ਬਾਹਰ ਕਰ ਦਿੱਤਾ ਗਿਆ ਹੈ। ਇਸ ਫੈਸਲੇ ਤੋਂ ਬਾਅਦ ਪੂਰੇ ਦੇਸ਼ ਨੂੰ ਨੋਟ ਬਦਲਣ ਲਈ ਕਤਾਰਾਂ 'ਚ ਖੜ੍ਹਨਾ ਪਿਆ। ਨੋਟਬੰਦੀ ਦੇ ਫੈਸਲੇ ਖਿਲਾਫ 58 ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਸਨ, ਜਿਸ 'ਤੇ ਸੁਪਰੀਮ ਕੋਰਟ ਨੇ ਵੱਡਾ ਫੈਸਲਾ ਸੁਣਾਇਆ। 5 ਜੱਜਾਂ ਦੇ ਬੈਂਚ 'ਚ 4 ਨੇ ਬਹੁਮਤ ਨਾਲ ਨੋਟਬੰਦੀ ਦੇ ਪੱਖ 'ਚ ਫੈਸਲਾ ਦਿੱਤਾ। ਜਦੋਂ ਕਿ ਜਸਟਿਸ ਬੀਵੀ ਨਾਗਰਤਨ ਦੀ ਰਾਏ ਵੱਖਰੀ ਸੀ।

ਸੁਪਰੀਮ ਕੋਰਟ ਨੇ ਕਿਹਾ ਕਿ ਨੋਟਬੰਦੀ ਦੇ ਐਲਾਨ ਤੋਂ ਪਹਿਲਾਂ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਅਤੇ ਸਰਕਾਰ ਵਿਚਾਲੇ ਛੇ ਮਹੀਨਿਆਂ ਲਈ ਸਲਾਹ-ਮਸ਼ਵਰਾ ਹੋਇਆ ਸੀ। ਮਹੱਤਵਪੂਰਨ ਗੱਲ ਇਹ ਹੈ ਕਿ ਅਦਾਲਤ ਨੇ ਕਿਹਾ ਕਿ ਇਹ 'ਪ੍ਰਸੰਗਿਕ ਨਹੀਂ' ਹੈ ਕਿ ਕੀ ਰਾਤੋ-ਰਾਤ ਪਾਬੰਦੀ ਦਾ ਉਦੇਸ਼ ਪ੍ਰਾਪਤ ਕੀਤਾ ਗਿਆ ਸੀ।



ਸੁਪਰੀਮ ਕੋਰਟ ਨੇ ਕਿਹਾ ਕਿ ਕੇਂਦਰ ਦੀ ਸ਼ਕਤੀ ਸਿਰਫ਼ ਬੈਂਕ ਨੋਟਾਂ ਦੀ 'ਇਕ' ਜਾਂ 'ਕੁਝ' ਲੜੀ ਦੇ ਨੋਟਬੰਦੀ ਤੱਕ ਸੀਮਤ ਨਹੀਂ ਹੋ ਸਕਦੀ। ਇਸ ਕੋਲ ਬੈਂਕ ਨੋਟਾਂ ਦੀਆਂ ਸਾਰੀਆਂ ਸੀਰੀਜਾਂ ਲਈ ਅਜਿਹਾ ਕਰਨ ਦੀ ਸ਼ਕਤੀ ਹੈ। ਸੁਪਰੀਮ ਕੋਰਟ ਨੇ ਅੱਗੇ ਕਿਹਾ ਕਿ ਆਰਬੀਆਈ ਐਕਟ ਬਹੁਤ ਜ਼ਿਆਦਾ ਡੈਲੀਗੇਸ਼ਨ ਦੀ ਵਿਵਸਥਾ ਨਹੀਂ ਕਰਦਾ ਹੈ। ਇੱਥੇ ਇਕ ਅੰਦਰੂਨੀ ਸੁਰੱਖਿਆ ਹੈ ਕਿ ਅਜਿਹੀ ਸ਼ਕਤੀ ਦੀ ਵਰਤੋਂ ਕੇਂਦਰੀ ਬੋਰਡ ਦੀ ਸਿਫਾਰਸ 'ਤੇ ਕੀਤੀ ਜਾਣੀ ਚਾਹੀਦੀ ਹੈ। ਇਸ ਲਈ ਇਸ ਨੂੰ ਛੱਡਿਆ ਨਹੀਂ ਜਾ ਸਕਦਾ। ਨਵੰਬਰ, 2016 ਦੀ ਨੋਟੀਫਿਕੇਸਨ ਰਾਹੀਂ ਫੈਸਲਾ ਲੈਣ ਦੀ ਪ੍ਰਕਿਰਿਆ ਵਿਚ ਕੋਈ ਕਮਜ਼ੋਰੀ ਨਹੀਂ ਹੈ।

## ਤਾਲਿਬਾਨ ਨੇ ਪਾਕਿਸਤਾਨ ਦਾ ਉਡਾਇਆ ਮਜ਼ਾਕ, 1971 ਦੀ ਕਰਾਰੀ ਹਾਰ ਦੀ ਯਾਦ ਦਿਵਾਈ

ਨਵੀਂ ਦਿਲੀ, 5 ਦਸੰਬਰ (ਪੋਸਟ ਬਿਊਰੋ) - ਪਾਕਿਸਤਾਨ ਅਤੇ ਅਫਗਾਨਿਸਤਾਨ (ਪਾਕਿ-ਸਤਾਨ-ਅਫਗਾਨਿਸਤਾਨ) ਵਿਚਾਲੇ ਤਣਾਅ ਹੌਲੀ-ਹੌਲੀ ਵਧਦਾ ਜਾ ਰਿਹਾ ਹੈ। ਤਾਲਿਬਾਨ ਨੇ ਹੁਣ ਇਕ ਪੁਰਾਣੀ ਤਸਵੀਰ ਸ਼ੇਅਰ ਕਰਕੇ ਪਾਕਿਸਤਾਨ ਦੇ ਪੁਰਾਣੇ ਜਖਮ ਨੂੰ ਰਗੜਨ ਦੀ ਕੋਸ਼ਿਸ਼ ਕੀਤੀ ਹੈ। ਕਤਰ ਵਿਚ ਤਾਲਿਬਾਨ ਦੇ ਇਕ ਸਿਖਰਲੇ ਆਗੂ ਅਹਿਮਦ ਯਾਸਿਰ ਨੇ ਪਾਕਿਸਤਾਨ ਨੂੰ 1971 ਦੀ ਜੰਗ (ਭਾਰਤ-ਪਾਕਿਸਤਾਨ 1971 ਦੀ ਜੰਗ) ਦੀ ਯਾਦ ਦਿਵਾਈ ਅਤੇ ਚੇਤਾਵਨੀ ਦਿੱਤੀ ਕਿ ਜੇਕਰ ਪਾਕਿਸਤਾਨ ਅਫਗਾਨਿਸਤਾਨ 'ਤੇ ਹਮਲਾ ਕਰਦਾ ਹੈ ਤਾਂ 1971 ਦੀ ਜੰਗ ਦੁਹਰਾਈ ਜਾਵੇਗੀ। ਉਨ੍ਹਾਂ ਕਿਹਾ ਕਿ ਪਾਕਿਸਤਾਨੀ ਫੌਜ ਨੂੰ ਇਕ ਹੋਰ ਜੰਗ ਹਾਰਨ ਤੋਂ ਬਚਣ ਲਈ ਅਫਗਾਨਿਸਤਾਨ ਤੋਂ ਦੂਰ ਰਹਿਣਾ ਚਾਹੀਦਾ ਹੈ।

ਤਾਲਿਬਾਨ ਦੇ ਮੈਂਬਰ ਅਹਿਮਦ ਯਾਸਿਰ ਨੇ ਟਵੀਟ ਕਰਕੇ ਪਾਕਿਸਤਾਨ ਨੂੰ ਤਾਲਿਬਾਨ 'ਤੇ ਹਮਲ ਕਰਨ ਖਿਲਾਫ਼ ਚੇਤਾਵਨੀ ਦਿੱਤੀ ਹੈ, ਜਿਸ 'ਚ ਉਸ ਨੇ ਪਾਕਿਸਤਾਨ ਵਲੋਂ ਭਾਰਤ ਦੇ ਸਾਹ-ਮਣੇ ਆਤਮ ਸਮਰਪਣ ਦੀ ਤਸਵੀਰ ਸਾਂਝੀ ਕੀਤੀ ਹੈ। ਉਨ੍ਹਾਂ ਨੇ ਟਵੀਟ 'ਚ ਲਿਖਿਆ ਕਿ ਫੌਜੀ ਹਮਲੇ ਬਾਰੇ ਸੋਚਣਾ ਭਾਰਤ ਨਾਲ ਮਿਲਟਰੀ ਸਮਝੌਤੇ ਨੂੰ ਸ਼ਰਮਨਾਕ ਤਰੀਕੇ ਨਾਲ ਦੁਹਰਾਉਣਾ ਹੋਵੇਗਾ।



ਤਾਲਿਬਾਨ ਦੇ ਇਕ ਮੈਂਬਰ ਵਲੋਂ ਸਾਂਝੀ ਕੀਤੀ ਗਈ ਫੋਟੋ ਵਿਚ ਪੂਰਬੀ ਪਾਕਿਸਤਾਨ (ਹੁਣ ਬੰਗਲਾਦੇਸ਼) ਵਿਚ ਪਾਕਿਸਤਾਨੀ ਫੌਜ ਦੇ ਕਮਾਂਡਰ ਲੈਫਟੀਨੈਂਟ ਜਨਰਲ ਅਮੀਰ ਅਬਦੁੱਲਾ ਖਾਨ ਨਿਆਜੀ ਅਤੇ ਜਨਰਲ ਅਫਸਰ ਕਮਾਂਡਿੰਗ-ਇਨ-ਚੀਫ (ਜੀਓਸੀ-ਇਨ-ਸੀ) ਨੂੰ ਇਕ ਨਿਰਣਾਇਕ ਹਾਰ ਸਵੀਕਾਰ ਕਰਦੇ ਹੋਏ ਦਿਖਾਇਆ ਗਿਆ ਹੈ।

ਇਹ ਤਸਵੀਰ 16 ਦਸੰਬਰ 1971 ਨੂੰ ਕਲਿਕ ਕੀਤੀ ਗਈ ਸੀ। ਇਸ ਦਿਨ ਨੂੰ ਭਾਰਤ ਵਿਚ ਵਿਜੇ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਹ ਉਹ ਦਿਨ ਹੈ ਜਦੋਂ ਭਾਰਤ ਨੇ ਬੰਗਲਾਦੇਸ਼ ਨੂੰ

## ਕਾਂਝਾਵਾਲਾ ਪੀੜਤ ਅੰਜਲੀ ਦਾ ਭਾਰੀ ਸੁਰੱਖਿਆ ਵਿਚਕਾਰ ਹੋਇਆ ਸਸਕਾਰ, ਪਰਿਵਾਰ ਨੇ ਕੀਤੀ ਇਨਸਾਫ਼ ਦੀ ਮੰਗ

ਕਾਂਝਵਾਲਾ, 5 ਦਸੰਬਰ (ਪੋਸਟ ਬਿਊਰੋ) - ਸੁਲਤਾਨਪੁਰੀ, ਦਿੱਲੀ ਵਿਚ ਕਾਰ ਦੀ ਲਪੇਟ ਵਿਚ ਆਉਣ ਨਾਲ ਮਾਰੀ ਗਈ ਅੰਜਲੀ ਦਾ ਪੁਲੀਸ ਸੁਰੱਖਿਆ ਹੇਠ ਸਸਕਾਰ ਕਰ ਦਿੱਤਾ ਗਿਆ। ਸ਼ਮਸ਼ਾਨਘਾਟ 'ਤੇ ਵੱਡੀ ਗਿਣਤੀ 'ਚ ਪੁਲਿਸ ਤਾਇਨਾਤ ਕੀਤੀ ਗਈ ਸੀ। ਇਸ ਦੇ ਨਾਲ ਹੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਾਂਝਵਾਲਾ ਕਾਂਡ ਦੇ ਪੀੜਤਾ ਨਾਲ ਦੁੱਖ ਪ੍ਰਗਟ ਕਰਦਿਆਂ ਇਨਸਾਫ ਦਿਵਾਉਣ ਦਾ ਵਾਅਦਾ ਕੀਤਾ ਹੈ।

ਰਿਸ਼ਤੇਦਾਰਾਂ ਨੇ ਨਮ ਅੱਖਾਂ ਨਾਲ ਅੰਜਲੀ ਨੂੰ ਸ਼ਮਸ਼ਾਨਘਾਟ ਵਿਖੇ ਵਿਦਾਇਗੀ ਦਿੱਤੀ। ਨਾਲ ਹੀ ਉਥੇ ਮੌਜੂਦ ਲੋਕਾਂ ਨੇ ਇਨਸਾਫ ਦੀ ਮੰਗ ਕੀਤੀ। ਇਸ ਦੇ ਨਾਲ ਹੀ ਸੀਐੱਮ ਕੇਜਰੀਵਾਲ ਨੇ ਟਵੀਟ ਕਰਕੇ ਕਿਹਾ,



'ਪੀੜਤ ਦੀ ਮਾਂ ਨਾਲ ਗੱਲ ਕੀਤੀ ਹੈ। ਬੇਟੀ ਨੂੰ ਇਨਸਾਫ ਦਿਵਾਇਆ ਜਾਵੇਗਾ। ਸਭ ਤੋਂ ਵੱਡੇ ਵਕੀਲ ਨੂੰ ਮੈਦਾਨ ਵਿੱਚ ਉਤਾਰਨਗੇ। ਮ੍ਰਿਤਕਾ ਦੀ ਮਾਂ ਬਿਮਾਰ ਰਹਿੰਦੀ ਹੈ। ਉਨ੍ਹਾਂ ਦਾ ਪੂਰਾ ਇਲਾਜ ਕਰਵਾਇਆ ਜਾਵੇਗਾ। ਪੀੜਤ ਪਰਿਵਾਰ ਨੂੰ ਦਸ ਲੱਖ ਰੁਪਏ ਮੁਆਵਜਾ ਵੀ ਦਿੱਤਾ ਜਾਵੇਗਾ। ਸਰਕਾਰ ਪੀੜਤ ਪਰਿਵਾਰ ਦੇ ਨਾਲ ਹੈ। ਜੇਕਰ ਭਵਿੱਖ ਵਿੱਚ ਵੀ ਕੋਈ ਲੋੜ ਪਈ ਤਾਂ ਪੂਰੀ ਕਰਾਂਗੇ।

## ਕਾਂਝਾਵਲਾ ਦੀ ਘਟਨਾ ਬਹੁਤ ਹੀ ਦੁਖਦਾਈ ਤੇ ਸ਼ਰਮ-ਨਾਕ, ਦੋਸ਼ੀਆਂ ਨੂੰ ਮਿਲੇ ਸਖ਼ਤ ਸਜ਼ਾ : ਕੇਜਰੀਵਾਲ

ਨਵੀਂ ਦਿੱਲੀ, 5 ਜਨਵਰੀ (ਪੋਸਟ ਬਿਊਰੋ): ਦਿੱਲੀ ਵਿੱਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਦਿੱਲੀ ਕੰਝਾਵਲਾ ਦੀ ਘਟਨਾ ਬਹੁਤ ਹੀ ਦੁਖਦਾਈ ਅਤੇ ਸ਼ਰਮਨਾਕ ਹੈ। ਇਸ ਘਟਨਾ ਦੇ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ। ਇਸ ਦੇ ਲਈ ਸਾਨੂੰ ਸਾਰਿਆਂ ਨੂੰ ਮਿਲ ਕੇ ਕੰਮ ਕਰਨਾ ਹੋਵੇਗਾ। ਦੂਜੇ ਪਾਸੇ ਪੁਲਿਸ ਵੱਲੋਂ ਪੱਤਰਕਾਰਾਂ ਖ਼ਿਲਾਫ਼ ਕੀਤੀ ਗਈ ਕਾਰਵਾਈ ਨੂੰ ਗਲਤ ਦੱਸਿਆ ਗਿਆ ਹੈ।

ਜਿਕਰਯੋਗ ਹੈ ਕਿ ਸ਼ਨੀਵਾਰ ਰਾਤ ਸੁਲਤਾਨਪੁਰੀ 'ਚ ਇਕ ਲੜਕੀ ਨੂੰ 13 ਕਿਲੋਮੀਟਰ ਤੱਕ ਘਸੀਟ ਕੇ ਲੈ ਜਾਣ ਦੇ ਮਾਮਲੇ 'ਚ ਇਨਸਾਨੀਅਤ ਵੀ ਸ਼ਰਮਸਾਰ ਹੋ ਗਈ ਹੈ। ਸ਼ਰਾਬ ਦੇ ਨਸ਼ੇ 'ਚ ਧੁੱਤ ਨੌਜਵਾਨ ਲੜਕੀ ਨੂੰ ਸੁਲਤਾਨਪੁਰੀ ਤੋਂ ਕਾਰ 'ਚ ਘਸੀਟ ਕੇ ਪਿੰਡ ਕੰਝਵਲਾ ਲੈ ਗਏ । ਲੜਕੀ ਸਾਹਮਣੇ ਵਾਲੇ ਬੰਪਰ ਅਤੇ ਪਹੀਆਂ ਵਿਚਕਾਰ ਫਸ ਗਈ ਸੀ। ਕਾਰ 'ਚ ਫਸੀ ਲਾਸ਼ ਸੜਕ 'ਤੇ ਡਿੱਗੀ ਤਾਂ ਨੌਜਵਾਨ ਫ਼ਰਾਰ ਹੋ ਗਏ। ਐਤਵਾਰ ਤੜਕੇ 4:11 ਵਜੇ ਰਾਹਗੀਰਾਂ ਨੇ ਸੜਕ 'ਤੇ ਲੜਕੀ ਦੀ ਲਾਸ਼ ਦੇਖ ਕੇ ਪੁਲਿਸ ਨੂੰ ਸੂਚਨਾ ਦਿੱਤੀ।

ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਲੜਕੀ ਦੀ ਲਾਸ਼ ਦੇਖੀ ਤਾਂ ਉਹ ਹੈਰਾਨ ਰਹਿ ਗਏ। ਸਰੀਰ 'ਤੇ ਇਕ ਵੀ ਕੱਪੜਾ ਨਹੀਂ ਸੀ। ਸਰੀਰ ਵਿੱਚ ਖ਼ੂਨ ਦੀ ਇੱਕ ਬੂੰਦ ਵੀ ਨਹੀਂ ਬਚੀ ਸੀ। ਮਾਮਲੇ ਦੀ ਜਾਂਚ ਕਰ ਰਹੇ ਪੁਲਿਸ ਮੁਲਾਜ਼ਮਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਅਜਿਹਾ ਭਿਆਨਕ ਹਾਦਸਾ ਕਦੇ ਨਹੀਂ ਦੇਖਿਆ।

## ਅਮਰੀਕਾ ਵਿਚ ਕੋਰੋਨਾ ਦੇ ਪ੍ਰਕੋਪ ਦਾ ਕਾਰਨ ਬਣੇ ਵੇਰੀਐਂਟ ਦੇ 5 ਮਾਮਲੇ ਭਾਰਤ ਵਿਚ ਮਿਲੇ

ਨਵੀਂ ਦਿੱਲੀ, 5 ਦਸੰਬਰ (ਪੋਸਟ ਬਿਊਰੋ) - ਇੰਡੀਅਨ ਸਾਰਸ ਜੀਓਵੀ-2 ਜੀਨੋਮਿਕਸ ਐਸੋਸੀਏਸਨ (9137) ਦੇ ਅੰਕੜਿਆਂ ਅਨੁਸਾਰ, ਭਾਰਤ ਵਿੱਚ ਐਕਸਬੀਬੀ 1.5 ਰੂਪ ਦੇ ਕੋਰੋਨਾ ਵਾਇਰਸ ਦੇ ਪੰਜ ਪਾਜ਼ੇਟਿਵ ਮਰੀਜ਼ ਪਾਏ ਗਏ ਹਨ। ਕੋਰੋਨਾ ਵਾਇਰਸ ਦਾ ਇਹ ਰੂਪ ਅਮਰੀਕਾ ਵਿੱਚ ਲਾਗ ਦੇ ਵਧਦੇ ਮਾਮਲਿਆਂ ਲਈ ਜ਼ਿੰਮੇਵਾਰ ਹੈ। 9137 ਦੁਆਰਾ ਮੰਗਲਵਾਰ ਨੂੰ ਜਾਰੀ ਕੀਤੇ ਗਏ ਅੰਕੜਿਆਂ ਦੇ ਅਨੁਸਾਰ, ਇਹਨਾਂ ਪੰਜ ਮਾਮਲਿਆਂ ਵਿਚੋਂ ਗੁਜਰਾਤ ਵਿਚ ਤਿੰਨ ਅਤੇ ਕਰਨਾਟਕ ਅਤੇ ਰਾਜਸਥਾਨ ਵਿਚ ਇੱਕ-ਇੱਕ ਮਾਮਲਾ ਸਾਹਮਣੇ ਆਇਆ। ਐਕਸਬੀਬੀ 1.5 ਫਾਰਮੈਟ ਉਮੀਕਰੋਨ ਦੇ ਐਕਸਬੀਬੀ ਫਾਰਮੈਟ ਨਾਲ ਸਬੰਧਤ ਹੈ। ਅਮਰੀਕਾ ਵਿਚ ਲਾਗ ਦੇ 44 ਪ੍ਰਤੀਸ਼ਤ ਕੇਸ ਐਕਸਬੀਬੀ ਅਤੇ ਐਕਸਬੀਬੀ 1.5 ਦੇ ਹਨ। 9137 ਨੇ ਆਪਣੇ ਬੁਲੇਟਿਨ ਵਿਚ ਕਿਹਾ ਹੈ ਕਿ ਕੋਰੋਨਾ ਵਾਇਰਸ ਦਾ ਉਮਾਈਕ੍ਰੋਨ ਰੂਪ ਅਤੇ ਇਸ ਤੋਂ ਪੈਦਾ ਹੋਏ ਹੋਰ ਰੂਪ ਭਾਰਤ ਵਿਚ ਪ੍ਰਮੁੱਖ ਰਹੇ ਹਨ, ਜਿਸ ਵਿਚ 'ਐਕਸਬੀਬੀ' ਪ੍ਰਮੁੱਖ ਹੈ।



ਉਂਝ, ਇਸ ਸਮੇਂ ਦੇਸ਼ ਵਿਚ ਕੋਵਿਡ ਦੇ ਸੰਕਰਮਿਤ ਅਤੇ ਨਵੇਂ ਮਾਮਲੇ ਕੰਟ੍ਰੋਲ ਵਿਚ ਹਨ। ਭਾਰਤ ਵਿਚ ਪਿਛਲੇ 24 ਘੰਟਿਆਂ 'ਚ ਕੋਰੋਨਾ ਦੇ 134 ਨਵੇਂ ਮਾਮਲੇ ਸਾਹਮਣੇ ਆਏ ਹਨ, ਜਦਕਿ ਇਲਾਜ ਅਧੀਨ ਮਰੀਜਾਂ ਦੀ ਗਿਣਤੀ ਘੱਟ ਕੇ 2,582 'ਤੇ ਆ ਗਈ ਹੈ। ਮੰਗਲਵਾਰ ਸਵੇਰੇ 8 ਵਜੇ ਤੱਕ ਕੇਂਦਰੀ ਸਿਹਤ ਮੰਤਰਾਲੇ ਦੇ ਅੰਕੜਿਆਂ ਅਨੁਸਾਰ, ਹੁਣ ਤੱਕ ਕੋਵਿਡ-19 ਦੇ ਕੁੱਲ ਕੇਸਾਂ ਦੀ ਗਿਣਤੀ 4.46 ਕਰੋੜ ਦਰਜ ਕੀਤੀ ਗਈ ਹੈ। ਇਸ ਦੇ ਨਾਲ ਹੀ ਇਨਫੈਕਸਨ ਕਾਰਣ ਜਾਨ ਗੁਆਉਣ ਵਾਲੇ ਲੋਕਾਂ ਦੀ ਗਿਣਤੀ 5,30,707 ਹੈ।

ਸਿਹਤ ਮੰਤਰਾਲੇ ਦੇ ਅਨੁਸਾਰ, ਰੋਜਾਨਾ ਸੰਕਰਮਣ ਦਰ 0.09 ਪ੍ਰਤੀਸਤ ਦਰਜ ਕੀਤੀ ਗਈ, ਜਦੋਂ ਕਿ ਹਫਤਾਵਾਰੀ ਲਾਗ ਦਰ 0.13 ਪ੍ਰਤੀਸਤ ਹੈ। ਇਲਾਜ ਅਧੀਨ ਮਰੀਜਾਂ ਦੀ ਗਿਣਤੀ ਸੰਕਰਮਣ ਦੇ ਕੁੱਲ ਮਾਮਲਿਆਂ ਦਾ 0.01 ਪ੍ਰਤੀਸਤ ਹੈ, ਜਦੋਂ ਕਿ ਕੋਵਿਡ -19 ਤੋਂ ਠੀਕ ਹੋਣ ਦੀ ਰਾਸਟਰੀ ਦਰ ਵਧ ਕੇ 98.80 ਪ੍ਰਤੀਸਤ ਹੋ ਗਈ ਹੈ।

## ਪੱਛਮੀ ਬੰਗਾਲ 'ਚ ਲਗਾਤਾਰ ਦੂਜੇ ਦਿਨ ਵੰਦੇ ਭਾਰਤ ਟਰੇਨ 'ਤੇ ਪਥਰਾਅ, 2 ਬੋਗੀਆਂ ਨੂੰ ਪੁੱਜਾ ਨੁਕਸਾਨ

ਪੱਛਮੀ ਬੰਗਾਲ, 5 ਦਸੰਬਰ (ਪੋਸਟ ਬਿਊਰੋ) - ਪੱਛਮੀ ਬੰਗਾਲ 'ਚ ਵੰਦੇ-ਭਾਰਤ ਐਕਸਪ੍ਰੈਸ 'ਤੇ ਲਗਾਤਾਰ ਦੂਜੇ ਦਿਨ ਪਥਰਾਅ ਹੋਇਆ ਹੈ। ਹਾਵੜਾ-ਨਿਊ ਜਲਪਾਈਗੁੜੀ ਵੰਦੇ ਭਾਰਤ ਟਰੇਨ ਨੂੰ ਮੰਗਲਵਾਰ ਨੂੰ ਸਮਾਜ ਵਿਰੋਧੀ ਅਨਸਰਾਂ ਨੇ ਨਿਸ਼ਾਨਾ ਬਣਾਇਆ। ਇਹ ਘਟਨਾ ਉਦੋਂ ਵਾਪਰੀ ਜਦੋਂ ਟਰੇਨ ਨਿਊ-ਜਲਪਾਈਗੁੜੀ ਦੇ ਯਾਰਡ ਵੱਲ ਜਾ ਰਹੀ ਸੀ। ਪੱਥਰਬਾਜੀ ਵਿਚ ਦੋ ਡੱਬਿਆਂ ਸੀ-3 ਅਤੇ ਸੀ-6 ਦੇ ਸ਼ੀਸ਼ੇ ਟੁੱਟ ਗਏ।

ਜਾਣਕਾਰੀ ਮੁਤਾਬਕ ਮੰਗਲਵਾਰ ਸ਼ਾਮ ਕਰੀਬ 5.57 ਵਜੇ ਵੰਦੇ ਭਾਰਤ ਐਕਸਪ੍ਰੈੱਸ (22302) ਮਾਲਦਾ ਟਾਊਨ ਰੇਲਵੇ ਸਟੇਸ਼ਨ 'ਤੇ ਪਹੁੰਚੀ। ਜਾਂਚ ਕਰਨ 'ਤੇ ਕੋਚ ਨੰਬਰ ਸੀ-3 ਅਤੇ ਸੀ-6 ਦੇ ਸ਼ੀਸ਼ੇ 'ਤੇ ਪੱਥਰਬਾਜ਼ੀ ਦੇ ਨਿਸ਼ਾਨ ਮਿਲੇ ਹਨ। ਪੁੱਛਗਿੱਛ ਕਰਨ 'ਤੇ ਪਤਾ ਲੱਗਾ ਕਿ ਦੁਪਹਿਰ ਕਰੀਬ 1:20 ਵਜੇ ਜਦੋਂ ਟਰੇਨ ਨਿਊ ਜਲਪਾਈਗੁੜੀ ਵੱਲ ਜਾ ਰਹੀ ਸੀ ਤਾਂ ਯਾਰਡ 'ਚ ਪਹੁੰਚਣ ਤੋਂ ਪਹਿਲਾਂ ਹੀ ਦੋਵੇਂ ਡੱਬਿਆਂ 'ਤੇ ਪਥਰਾਅ ਕੀਤਾ ਗਿਆ।



ਪਥਰਾਅ ਦੀ ਅਜਿਹੀ ਹੀ ਇਕ ਘਟਨਾ ਸੋਮਵਾਰ ਨੂੰ ਪੱਛਮੀ ਬੰਗਾਲ ਦੇ ਮਾਲਦਾ ਜ਼ਿਲੇ ਵਿੱਚ ਵਾਪਰੀ। 1 ਜਨਵਰੀ ਤੋਂ ਸ਼ੁਰੂ ਹੋਈ ਵੰਦੇ ਭਾਰਤ ਐਕਸਪ੍ਰੈੱਸ 'ਤੇ ਇਕ ਦਿਨ ਬਾਅਦ ਸੋਮਵਾਰ ਨੂੰ ਨਿਊ ਜਲਪਾਈਗੁੜੀ ਤੋਂ ਹਾਵੜਾ ਆਉਂਦੇ ਸਮੇਂ ਮਾਲਦਾ ਸਟੇਸ਼ਨ ਨੇੜੇ ਪੱਥਰਬਾਜੀ ਹੋਈ। ਇਸ ਪੱਥਰਬਾਜੀ ਵਿਚ ਕੋਚ ਸੀ-13 ਦਾ ਦਰਵਾਜਾ ਨੁਕਸਾਨਿਆ ਗਿਆ। ਘਟਨਾ ਤੋਂ ਬਾਅਦ ਟਰੇਨ ਵਿਚ ਹਫੜਾ-ਦਫੜੀ ਮਚ ਗਈ।

ਦੱਸਿਆ ਗਿਆ ਕਿ ਸੋਮਵਾਰ ਸਾਮ 5:50 ਵਜੇ 22302 ਵੰਦੇ ਭਾਰਤ ਐਕਸਪ੍ਰੈਸ ਦੀ ਡਿਊਟੀ 'ਤੇ ਮੌਜੂਦ ਟੀਈ ਪਾਰਟੀ ਤੋਂ ਸੂਚਨਾ ਮਿਲੀ ਕਿ ਕੋਚ ਨੰਬਰ-1 'ਤੇ ਪਥਰਾਅ ਹੋਇਆ ਹੈ। ਇਸ ਤੋਂ ਬਾਅਦ ਰੇਲਵੇ ਪੁਲੀਸ ਦੇ ਚਾਰ ਮੁਲਾਜ਼ਮਾਂ ਨੂੰ ਹਥਿਆਰਾਂ ਸਮੇਤ ਰਵਾਨਾ ਕੀਤਾ ਗਿਆ। ਵੰਦੇ ਭਾਰਤ ਐਕਸਪ੍ਰੈੱਸ 'ਚ ਸਵਾਰ ਰੇਲਵੇ ਕਰਮਚਾਰੀ ਆਸਿਫ ਖਾਨ ਨੇ ਕਿਹਾ- ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਹਨੇਰੇ 'ਚ ਪੱਥਰਬਾਜੀ ਕਿਸ ਨੇ ਅਤੇ ਕਿਸ ਇਰਾਦੇ ਨਾਲ ਕੀਤੀ। ਰੇਲਵੇ ਅਧਿਕਾਰੀਆਂ ਨੇ ਸਾਰੀ ਘਟਨਾ ਦੀ ਡੂੰਘਾਈ ਨਾਲ ਜਾਂਚ ਕਰਨ ਲਈ ਕਿਹਾ ਹੈ। ਕੁਮਾਰਗੰਜ 'ਚ ਬਾਹਰੋਂ ਪੱਥਰਬਾਜੀ ਕੀਤੀ ਗਈ।




# ਪਾਕਿਸਤਾਨ ਵਿਚ ਨਵੇਂ ਸਾਲ ਦੇ ਜਸ਼ਨ ਦੌਰਾਨ ਗੋਲੀਬਾਰੀ, 22 ਜਖਮੀ

ਇਸਲਾਮਾਬਾਦ, 5 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ 'ਚ ਨਵੇਂ ਸਾਲ ਦਾ ਸਵਾਗਤ ਕਰਾਚੀ ਸਮੇਤ ਕਈ ਵੱਡੇ ਸ਼ਹਿਰਾਂ ਵਿਚ ਹਵਾ 'ਚ ਗੋਲੀਆਂ ਚਲਾ ਕੇ ਕੀਤਾ ਗਿਆ, ਜਿਸ 'ਚ ਘੱਟੋ-ਘੱਟ 22 ਲੋਕ ਜਖਮੀ ਹੋ ਗਏ। ਜਖਮੀਆਂ 'ਚ ਬੱਚੇ ਅਤੇ ਔਰਤਾਂ ਵੀ ਸ਼ਾਮਲ ਹਨ। ਸ਼ਨੀਵਾਰ ਰਾਤ 12 ਵਜੇ ਜਿਵੇਂ ਹੀ ਕਰਾਚੀ 'ਚ ਨਵੇਂ ਸਾਲ ਦੇ ਸਵਾਗਤ ਲਈ ਗੋਲੀਬਾਰੀ ਦੀ ਆਵਾਜ਼ ਗੂੰਜ ਗਈ।




ਜਾਣਕਾਰੀ ਮੁਤਾਬਿਕ ਕਰਾਚੀ ਦੇ ਵੱਖ-ਵੱਖ ਹਿੱਸਿਆਂ ਵਿਚ ਹੋਈ ਹਵਾਈ ਗੋਲੀਬਾਰੀ 'ਚ ਬੱਚਿਆਂ ਅਤੇ ਔਰਤਾਂ ਸਮੇਤ ਕਈ ਲੋਕ ਜਖਮੀ ਹੋ ਗਏ। ਹਾਲਾਂਕਿ ਸ਼ਹਿਰ 'ਚ ਹਥਿਆਰਾਂ ਦੇ ਪ੍ਰਦਰਸ਼ਨ 'ਤੇ ਪਾਬੰਦੀ ਹੈ।

ਹਸਪਤਾਲਾਂ ਦੇ ਸੂਤਰਾਂ ਨੇ ਦੱਸਿਆ ਕਿ ਅੱਠ ਜਖਮੀਆਂ ਨੂੰ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ ਹੈ, ਜਦੋਂ ਕਿ ਚਾਰ ਜਖਮੀਆਂ ਨੂੰ ਜਿਨਾਹ ਹਸਪਤਾਲ ਅਤੇ ਔਰਤਾਂ ਤੇ ਬੱਚਿਆਂ ਸਮੇਤ 10 ਲੋਕਾਂ ਨੂੰ ਅੱਬਾਸੀ ਸਹੀਦ ਹਸਪਤਾਲ ਲਿਜਾਇਆ ਗਿਆ ਹੈ। ਕੋਰੰਗੀ 'ਚ ਗੋਲੀਬਾਰੀ ਦੇ ਮਾਮਲੇ 'ਚ ਹੁਣ ਤੱਕ 13 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ 'ਚੋਂ ਤਿੰਨ 'ਤੇ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ ਲੱਗੇ ਹਨ। ਖਬਰ ਮੁਤਾਬਿਕ ਕਰਾਚੀ ਦੇ ਲੋਕ ਨਵੇਂ ਸਾਲ ਦਾ ਜਸਨ ਮਨਾਉਣ ਲਈ ਸੜਕਾਂ 'ਤੇ ਇਕੱਠੇ ਹੋਏ।

ਇਸੇ ਤਰ੍ਹਾਂ ਦੇ ਜਸ਼ਨ ਲਾਹੌਰ, ਇਸਲਾਮਾਬਾਦ ਅਤੇ ਰਾਵਲਪਿੰਡੀ ਤੋਂ ਵੀ ਸਾਹਮਣੇ ਆਏ ਹਨ। ਲਾਹੌਰ ਤੋਂ ਵੀ ਲੋਕ ਜਖਮੀ ਦੱਸੇ ਜਾ ਰਹੇ ਹਨ। ਪਾਕਿਸਤਾਨ ਵਿਚ ਨਵੇਂ ਸਾਲ ਦਾ ਜਸ਼ਨ ਵਿਵਾਦਾਂ ਵਿਚ ਘਿਰ ਗਿਆ ਹੈ। ਧਾਰਮਿਕ ਆਗੂਆਂ ਦਾ ਕਹਿਣਾ ਹੈ ਕਿ ਨਵਾਂ ਸਾਲ ਮਨਾਉਣਾ ਅਤੇ ਪੱਛਮੀ ਸੱਭਿਆਚਾਰ ਦੀ ਨਕਲ ਕਰਨਾ 'ਪਾਪ' ਹੈ।

# ਮੋਬਾਈਲ ਫੋਨਾਂ ਦੀ ਗੈਰ-ਕਾਨੂੰਨੀ ਵਰਤੋਂ ਕਰਨ ਕਰਕੇ ਹੋਈ ਦੇ 89 ਸੈਨਿਕਾਂ ਦੀ ਮੌਤ

ਮਾਸਕੋ, 5 ਜਨਵਰੀ (ਪੋਸਟ ਬਿਊਰੋ)- ਰੂਸ ਦੇ ਰੱਖਿਆ ਮੰਤਰਾਲੇ ਨੇ ਬੁੱਧਵਾਰ ਨੂੰ ਕਿਹਾ ਕਿ ਰੂਸੀ ਸੈਨਿਕਾਂ ਦੁਆਰਾ ਮੋਬਾਈਲ ਫੋਨ ਦੀ ਗੈਰ-ਕਾਨੂੰਨੀ ਵਰਤੋਂ ਕਾਰਨ ਯੂਕਰੇਨ ਵਿੱਚ ਮਿਜ਼ਾਈਲ ਹਮਲੇ ਵਿੱਚ 89 ਸੈਨਿਕ ਮਾਰੇ ਗਏ। ਮੰਤਰ-ਾਲੇ ਦਾ ਜਵਾਬ ਕੁਝ ਰੂਸੀ ਆਲੋਚਕਾਂ ਦੇ ਵਧ ਰਹੇ ਗੁੱਸੇ ਦੇ ਵਿਚਕਾਰ ਆਇਆ ਹੈ। ਆਲੋਚਕ ਯੂਕਰੇਨ ਵਿੱਚ ਅੱਧੇ ਅਧੂਰੇ ਅਭਿਆਨ ਬਾਰੇ ਆਵਾਜ਼ ਉਠਾ ਰਹੇ ਹਨ। ਇਸ ਹਮਲੇ ਵਿਚ ਰੂਸੀ ਸੈਨਿਕਾਂ ਦੀ ਮੌਤ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਮਾਸਕੋ ਨੇ ਪਹਿਲਾਂ ਕਿਹਾ ਸੀ ਕਿ ਹਫਤੇ ਦੇ ਅੰਤ 'ਚ ਯੂਕਰੇਨੀ ਹਮਲੇ 'ਚ 63 ਰੂਸੀ ਫੌਜੀ ਮਾਰੇ ਗਏ ਸਨ। ਸੋਸ਼ਲ ਮੀਡੀਆ 'ਤੇ ਜ਼ਿਆਦਾਤਰ ਲੋਕਾਂ ਦਾ ਗੁੱਸਾ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਦੀ ਬਜਾਏ ਫੌਜੀ ਕਮਾਂਡਰਾਂ 'ਤੇ ਭੜਕ ਰਿਹਾ ਹੈ।



ਰੂਸੀ ਰੱਖਿਆ ਮੰਤਰਾਲੇ ਨੇ ਕਿਹਾ ਕਿ ਚਾਰ ਯੂਕਰੇਨੀ ਮਿਜ਼ਾਈਲਾਂ ਨੇ ਪੂਰਬੀ ਯੂਕਰੇਨ ਵਿੱਚ ਰੂਸ ਦੇ ਕਬਜ਼ੇ ਵਾਲੇ ਖੇਤਰੀ ਰਾਜਧਾਨੀ ਡੋਨੇਟਸਕ ਦੇ ਜੁੜਵੇਂ ਸ਼ਹਿਰ ਮਾਕੀਵਕਾ ਵਿੱਚ ਇੱਕ ਵੋਕੇਸ਼ਨਲ ਕਾਲਜ ਵਿੱਚ ਇਕ ਅਸਥਾਈ ਰੂਸੀ ਬੈਰਕ ਨੂੰ ਨਿਸ਼ਾਨਾ ਬਣਾਇਆ। ਹਮਲੇ ਦੀ ਅਧਿਕਾਰਤ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ, ਪਰ ਹਮਲੇ ਦਾ ਮੁੱਖ ਕਾਰਨ ਸਪੱਸ਼ਟ ਤੌਰ 'ਤੇ ਸੈਨਿਕਾਂ ਦੁਆਰਾ ਮੋਬਾਈਲ ਫੋਨਾਂ ਦੀ ਵੱਡੇ ਪੱਧਰ 'ਤੇ ਗੈਰ-ਕਾਨੂੰਨੀ ਵਰਤੋਂ ਸੀ।

ਰੂਸੀ ਰੱਖਿਆ ਮੰਤਰਾਲੇ ਨੇ ਮਾਸਕੋ ਵਿੱਚ ਬੁੱਧਵਾਰ ਦੁਪਹਿਰ 1 ਵਜੇ ਜਾਰੀ ਕੀਤੇ ਇੱਕ ਬਿਆਨ ਵਿੱਚ ਕਿਹਾ, "ਮੋਬਾਈਲ ਫੋਨ ਦੀ ਗੈਰ-ਕਾਨੂੰਨੀ ਵਰਤੋਂ ਨੇ ਦੁਸ਼ਮਣ ਨੂੰ ਮਿਜ਼ਾਈਲ ਹਮਲੇ ਲਈ ਸੈਨਿਕਾਂ ਦੀ ਸਥਿਤੀ ਨੂੰ ਟਰੈਕ ਕਰਨ ਅਤੇ ਨਿਰਧਾਰਤ ਕਰਨ ਦੀ ਇਜਾਜ਼ਤ ਦਿੱਤੀ।" ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਨਸਕੀ ਨੇ ਮੰਗਲਵਾਰ ਨੂੰ ਇੱਕ ਵੀਡੀਓ ਸੰਬੋਧਨ ਵਿੱਚ ਹਮਲੇ ਦਾ ਕੋਈ ਜ਼ਿਕਰ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਰੂਸ ਜਲਦ ਹੀ ਵੱਡਾ ਹਮਲਾ ਕਰਨ ਜਾ ਰਿਹਾ ਹੈ। ਜ਼ੇਲੇਨਸਕੀ ਨੇ ਇੱਕ ਵੀਡੀਓ ਸੰਬੋਧਨ ਵਿੱਚ ਕਿਹਾ, "ਸਾਨੂੰ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਰੂਸ ਦੇ ਮੌਜੂਦਾ ਮਾਲਕ ਯੁੱਧ ਦੀ ਲਹਿਰ ਨੂੰ ਮੋੜਨ ਅਤੇ ਘੱਟੋ-ਘੱਟ ਆਪਣੀ ਹਾਰ ਨੂੰ ਟਾਲਣ ਦੀ ਕੋਸ਼ਿਸ਼ ਕਰਨ ਲਈ ਜੋ ਵੀ ਬਚਿਆ ਹੈ, ਉਸ ਨੂੰ ਸੁੱਟ ਦੇਣਗੇ।" ਅਸੀਂ ਇਸ ਵਿੱਚ ਰੁਕਾਵਟ ਪਾਉਣ ਲਈ ਤਿਆਰੀ ਕਰ ਰਹੇ ਹਾਂ।

ਅੱਤਵਾਦੀਆਂ ਨੂੰ ਹਰਾਉਣਾ ਹੋਵੇਗਾ। ਉਨ੍ਹਾਂ ਵੱਲੋਂ ਨਵਾਂ ਹਮਲਾ ਕਰਨ ਦੀ ਕੋਈ ਵੀ ਕੋਸ਼ਿਸ਼ ਨਾਕਾਮ ਹੋਣੀ ਚਾਹੀਦੀ ਹੈ।" ਯੂਕਰੇਨ ਦੀ ਫੌਜ ਨੇ ਕਿਹਾ ਹੈ ਕਿ ਉਸ ਦੇ ਹਮਲੇ 'ਚ ਰੂਸੀ ਫੌਜੀ ਮਾਰੇ ਗਏ ਹਨ। ਹਾਲਾਂਕਿ, ਇਸ ਨੇ ਹੋਰ ਵੇਰਵੇ ਨਹੀਂ ਦਿੱਤੇ ਹਨ। ਰੂਸੀ ਰਾਸ਼ਟਰਵਾਦੀ ਬਲਾਗਰਸ ਅਤੇ ਕੁਝ ਸਾਬਕਾ ਰੂਸੀ ਅਧਿਕਾਰੀਆਂ ਨੇ ਮਾਕੀਵਕਾ 'ਚ ਮਾਰੇ ਗਏ ਸੈਨਿਕਾਂ ਦੀ ਗਿਣਤੀ ਬਾਰੇ ਕੁਝ ਕਹਿੰਦੇ ਹਨ ਕਿ ਇਹ ਅੰਦਾਜ਼ੇ ਅਤਿਕਥਨੀ ਹਨ। ਇਹ ਹਮਲਾ ਪੁਤਿਨ ਲਈ ਇੱਕ ਹੋਰ ਝਟਕਾ ਹੈ।

## ਸਿੰਗਾਪੁਰ ਵਿੱਚ ਘਰੇਲੂ ਨੌਕਰ ਨੂੰ ਤਸੀਹੇ ਦੇਣ ਦੇ ਮਾਮਲੇ ਵਿੱਚ ਭਾਰਤੀ ਮੂਲ ਦੀ ਔਰਤ ਦੋਸ਼ੀ ਕਰਾਰ

ਸਿੰਗਾਪੁਰ, 5 ਜਨਵਰੀ (ਪੋਸਟ ਬਿਊਰੋ)- ਸਿੰਗਾਪੁਰ 'ਚ ਭਾਰਤੀ ਮੂਲ ਦੀ ਔਰਤ ਨੇ ਘਰੇਲੂ ਨੌਕਰ ਨਾਲ ਕੁੱਟਮਾਰ ਕੀਤੀ। ਬੁੱਧਵਾਰ ਨੂੰ ਸਥਾਨਕ ਅਦਾਲਤ ਨੇ ਇਸ ਮਾਮਲੇ 'ਚ ਔਰਤ ਨੂੰ ਦੋਸ਼ੀ ਕਰਾਰ ਦਿੱਤਾ। ਮੁਕੱਦਮੇ ਦੀ ਸੁਣਵਾਈ ਤੋਂ ਬਾਅਦ ਜ਼ਿਲ੍ਹਾ ਜੱਜ ਓਵ ਯੋਂਗ ਟਾਕ ਲਿਓਂਗ ਨੇ 38 ਸਾਲਾ ਦੀਪਕਲਾ ਚੰਦਰ ਸੇਚਰਨ ਨੂੰ ਹਮਲੇ ਦੇ ਤਿੰਨ ਦੋਸ਼ਾਂ ਲਈ ਦੋਸ਼ੀ ਪਾਇਆ ਅਤੇ ਕਿਹਾ ਕਿ ਮਾਮਲੇ ਦੀ ਅਗਲੀ ਸੁਣਵਾਈ ਹੁਣ 6 ਫਰਵਰੀ ਨੂੰ ਹੋਵੇਗੀ।

ਸੇਚਰਨ ਦੇ ਅਪਰਾਧ ਦਾ ਉਦੋਂ ਪਤਾ ਲੱਗਾ ਜਦੋਂ ਇਕ ਹੋਰ ਘਰੇਲੂ ਨੌਕਰ ਦੀ ਸੂਚਨਾ 'ਤੇ ਪੁਲਸ ਅਧਿਕਾਰੀ ਉਸ ਦੇ ਘਰ ਪਹੁੰਚੇ। ਪੀੜਤ ਐਨੀ ਅਗਸਟਿਨ ਨੇ 9 ਦਸੰਬਰ 2019 ਨੂੰ ਸੇਚਰਨ ਦੇ ਅਪਾਰਟਮੈਂਟ ਵਿੱਚ ਕੰਮ ਕਰਨਾ ਸ਼ੁਰੂ ਕੀਤਾ ਅਤੇ ਉਸ ਤੋਂ 16 ਦਿਨਾਂ ਬਾਅਦ ਉਸ ਨਾਲ ਦੁਰਵਿਵਹਾਰ ਕੀਤਾ ਗਿਆ। ਇਹ ਸਿਲਸਿਲਾ ਚੱਲਦਾ ਰਿਹਾ, ਇਕ ਸਮੇਂ ਸੇਚਰਨ ਨੇ ਘਰੇਲੂ ਨੌਕਰ ਉਤੇ ਲੱਕੜ ਦੇ ਹੈਂਗਰ ਨਾਲ ਵਾਰ ਕਰ ਦਿੱਤਾ।




25 ਅਪ੍ਰੈਲ, 2020 ਨੂੰ ਸੈਂਟਰ ਫਾਰ ਡੋਮੇਸਟਿਕ ਇੰਪਲਾਈਜ਼ ਨਾਂ ਦੇ ਇਕ ਹੋਰ ਫਲੈਟ ਵਿੱਚ ਕੰਮ ਕਰ ਰਹੀ ਇੱਕ ਹੋਰ ਘਰੇਲੂ ਸਹਾਇਕ, ਜਦੋਂ ਉਸਨੇ ਅਗਸਟਿਨ ਦੇ ਸਰੀਰ 'ਤੇ ਸੱਟਾਂ ਦੇ ਨਿਸ਼ਾਨ ਦੇਖੇ, ਉਸ ਨੇ ਮਾਮਲੇ ਦੀ ਸੂਚਨਾ ਪੁਲਸ ਨੂੰ ਦਿੱਤੀ ਜਿਸ ਤੋਂ ਬਾਅਦ ਪੁਲਸ ਸੇਚਰਾਣ ਦੇ ਫਲੈਟ 'ਤੇ ਪਹੁੰਚੀ। ਔਰਤ ਨੇ ਸੱਟਾਂ ਨੂੰ ਛੁਪਾਉਣ ਲਈ ਪੀੜਤ ਦੇ ਚਿਹਰੇ 'ਤੇ ਫਾਊਂਡੇਸ਼ਨ ਦੀ ਮੋਟੀ ਪਰਤ ਲਗਾ ਦਿੱਤੀ ਅਤੇ ਉਸ ਨੂੰ ਸੱਟਾਂ ਬਾਰੇ ਪੁਲਿਸ ਨੂੰ ਝੂਠ ਬੋਲਣ ਲਈ ਕਿਹਾ। ਅਦਾਲਤੀ ਦਸਤਾਵੇਜ਼ਾਂ ਅਨੁਸਾਰ, ਸੇਕਰੋਨ ਨੇ ਦੋਸ਼ ਲਾਇਆ ਕਿ ਘਰੇਲੂ ਨੌਕਰ ਨੇ ਆਪਣੇ ਆਪ ਨੂੰ ਜ਼ਖਮੀ ਕਰ ਦਿੱਤਾ ਹੈ। ਬਾਅਦ 'ਚ ਜਾਂਚ 'ਚ ਔਰਤ ਦੇ ਹੱਥਕੰਡੇ ਦਾ ਖੁਲਾਸਾ ਹੋਇਆ।

## ਅਮਰੀਕਾ 'ਚ ਪਤਨੀ ਅਤੇ ਬੱਚਿਆਂ ਦੀ ਹੱਤਿਆ ਦੀ ਕੋਸ਼ਿਸ਼ ਦੇ ਸ਼ੱਕ 'ਚ ਭਾਰਤੀ ਮੂਲ ਦਾ ਵਿਅਕਤੀ ਗ੍ਰਿਫਤਾਰ

ਵਾਸ਼ਿੰਗਟਨ, 5 ਜਨਵਰੀ (ਪੋਸਟ ਬਿਊਰੋ)- ਅਮਰੀਕਾ ਵਿੱਚ ਇੱਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਕ 41 ਸਾਲਾ ਭਾਰਤੀ ਮੂਲ ਦੇ ਵਿਅਕਤੀ ਨੂੰ ਆਪਣੀ ਪਤਨੀ ਅਤੇ ਦੋ ਬੱਚਿਆਂ ਨੂੰ ਜਾਣਬੁੱਝ ਕੇ ਆਪਣੀ ਕਾਰ ਚਲਾਉਣ ਤੋਂ ਬਾਅਦ ਇੱਕ ਚੱਟਾਨ ਥੱਲੇ ਲਿਜਾ ਕੇ ਕਤਲ ਦੀ ਕੋਸ਼ਿਸ਼ ਅਤੇ ਬੱਚਿਆਂ ਨਾਲ ਬਦਸਲੂਕੀ ਦੇ ਸ਼ੱਕ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਕੈਲੀਫੋਰਨੀਆ ਦੇ ਪਾਸਡੇਨਾ ਵਾਸੀ ਧਰਮੇਸ਼ ਏ( ਪਟੇਲ ਨੂੰ ਹਸਪਤਾਲ ਤੋਂ ਛੁੱਟੀ ਮਿਲਣ ਤੋਂ ਬਾਅਦ ਸੈਨ ਮਾਟੇਓ ਕਾਉਂਟੀ ਜੇਲ੍ਹ ਲਿਜਾਇਆ ਜਾਵੇਗਾ।

ਵਿਭਾਗ ਨੇ ਕਿਹਾ ਕਿ ਪਟੇਲ, ਉਸ ਦੀ ਪਤਨੀ ਅਤੇ ਦੋ ਬੱਚੇ ਸੈਨ ਮਾਟੇਓ ਕਾਉਂਟੀ ਵਿਚ ਡੇਵਿਲਜ਼ ਸਲਾਈਡ 'ਤੇ ਫਸ ਗਏ ਸਨ। ਕਾਫੀ ਕੋਸ਼ਿਸ਼ਾਂ ਤੋਂ ਬਾਅਦ ਸੋਮਵਾਰ ਨੂੰ ਉਨ੍ਹ ਨੂੰ ਬਚਾਇਆ ਗਿਆ। ਬਚਾਅ ਕਾਰਜ ਦੌਰਾਨ, ਰੱਸੀਆਂ ਦੀ ਮਦਦ ਨਾਲ ਚੱਟਾਨ ਤੋਂ ਹੇਠਾਂ ਉਤਰਨ ਵਾਲੇ ਫਾਇਰਫਾਈਟਰਾਂ ਨੇ ਦੋ ਬੱਚਿਆਂ - ਇੱਕ ਚਾਰ ਸਾਲ ਦੀ ਬੇਟੀ ਅਤੇ ਇੱਕ ਨੌਂ ਸਾਲ ਦੇ ਪੁੱਤਰ ਨੂੰ ਬਚਾਇਆ। ਪਟੇਲ ਅਤੇ ਉਨ੍ਹਾਂ ਦੀ ਪਤਨੀ ਨੂੰ ਹੈਲੀਕਾਪਟਰ ਰਾਹੀਂ ਪਹੁੰਚੇ ਬਚਾਅ ਕਰਮਚਾਰੀਆਂ ਨੇ ਕਾਰ ਤੋਂ ਬਚਾਇਆ।




ਬਚਾਅ ਕਾਰਜ ਪੂਰਾ ਕਰਨ ਤੋਂ ਬਾਅਦ ਹਾਈਵੇ ਪੈਟਰੋਲ ਨੇ ਦੱਸਿਆ ਕਿ ਪਟੇਲ ਦੀ ਟੈਸਲਾ ਕਾਰ 250 ਤੋਂ 300 ਫੁੱਟ ਦੀ ਡੂੰਘਾਈ 'ਚ ਫਸ ਗਈ ਸੀ। ਗਵਾਹਾਂ ਨੇ ਵਾਹਨ ਨੂੰ ਚੱਟਾਨ ਤੋਂ ਹੇਠਾਂ ਡਿੱਗਦੇ ਦੇਖਿਆ, ਫਿਰ ਐਮਰਜੈਂਸੀ ਸੇਵਾਵਾਂ 911 ਨੂੰ ਬੁਲਾਇਆ ਗਿਆ। ਵਿਭਾਗ ਨੇ ਇਕ ਬਿਆਨ 'ਚ ਕਿਹਾ, 'ਪ੍ਰਾਪਤ ਸਬੂਤਾਂ ਦੇ ਆਧਾਰ 'ਤੇ ਜਾਂਚਕਰਤਾ ਇਸ ਨਤੀਜੇ 'ਤੇ ਪਹੁੰਚੇ ਹਨ ਕਿ ਇਹ ਘਟਨਾ ਜਾਣਬੁੱਝ ਕੇ ਕੀਤੀ ਗਈ ਸੀ।' ਹਾਈਵੇ ਪੈਟਰੋਲ ਦੇ ਗੋਲਡਨ ਗੇਟ ਡਿਵੀਜ਼ਨ ਦੇ ਬੁਲਾਰੇ ਐਂਡਰਿਊ ਬਾਰਕਲੇ ਨੇ ਕਿਹਾ ਕਿ ਪਟੇਲ 'ਤੇ ਹੱਤਿਆ ਦੀ ਕੋਸ਼ਿਸ਼ ਦੇ ਤਿੰਨ ਅਤੇ ਬੱਚਿਆਂ ਨਾਲ ਬਦਸਲੂਕੀ ਦੇ ਦੋ ਦੋਸ਼ ਲਗਾਏ ਗਏ ਹਨ।

# ਯੂਕਰੇਨ ਵਿਰੁੱਧ ਜੰਗ ਵਿਚ ਰੂਸ ਚਾਹੁੰਦਾ ਹੈ ਬੜ੍ਹਤ, ਵਧਿਆ ਪਰਮਾਣੂ ਯੁੱਧ ਦਾ ਖਤਰਾ

ਪੈਰਿਸ, 5 ਜਨਵਰੀ (ਪੋਸਟ ਬਿਊਰੋ) - ਕਈ ਦਹਾਕਿਆਂ ਤੱਕ ਆਮ ਆਦਮੀ ਦੀ ਕਲਪਨਾ ਤੋਂ ਬਾਹਰ ਰਹੇ ਪਰਮਾਣੂ ਯੁੱਧ ਦੇ ਡਰਾਉਣੇ ਸੁਪਨੇ ਯੂਕਰੇਨ 'ਤੇ ਰੂਸ ਦੇ ਹਮਲੇ ਨਾਲ ਵਾਪਸ ਆ ਗਏ ਹਨ। ਯੁੱਧ ਦੌਰਾਨ ਰੂਸ ਬੈਕਫੁੱਟ 'ਤੇ ਦਿਖਾਈ ਦੇਣ ਲੱਗਾ ਹੈ ਅਤੇ ਇਸ ਨਾਲ ਇਹ ਖਦਸਾ ਪੈਦਾ ਹੋ ਗਿਆ ਹੈ ਕਿ ਹੁਣ ਰੂਸ ਸਫਲਤਾ ਦਾ ਮੂੰਹ ਦੇਖਣ ਲਈ ਆਪਣੇ ਪ੍ਰਮਾਣੂ ਹਥਿਆਰਾਂ ਦਾ ਸਹਾਰਾ ਲੈ ਸਕਦਾ ਹੈ।



ਸੰਯੁਕਤ ਰਾਸਟਰ ਸੁਰੱਖਿਆ ਪ੍ਰੀਸਦ ਦੇ ਪੰਜ ਸਥਾਈ ਮੈਂਬਰ ਦੇਸ - ਅਮਰੀਕਾ, ਰੂਸ, ਚੀਨ, ਬ੍ਰਿਟੇਨ ਅਤੇ ਫਰਾਂਸ - ਦੁਨੀਆ ਭਰ ਵਿਚ ਪ੍ਰਮਾਣੂ ਸ਼ਕਤੀ ਵਾਲੇ ਦੇਸ਼ਾਂ ਵਜੋਂ ਜਾਣੇ ਜਾਂਦੇ ਹਨ। ਨਾਟੋ ਦੇ ਸਾਬਕਾ ਡਿਪਟੀ ਸੈਕਟਰੀ-ਜਨਰਲ ਕੈਮਿਲ ਗ੍ਰੈਂਡ ਦਾ ਕਹਿਣਾ ਹੈ, "ਇਹ ਪਹਿਲੀ ਵਾਰ ਹੈ ਜਦੋਂ ਪ੍ਰਮਾਣੂ ਸਕਤੀ ਵਾਲੇ ਦੇਸ਼ ਨੇ ਇਕ ਰਵਾਇਤੀ ਯੁੱਧ ਸੁਰੂ ਕੀਤਾ ਹੈ।" 1945 ਵਿਚ ਦੂਜੇ ਵਿਸਵ ਯੁੱਧ ਦੇ ਅੰਤ ਵਿਚ ਹੀਰੋਸ਼ੀਮਾ ਅਤੇ ਨਾਗਾਸਾਕੀ 'ਤੇ ਅਮਰੀਕੀ ਪ੍ਰਮਾਣੂ ਹਮਲਿਆਂ ਤੋਂ ਬਾਅਦ ਉਭਰਿਆ ਨੈਤਿਕ ਅਤੇ ਰਣਨੀਤਕ 'ਟੈਬੂ' ਅਜੇ ਵੀ ਕਾਇਮ ਹੈ, ਪਰ ਬਿਆਨਬਾਜ਼ੀ ਨੇ ਹੁਣ ਜ਼ੋਰ ਫੜ੍ਹ ਲਿਆ ਹੈ।

# ਅਫ਼ਗਾਨੀ ਅਮਰੀਕੀਆਂ ਨੇ ਲੜਕੀਆਂ ਦੀ ਸਿੱਖਿਆ 'ਤੇ ਪਾਬੰਦੀ ਦੇ ਵਿਰੋਧ ਵਿਚ ਕੀਤਾ ਪ੍ਰਦਰਸ਼ਨ

ਵਾਸ਼ਿੰਗਟਨ, 5 ਦਸੰਬਰ (ਪੋਸਟ ਬਿਊਰੋ) - ਅਫਗਾਨਿਸਤਾਨ ਦੀ ਤਾਲਿਬਾਨ ਸਰਕਾਰ ਦੇ ਹਾਲ ਹੀ ਵਿਚ ਲੜਕੀਆਂ ਦੀ ਸਿੱਖਿਆ 'ਤੇ ਪਾਬੰਦੀ ਲਗਾਉਣ ਦੇ ਫੈਸਲੇ ਖਿਲਾਫ਼ ਵੱਡੀ ਗਿਣਤੀ 'ਚ ਅਫਗਾਨ ਅਮਰੀਕੀਆਂ ਨੇ ਪ੍ਰਦਰਸ਼ਨ ਕੀਤਾ ਅਤੇ ਤਾਲਿਬਾਨ ਸਰਕਾਰ ਦੀ ਇਸ ਕੱਟੜਪੰਥੀ ਨੀਤੀ ਖਿਲਾਫ ਸੰਘਰਸ਼ ਕਰਨ ਦਾ ਸੰਕਲਪ ਲਿਆ। 'ਅਫਗਾਨ ਕਲਚਰਲ ਸੋਸਾਇਟੀ' ਦੇ ਪ੍ਰਤੀਨਿਧੀ ਕੈਲੀਫੋਰਨੀਆ ਦੇ ਰਿਆਨ ਯਾਸੀਨੀ ਨੇ ਐਤਵਾਰ ਨੂੰ ਵ੍ਹਾਈਟ ਹਾਊਸ ਦੇ ਸਾਹਮਣੇ ਕਿਹਾ, "ਅਸੀਂ ਇੱਥੇ ਲੜਕੀਆਂ ਦੇ ਸਿੱਖਿਆ ਦੇ ਅਧਿਕਾਰ ਲਈ ਆਪਣੀ ਆਵਾਜ ਉਠਾਉਣ ਲਈ ਆਏ ਹਾਂ।"

ਯਾਸੀਨੀ ਨਾਲ ਵੱਡੀ ਗਿਣਤੀ ਵਿੱਚ ਅਫਗਾਨ ਅਮਰੀਕਨ ਮੌਜੂਦ ਸਨ। ਉਨ੍ਹਾਂ ਕਿਹਾ, 'ਜਦੋਂ ਤੋਂ ਤਾਲਿਬਾਨ ਨੇ ਅਫਗਾਨਿਸਤਾਨ 'ਤੇ ਕਬਜਾ ਕੀਤਾ ਹੈ, ਉਦੋਂ ਤੋਂ ਲੜਕੀਆਂ ਨੂੰ ਪੜ੍ਹਾਈ ਦਾ ਅਧਿਕਾਰ ਨਹੀਂ ਹੈ। ਅਸੀਂ ਇੱਥੇ ਇਹ ਯਕੀਨੀ ਬਣਾਉਣ ਲਈ ਹਾਂ ਕਿ ਅਜਿਹਾ ਨਾ ਹੋਵੇ।" ਅਫਗਾਨ ਸੋਸਾਇਟੀ ਦੇ ਪ੍ਰਧਾਨ ਨਾਸਿਰ ਖਾਨ ਨੇ ਤਾਲਿਬਾਨ ਸਰਕਾਰ



ਨੂੰ ਦੇਸ ਵਿਚ ਲੜਕੀਆਂ ਦੀ ਸਿੱਖਿਆ 'ਤੇ ਪਾਬੰਦੀ ਹਟਾਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਅਫਗਾਨ ਲੜਕੀਆਂ ਨੂੰ ਉਨ੍ਹਾਂ ਦੇ ਹੱਕ ਮਿਲਣੇ ਚਾਹੀਦੇ ਹਨ। ਪ੍ਰਦਰਸ਼ਨ ਕਰ ਰਹੇ ਅਫਗਾਨਿਸਤਾਨ ਅਮਰੀਕੀ ਹਿਕਮਤ ਸੋਰੋਸ ਨੇ ਕਿਹਾ ਕਿ ਤਾਲਿਬਾਨ ਨੇ ਲੜਕੀਆਂ ਨੂੰ ਸਿੱਖਿਆ ਤੋਂ ਦੂਰ ਰੱਖਣ ਲਈ ਕਈ ਕਦਮ ਚੁੱਕੇ ਹਨ। ਉਸਨੇ ਕਿਹਾ, "ਪੂਰੀ ਦੁਨੀਆ ਦੇਖ ਰਹੀ ਹੈ। ਸੰਯੁਕਤ ਰਾਸ਼ਟਰ ਦੇਖ ਰਿਹਾ ਹੈ।

## ਚੀਨ 'ਚ ਕੋਰੋਨਾ ਵਿਚਾਲੇ ਹਜ਼ਾਰਾਂ ਲੋਕ ਨਵੇਂ ਸਾਲ ਦਾ ਜਸ਼ਨ ਮਨਾਉਣ ਲਈ ਹੋਏ ਇਕੱਠੇ



ਵੁਹਾਨ/ਸੰਘਾਈ, 5 ਜਨਵਰੀ (ਪੋਸਟ ਬਿਊਰੋ)- ਕੇਂਦਰੀ ਵੁਹਾਨ ਵਿਚ ਸ਼ਨੀਵਾਰ ਰਾਤ ਨੂੰ ਹਜਾਰਾਂ ਲੋਕ ਇਸ ਉਮੀਦ ਲਈ ਇਕੱਠੇ ਹੋਏ ਕਿ ਤਾਲਾਬੰਦੀ ਨਾਲ ਭਰੇ 2022 ਅਤੇ ਦਸੰਬਰ ਵਿਚ ਕੋਰੋਨਾ ਵਿਸਫੋਟ ਤੋਂ ਬਾਅਦ ਅਗਲਾ ਸਾਲ ਬਿਹਤਰ ਰਹੇਗਾ। ਬਹੁਤ ਸਾਰੇ ਲੋਕਾਂ ਨੇ ਆਪਣੇ ਦੋਸਤਾਂ ਨਾਲ ਸੈਲਫੀ ਲੈਣ ਤੋਂ ਪਹਿਲਾਂ ਚੀਨੀ ਪਰੰਪਰਾ ਅਨੁਸਾਰ ਅਸਮਾਨ ਵਿਚ ਗੁਬਾਰੇ ਛੱਡੇ।

ਵੁਹਾਨ ਹਾਈ ਸਕੂਲ ਦੇ ਵਿਦਿਆਰਥੀ ਵਾਂਗ ਨੇ ਦੱਸਿਆ ਕਿ ਪਿਛਲੇ ਸਾਲ ਕੋਵਿਡ-19 ਬਹੁਤ ਖਤਰਨਾਕ ਸੀ। ਮੇਰੇ ਪਰਿਵਾਰ ਦੇ ਕੁਝ ਮੈਂਬਰਾਂ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ, ਪਰ ਮੈਨੂੰ ਉਮੀਦ ਹੈ ਕਿ ਉਹ ਨਵੇਂ ਸਾਲ ਵਿੱਚ ਸਿਹਤਮੰਦ ਹੋਣਗੇ। ਦੱਸਣਯੋਗ ਹੈ ਕਿ ਇਸ ਸਮੇਂ ਚੀਨ ਵਿਚ ਕੋਰੋਨਾ ਦਾ ਕਹਿਰ ਜਾਰੀ ਹੈ। ਚੀਨ ਵਿਚ ਪ੍ਰਤੀ ਦਿਨ 9000 ਲੋਕ ਕੋਰੋਨਾ ਨਾਲ ਮਰ ਰਹੇ ਹਨ।

ਵੁਹਾਨ ਦੇ ਹੰਕੋ ਕਸਟਮ ਹਾਊਸ ਵਿਖੇ ਔਰਤ ਨੇ ਕਿਹਾ, "ਮੈਂ ਡਰਦੀ ਹਾਂ। ਜਦੋਂ ਮੈਂ ਅੱਜ ਰਾਤ ਨੂੰ ਬਾਹਰ ਆਈ ਤਾਂ ਮੈਂ ਅਜੇ ਵੀ ਡਰੀ ਹੋਈ ਸੀ, ਪਰ ਮੈਂ ਸਿਰਫ ਬਾਹਰ ਆਉਣਾ ਚਾਹੁੰਦੀ ਸੀ ਕਿਉਂਕਿ ਬਾਕੀ ਸਾਰੇ ਬਾਹਰ ਸਨ। ਪੁਰਾਣੇ ਕਲਾਕ ਟਾਵਰ ਦੇ ਸਾਹਮਣੇ ਇਕੱਠੀ ਹੋਈ ਭੀੜ ਨੂੰ ਕਾਬੂ ਕਰਨ ਲਈ ਸਾਦੇ ਕੱਪੜਿਆਂ ਵਾਲੇ ਕਰਮਚਾਰੀ ਅਤੇ ਹੋਰ ਸੁਰੱਖਿਆ ਕਰਮਚਾਰੀ ਦੇਖੇ ਗਏ। ਪੁਲਸ ਨੇ ਕਈ ਥਾਵਾਂ 'ਤੇ ਲਾਊਡਸਪੀਕਰਾਂ ਦੀ ਵਰਤੋਂ ਕੀਤੀ, ਲੋਕਾਂ ਨੂੰ ਇਕੱਠੇ ਨਾ ਹੋਣ ਦੀ ਚੇਤਾਵਨੀ ਦਿੱਤੀ।

ਦੱਸ ਦੇਈਏ ਕਿ ਨਵੰਬਰ ਦੇ ਅੰਤ ਵਿਚ ਸੈਂਕੜੇ ਲੋਕਾਂ ਨੇ ਵੁਹਾਨ ਸਮੇਤ ਦੇਸ਼ ਭਰ ਦੇ ਸ਼ਹਿਰਾਂ ਦੀਆਂ ਸੜਕਾਂ 'ਤੇ ਲਾਕਡਾਊਨ ਦਾ ਵਿਰੋਧ ਕੀਤਾ ਅਤੇ ਇਸ ਨੂੰ ਹਟਾਉਣ ਦੀ ਮੰਗ ਕੀਤੀ। ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਚੀਨ ਨੇ ਸਖ਼ਤ ਪਾਬੰਦੀਆਂ ਦੀ ਆਪਣੀ ਸਖਤ 'ਜੀਰੋ ਕੋਵਿਡ' ਨੀਤੀ ਨੂੰ ਤਿਆਗ ਦਿੱਤਾ।

ਬਾਜਵਾ ਦੀ ਪਲੇਅਬੁਆਏ ਵਾਲੀ ਟਿੱਪਣੀ 'ਤੇ ਇਮਰਾਨ ਖਾਨ ਦਾ ਜਵਾਬ

## 'ਮੈਂ ਕਦੇ ਵੀ ਫਰਿਸ਼ਤਾ ਹੋਣ ਦਾ ਦਾਅਵਾ ਨਹੀਂ ਕੀਤਾ': ਇਮਰਾਨ

ਇਸਲਾਮਾਬਾਦ, 5 ਦਸੰਬਰ (ਪੋਸਟ ਬਿਊਰੋ) - ਪਾਕਿਸਤਾਨ ਦੀ ਰਾਜਨੀਤੀ 'ਚ ਬੀਤੇ ਸਮੇਂ 'ਚ ਜੋ ਕੁਝ ਵੀ ਹੋਇਆ, ਉਸ ਦਾ ਅਸਰ ਅਜੇ ਵੀ ਬਰਕਰਾਰ ਹੈ। ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਕਿਹਾ ਹੈ ਕਿ ਸੇਵਾਮੁਕਤ ਫੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਪਿਛਲੇ ਸਾਲ ਅਵਿਸ਼ਵਾਸ ਪ੍ਰਸਤਾਵ ਰਾਹੀਂ ਸੰਵਿਧਾਨਕ ਅਹੁਦੇ ਤੋਂ ਹਟਾਏ ਜਾਣ ਤੋਂ ਪਹਿਲਾਂ ਉਨ੍ਹਾਂ ਦੀ ਆਖਰੀ ਮੁਲਾਕਾਤ ਦੌਰਾਨ ਉਨ੍ਹਾਂ ਨੂੰ 'ਪਲੇ-ਬੁਆਏ' ਕਿਹਾ ਸੀ। ਪਾਕਿਸਤਾਨ ਤਹਿਰੀਕ-ਏ-ਇਨਸਾਫ ਦੇ ਚੇਅਰਮੈਨ ਨੇ ਸੋਮਵਾਰ ਨੂੰ ਆਪਣੇ ਲਾਹੌਰ ਸਥਿਤ ਘਰ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਥਿਤ ਤੌਰ 'ਤੇ ਉਸ ਨਾਲ ਜੁੜੇ 'ਗੰਦੇ ਆਡੀਓ' ਬਾਰੇ ਖੁੱਲ੍ਹ ਕੇ ਗੱਲ ਕੀਤੀ।



ਹਾਲ ਹੀ ਵਿਚ ਇਮਰਾਨ ਖਾਨ ਦੇ ਤਿੰਨ ਕਥਿਤ ਆਡੀਓ ਕਲਿੱਪ ਲੀਕ ਹੋਏ ਸਨ। ਮੰਤਰੀ ਰਾਣਾ ਸਨਾਉੱਲਾ ਨੇ ਦਾਅਵਾ ਕੀਤਾ ਕਿ ਇਹ ਆਡੀਓ ਕਲਿੱਪ ਅਸਲੀ ਹਨ ਅਤੇ ਇਸੇ ਤਰ੍ਹਾਂ ਖਾਨ ਦੀਆਂ ਵੀਡਿਓ ਕਲਿੱਪ ਆਉਣ ਵਾਲੇ ਦਿਨਾਂ ਵਿੱਚ ਸਾਹਮਣੇ ਆ ਸਕਦੀਆਂ ਹਨ। ਇਮਰਾਖ ਖਾਨ ਨੇ ਕਿਹਾ ਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਬਾਜਵਾ ਨੇ ਉਨ੍ਹਾਂ ਨੂੰ ਸੱਤਾ ਤੋਂ ਲਾਂਭੇ ਕਰਨ ਦਾ ਮਨ ਬਣਾ ਲਿਆ ਹੈ। ਅਗਸਤ 2022 ਵਿਚ ਜਨਰਲ ਬਾਜਵਾ ਨਾਲ ਮੁਲਾਕਾਤ ਵਿਚ, ਉਨ੍ਹਾਂ ਨੇ ਮੈਨੂੰ ਦੱਸਿਆ ਕਿ ਉਨ੍ਹਾਂ ਕੋਲ ਮੇਰੀ ਪਾਰਟੀਆਂ ਦੇ ਆਡੀਓ ਅਤੇ ਵੀਡੀਓ ਹਨ। ਉਸਨੇ ਮੈਨੂੰ ਇਹ ਵੀ ਯਾਦ ਦਿਵਾਇਆ ਕਿ ਮੈਂ ਇਕ 'ਪਲੇ-ਬੁਆਏ' ਸੀ। ਮੈਂ ਉਨ੍ਹਾਂ ਨੂੰ ਕਿਹਾ, ਹਾਂ ਮੈਂ ਇਕ ਪਲੇਬੁਆਏ ਸੀ। ਹੁਣ ਜਾਂ ਅਤੀਤ ਵਿਚ ਮੈਂ ਕਦੇ ਫਰਿਸ਼ਤਾ ਹੋਣ ਦਾ ਦਾਅਵਾ ਨਹੀਂ ਕੀਤਾ। ਇਮਰਾਨ ਖਾਨ ਨੇ ਕਿਹਾ, "ਮੈਨੂੰ ਪਤਾ ਲੱਗਾ ਕਿ ਉਹ ਸਾਵਧਾਨੀ ਨਾਲ ਦੋਹਰੀ ਖੇਡ ਖੇਡ ਰਹੇ ਸਨ ਕਿ ਸ਼ਾਹਬਾਜ਼ ਸ਼ਰੀਫ ਨੂੰ ਪ੍ਰਧਾਨ ਮੰਤਰੀ ਬਣਾਉ। ਬਾਜਵਾ ਨੇ ਮੇਰੀ ਪਿੱਠ ਵਿਚ ਛੁਰਾ ਮਾਰਿਆ।

## ਸ਼ੰਘਾਈ ਦੇ 70 ਫੀਸਦੀ ਲੋਕ ਹੋ ਸਕਦੇ ਹਨ ਕੋਵਿਡ ਪਾਜ਼ੇਟਿਵ

ਸ਼ੰਘਾਈ, 5 ਦਸੰਬਰ (ਪੋਸਟ ਬਿਊਰੋ) - ਚੀਨ ਵਿਚ ਕੋਰੋਨਾ ਦੇ ਵਧਦੇ ਮਾਮਲਿਆਂ ਨੇ ਪੂਰੀ ਦੁਨੀਆ ਵਿਚ ਦਹਿਸਤ ਫੈਲਾ ਦਿੱਤੀ ਹੈ। ਇਸ ਦੌਰਾਨ ਚੀਨੀ ਮੀਡੀਆ ਨੇ ਮੰਗਲਵਾਰ ਨੂੰ ਦੱਸਿਆ ਕਿ ਸ਼ੰਘਾਈ ਦੇ ਚੋਟੀ ਦੇ ਹਸਪਤਾਲ ਦੇ ਇਕ ਸੀਨੀਅਰ ਡਾਕਟਰ ਨੇ ਕਿਹਾ ਹੈ ਕਿ ਚੀਨ ਦੀ ਮੈਗਾਸਿਟੀ ਸ਼ੰਘਾਈ ਦੀ 70 ਫੀਸਦੀ ਆਬਾਦੀ ਕੋਵਿਡ-19 ਨਾਲ ਸੰਕਰਮਿਤ ਹੋ ਸਕਦੀ ਹੈ। ਥੋੜੀ ਚੇਤਾਵਨੀ ਜਾਂ ਤਿਆਰੀ ਦੇ ਨਾਲ ਸਾਲਾਂ ਦੀਆਂ ਸਖਤ ਪਾਬੰਦੀਆਂ ਤੋਂ ਬਾਅਦ ਪਿਛਲੇ ਮਹੀਨੇ ਸੰਕਰਮਣ ਵਧ ਗਿਆ ਅਤੇ ਹਸਪਤਾਲਾਂ ਅਤੇ ਸ਼ਮਸ਼ਾਨਘਾਟ ਭਰ ਗਏ।




ਰੂਜਿਨ ਹਸਪਤਾਲ ਦੇ ਉਪ ਪ੍ਰਧਾਨ ਅਤੇ ਸ਼ੰਘਾਈ ਦੇ ਕੋਵਿਡ ਮਾਹਰ ਸਲਾਹਕਾਰ ਪੈਨਲ ਦੇ ਮੈਂਬਰ ਚੇਨ ਅਰਜੇਨ ਨੇ ਅੰਦਾਜਾ ਲਗਾਇਆ ਹੈ ਕਿ ਸ਼ਹਿਰ ਦੇ 25 ਮਿਲੀਅਨ ਲੋਕਾਂ ਵਿਚੋਂ ਜ਼ਿਆਦਾਤਰ ਸੰਕਰਮਿਤ ਹੋ ਸਕਦੇ ਹਨ। ਹੁਣ ਸ਼ੰਘਾਈ ਵਿਚ ਮਹਾਂਮਾਰੀ ਦਾ ਫੈਲਣਾ ਬਹੁਤ ਵੱਡਾ ਖਤਰਾ ਹੈ ਅਤੇ ਇਹ 70 ਫੀਸਦੀ ਆਬਾਦੀ ਤੱਕ ਪਹੁੰਚ ਸਕਦਾ ਹੈ, ਜੋ ਕਿ (ਅਪ੍ਰੈਲ ਅਤੇ ਮਈ ਵਿਚ) 20 ਤੋਂ 30 ਗੁਣਾ ਵੱਧ ਹੈ।

ਸ਼ੰਘਾਈ ਨੂੰ ਅਪ੍ਰੈਲ ਵਿਚ ਦੋ ਮਹੀਨਿਆਂ ਦੇ ਭਿਆਨਕ ਤਾਲਾਬੰਦੀ ਦਾ ਸਾਹਮਣਾ ਕਰਨਾ ਪਿਆ, ਜਿਸ ਦੌਰਾਨ 6 ਲੱਖ ਤੋਂ ਵੱਧ ਵਸਨੀਕ ਸੰਕਰਮਿਤ ਹੋਏ ਅਤੇ ਬਹੁਤ ਸਾਰੇ ਲੋਕਾਂ ਨੂੰ ਕੁਆਰੰਟੀਨ ਸੈਂਟਰਾਂ ਵਿਚ ਚਲੇ ਗਏ। ਪਰ ਹੁਣ, ਓਮੀਕਰੋਨ ਵੇਰੀਐਂਟ ਪੂਰੇ ਸ਼ਹਿਰ ਵਿਚ ਫੈਲ ਰਿਹਾ ਹੈ ਅਤੇ ਮਾਹਰ ਭਵਿੱਖਬਾਣੀ ਕਰਦੇ ਹਨ ਕਿ ਲਾਗ 2023 ਦੇ ਸੁਰੂ ਵਿੱਚ ਸਿਖਰ 'ਤੇ ਪਹੁੰਚ ਜਾਵੇਗੀ। ਬੀਜਿੰਗ, ਤਿਆਨਜਿਨ, ਚੋਂਗਕਿੰਗ ਅਤੇ ਗੁਆਂਗਜ਼ੂ ਸਮੇਤ ਹੋਰ ਵੱਡੇ ਸ਼ਹਿਰਾਂ ਵਿਚ, ਚੀਨੀ ਸਿਹਤ ਅਧਿਕਾਰੀਆਂ ਨੇ ਸੁਝਾਅ ਦਿੱਤਾ ਹੈ ਕਿ ਲਹਿਰ ਪਹਿਲਾਂ ਹੀ ਸਿਖਰ 'ਤੇ ਹੈ। ਚੇਨ ਨੇ ਕਿਹਾ ਕਿ ਉਸਦੇ ਸ਼ੰਘਾਈ ਹਸਪਤਾਲ ਨੂੰ ਇਕ ਦਿਨ ਵਿਚ 1,600 ਐਮਰਜੈਂਸੀ ਮਰੀਜ਼ ਆਏ।

# ਭਾਰਤੀ ਕਿਸਾਨ ਯੂਨੀਅਨ ਏਕਤਾ-ਉਗਰਾਹਾਂ ਨੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਹਮਾਇਤ ਵਿਚ ਜਾਮ ਕੀਤੇ ਟੋਲ ਪਲਾਜ਼ੇ



ਚੰਡੀਗੜ੍ਹ, 5 ਜਨਵਰੀ (ਪੋਸਟ ਬਿਊਰੋ): ਕਈ ਹਫ਼ਤਿਆਂ ਤੋਂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਕਾਫ਼ੀ ਟੌਲ ਪਲਾਜ਼ੇ ਜਾਮ ਕਰਨ ਦੇ ਲੋਕ ਪੱਖੀ ਐਕਸ਼ਨ ਦੀ ਹਮਾਇਤ ਵਿੱਚ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਅੱਜ 32 ਟੌਲ ਪਲਾਜ਼ਿਆਂ 'ਤੇ 12 ਤੋਂ 3 ਵਜੇ ਤੱਕ ਐਕਸ਼ਨ ਕੀਤਾ ਗਿਆ। ਜਥੇਬੰਦੀ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਅਤੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਇਨ੍ਹਾਂ ਵਿਚੋਂ ਕੁੱਝ ਥਾਵਾਂ 'ਤੇ ਹਮਾਇਤੀ ਸ਼ਮੂਲੀਅਤ ਕੀਤੀ ਗਈ ਅਤੇ ਬਾਕੀ ਸਭ ਥਾਂਵਾਂ 'ਤੇ ਜਥੇਬੰਦੀ ਵੱਲੋਂ ਟੌਲ ਪਲਾਜ਼ੇ ਜਾਮ ਕੀਤੇ ਗਏ।

ਜਥੇਬੰਦੀ ਅਨੁਸਾਰ ਬਹੁਤੀਆਂ ਥਾਵਾਂ 'ਤੇ ਔਰਤਾਂ ਸਮੇਤ ਭਾਰੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਅਤੇ ਇਨਸਾਫਪਸੰਦ ਲੋਕ ਸ਼ਾਮਲ ਹੋਏ। ਕਈ ਥਾਵਾਂ 'ਤੇ ਹਮਾਇਤੀ ਜਥੇਬੰਦੀਆਂ ਜਲ ਸਪਲਾਈ ਠੇਕਾ ਕਾਮੇ, ਪੀ ਆਰ ਟੀ ਸੀ ਮੁਲਾਜ਼ਮ, ਬਿਜਲੀ ਕਾਮੇ,ਖੇਤ ਮਜ਼ਦੂਰ ਅਤੇ ਹੋਰਨਾਂ ਕਿਰਤੀ ਤਬਕਿਆਂ ਨੇ ਵੀ ਸ਼ਮੂਲੀਅਤ ਕੀਤੀ।

ਬੁਲਾਰਿਆਂ ਨੇ ਦੋਸ਼ ਲਾਇਆ ਕਿ ਜ਼ਾਲਮ ਔਰੰਗਜ਼ੇਬ ਹਕੂਮਤ ਦੇ ਜਜ਼ੀਆ ਟੈਕਸ ਵਾਂਗ ਹੀ ਮੌਜੂਦਾ ਲੋਕਦੋਖੀ ਹਾਕਮਾਂ ਵੱਲੋਂ ਟੌਲ ਟੈਕਸ ਵੀ ਦੇਸ਼ ਦੇ ਲੋਕਾਂ ਉੱਤੇ ਸਰਾਸਰ ਨਜਾਇਜ਼ ਮੜ੍ਹਿਆ ਗਿਆ ਹੈ, ਕਿਉਂਕਿ ਹਰ ਵਹੀਕਲ ਦੀ ਰਜਿਸਟ੍ਰੇਸ਼ਨ ਮੌਕੇ ਭਾਰੀ ਰੋਡ ਟੈਕਸ ਪਹਿਲਾਂ ਹੀ ਵਸੂਲ ਲਿਆ ਜਾਂਦਾ ਹੈ। ਉਨ੍ਹਾਂ ਨੇ ਪੰਜਾਬ ਅਤੇ ਕੇਂਦਰ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਕਿ ਪੰਜਾਬ ਸਮੇਤ ਪੂਰੇ ਭਾਰਤ ਵਿੱਚ ਟੌਲ ਪਲਾਜ਼ੇ ਬੰਦ ਕੀਤੇ ਜਾਣ। ਬੁਲਾਰਿਆਂ ਵੱਲੋਂ ਸ਼ਰਾਬ ਫੈਕਟਰੀ ਜ਼ੀਰਾ ਦੇ ਜਾਨਲੇਵਾ ਪ੍ਰਦੂਸ਼ਣ ਵਿਰੁੱਧ ਅਤੇ ਲਤੀਫਪੁਰਾ ਬਸਤੀ ਦੇ ਦਰਿੰਦਗੀ ਭਰੇ ਨਜਾਇਜ਼ ਉਜਾੜੇ ਵਿਰੁੱਧ ਜਾਨਹੂਲਵੇਂ ਜਨਤਕ ਘੋਲਾਂ ਦੀ ਡਟਵੀਂ ਹਮਾਇਤ ਵੀ ਜਾਰੀ ਰੱਖਣ ਦਾ ਐਲਾਨ ਕੀਤਾ ਗਿਆ।

# 25 ਹਜ਼ਾਰ ਨੌਕਰੀਆਂ ਇੱਕ ਸਾਲ 'ਚ ਦੇਣ ਦਾ ਵਾਅਦਾ ਮਹਿਜ਼ 9 ਮਹੀਨਿਆਂ 'ਚ ਹੀ ਕੀਤਾ ਪੂਰਾ : ਮੁੱਖ ਮੰਤਰੀ

## 3910 ਮਾਸਟਰ ਕਾਡਰ ਅਧਿਆਪਕਾਂ ਨੂੰ ਸੌਂਪੇ ਨਿਯੁਕਤੀ ਪੱਤਰ




ਲੁਧਿਆਣਾ, 5 ਜਨਵਰੀ: ਸੂਬਾ ਸਰਕਾਰ ਵੱਲੋਂ ਸਿਰਫ਼ ਨੌਂ ਮਹੀਨਿਆਂ ਵਿੱਚ ਰਿਕਾਰਡ 25 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਨੌਕਰੀਆਂ ਦੇਣ ਦਾ ਵੱਡਾ ਵਾਅਦਾ ਪੂਰਾ ਕਰਨ ਦੀ ਗੱਲ ਆਖਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਾਲ 2023 ਸਿੱਖਿਆ, ਰੋਜ਼ਗਾਰ ਤੇ ਸਿਹਤ ਖੇਤਰਾਂ ਵਿੱਚ ਕ੍ਰਾਂਤੀਕਾਰੀ ਤਬਦੀਲੀਆਂ ਦਾ ਗਵਾਹ ਬਣਨ ਜਾ ਰਿਹਾ ਹੈ।

ਇੱਥੇ 3910 ਮਾਸਟਰ ਕੇਡਰ ਅਧਿਆਪਕਾਂ ਨੂੰ ਨਿਯੁਕਤੀ ਪੱਤਰ ਸੌਂਪਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਸਰਕਾਰ ਬਣਨ ਤੋਂ ਬਾਅਦ ਵਾਅਦਾ ਕੀਤਾ ਸੀ ਕਿ ਪਹਿਲੇ ਸਾਲ ਦੌਰਾਨ 25 ਹਜ਼ਾਰ ਨੌਕਰੀਆਂ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਹ ਮੇਰੇ ਲਈ ਬੇਹੱਦ ਮਾਣ ਤੇ ਤਸੱਲੀ ਵਾਲੀ ਗੱਲ ਹੈ ਕਿ ਵੱਖ-ਵੱਖ ਮਹਿਕਮਿਆਂ ਵਿੱਚ 25 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਨੌਕਰੀਆਂ ਦੇ ਕੇ ਇਸ ਵਾਅਦੇ ਨੂੰ ਸਿਰਫ਼ ਨੌਂ ਮਹੀਨਿਆਂ ਵਿੱਚ ਹੀ ਪੂਰਾ ਕਰ ਲਿਆ ਗਿਆ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਨੌਕਰੀਆਂ ਲਈ ਸਿਰਫ਼ ਇਕੋ-ਇਕ ਮਾਪਦੰਡ ਮੈਰਿਟ ਤੇ ਯੋਗਤਾ ਰੱਖਿਆ ਗਿਆ।

ਮੁੱਖ ਮੰਤਰੀ ਨੇ ਕਿਹਾ ਕਿ ਸਿਰਫ਼ ਸਿੱਖਿਆ ਖੇਤਰ ਵਿੱਚ ਹੀ 6635 ਈ.ਟੀ.ਟੀ. ਅਧਿਆਪਕਾਂ ਦੀ ਭਰਤੀ ਦੀ ਪ੍ਰਕਿਰਿਆ ਚੱਲ ਰਹੀ ਹੈ, ਜਦੋਂ ਕਿ 5994 ਹੋਰ ਅਧਿਆਪਕਾਂ ਦੀ ਭਰਤੀ ਦਾ ਨਵਾਂ ਇਸ਼ਤਿਹਾਰ ਵੀ ਜਾਰੀ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਭਰਤੀ ਪ੍ਰਕਿਰਿਆ ਨੂੰ ਪਾਰਦਰਸ਼ੀ ਤੇ ਸੁਚਾਰੂ ਤਰੀਕੇ ਨਾਲ ਛੇਤੀ ਮੁਕੰਮਲ ਕਰ ਲਿਆ ਜਾਵੇਗਾ। ਭਗਵੰਤ ਮਾਨ ਨੇ ਕਿਹਾ ਕਿ ਤਕਰੀਬਨ 23 ਹਜ਼ਾਰ ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਵੀ ਰੈਗੂਲਰ ਕੀਤੀਆਂ ਜਾਣਗੀਆਂ।

ਮੁੱਖ ਮੰਤਰੀ ਨੇ ਕਿਹਾ ਕਿ ਸਿੱਖਿਆ, ਸਿਹਤ ਤੇ ਰੋਜ਼ਗਾਰ ਵਰਗੇ ਤਿੰਨ ਖੇਤਰ ਸਾਡੀ ਸਰਕਾਰ ਦੇ ਤਰਜੀਹੀ ਖੇਤਰ ਹਨ। ਉਨ੍ਹਾਂ ਕਿਹਾ ਕਿ ਮੌਜੂਦਾ ਸਾਲ ਦੌਰਾਨ ਇਹ ਤਿੰਨੇ ਖੇਤਰ ਅਹਿਮ ਤਬਦੀਲੀਆਂ ਦਾ ਗਵਾਹ ਬਣਨਗੇ ਕਿਉਂਕਿ ਸੂਬਾ ਸਰਕਾਰ ਇਨ੍ਹਾਂ ਖੇਤਰਾਂ ਦੇ ਵਿਕਾਸ ਲਈ ਉਤਸ਼ਾਹ ਨਾਲ ਕੰਮ ਕਰ ਰਹੀ ਹੈ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਦਾ ਧਿਆਨ ਇਨ੍ਹਾਂ ਖੇਤਰਾਂ ਵਿੱਚ ਮੁਲਾਜ਼ਮਾਂ ਦੀ ਭਰਤੀ ਤੇ ਬੁਨਿਆਦੀ ਢਾਂਚੇ ਦਾ ਵਿਕਾਸ ਕਰ ਕੇ ਸੂਬੇ ਦੇ ਹੁਨਰਮੰਦ ਨੌਜਵਾਨਾਂ ਦੇ ਵਿਦੇਸ਼ਾਂ ਵਿੱਚ ਜਾਣ ਦੇ ਰੁਝਾਨ ਨੂੰ ਠੱਲ੍ਹ ਪਾਉਣ ਉਤੇ ਕੇਂਦਰਤ ਹੈ।

ਨਿਯੁਕਤੀ ਪੱਤਰ ਹਾਸਲ ਕਰਨ ਵਾਲੇ ਅਧਿਆਪਕਾਂ ਨੂੰ ਮੁਬਾਰਕਬਾਦ ਦਿੰਦਿਆਂ ਮੁੱਖ ਮੰਤਰੀ ਨੇ ਅਧਿਆਪਕਾਂ ਦੀ ਤੁਲਨਾ 'ਦੂਜੇ ਮਾਤਾ-ਪਿਤਾ' ਵਜੋਂ ਕੀਤੀ, ਜੋ ਇਕ ਬੱਚੇ ਦੇ ਸਮੁੱਚੇ ਵਿਕਾਸ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਨਵ-ਨਿਯੁਕਤ ਅਧਿਆਪਕਾਂ ਨੂੰ ਵਿਦਿਆਰਥੀਆਂ ਦੇ ਭਵਿੱਖ ਦੇ ਨਕਸ਼ ਘੜਨ ਵਿੱਚ ਸਰਗਰਮ ਭੂਮਿਕਾ ਨਿਭਾਉਣ ਦਾ ਸੱਦਾ ਦਿੱਤਾ। ਭਗਵੰਤ ਮਾਨ ਨੇ ਕਿਹਾ ਕਿ ਇਨ੍ਹਾਂ ਵਿਦਿਆਰਥੀਆਂ ਦੀ ਪੜ੍ਹਾਈ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣੀ ਚਾਹੀਦੀ ਤਾਂ ਕਿ ਉਹ ਕਿਸੇ ਵੀ ਖੇਤਰ ਵਿੱਚ ਨਾਮਣਾ ਖੱਟਣ ਦੇ ਯੋਗ ਬਣ ਸਕਣ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੂੰ ਮਾਣ ਹੈ ਕਿ ਇੱਥੋਂ ਦੇ ਬੱਚੇ ਮਿਹਨਤੀ ਦੇ ਹੁਸ਼ਿਆਰ ਹਨ। ਉਨ੍ਹਾਂ ਅਧਿਆਪਕਾਂ ਨੂੰ ਕਿਹਾ ਕਿ ਉਹ ਆਪਣੇ ਘਰ ਨੇੜੇ ਬਦਲੀਆਂ ਕਰਵਾਉਣ ਲਈ ਸਮਾਂ ਬਰਬਾਦ ਕਰਨ ਦੀ ਥਾਂ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਉਤੇ ਧਿਆਨ ਕੇਂਦਰਤ ਕਰਨ। ਭਗਵੰਤ ਮਾਨ ਨੇ ਕਿਹਾ ਕਿ ਅਧਿਆਪਕਾਂ ਨੂੰ ਭਵਿੱਖ ਵਿੱਚ ਆਪਣੇ ਪੜ੍ਹਾਏ ਬੱਚਿਆਂ ਉਤੇ ਮਾਣ ਹੋਵੇਗਾ ਕਿਉਂਕਿ ਵਿਦਿਆਰਥੀਆਂ ਦੀ ਸਫ਼ਲਤਾ ਨੂੰ ਕਦੇ ਵੀ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਸੂਬਾ ਸਰਕਾਰ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਲਈ ਜਲਦ ਹੀ ਸਕੂਲ ਆਫ਼ ਐਮੀਨੈਂਸ ਬਣਾਉਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਿਰਫ਼ ਇਕ ਸਾਲ ਦੇ ਅੰਦਰ-ਅੰਦਰ ਸਾਰੇ ਸਕੂਲਾਂ ਵਿੱਚ ਮੁੰਡੇ-ਕੁੜੀਆਂ ਲਈ ਵੱਖਰੇ ਡੈਸਕ ਤੇ ਵੱਖਰੇ ਪਖ਼ਾਨੇ ਹੋਣਗੇ। ਭਗਵੰਤ ਮਾਨ ਨੇ ਇਹ ਵੀ ਕਿਹਾ ਕਿ ਸਕੂਲਾਂ ਦੀ ਬਿਹਤਰ ਸਾਂਭ-ਸੰਭਾਲ ਲਈ ਸੂਬਾ ਸਰਕਾਰ ਜਲਦ ਹੀ ਕੈਂਪਸ ਮੈਨੇਜਰ ਤੇ ਚੌਕੀਦਾਰਾਂ ਦੀ ਭਰਤੀ ਕਰੇਗੀ।

ਮੁੱਖ ਮੰਤਰੀ ਨੇ ਲੋਕਾਂ ਨੂੰ ਸੂਬੇ ਦੀ ਬੇਹੱਦ ਮੁਸ਼ਕਲ ਨਾਲ ਹਾਸਲ ਕੀਤੀ ਸ਼ਾਂਤੀ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਕਰਨ ਵਾਲੀਆਂ ਤਾਕਤਾਂ ਤੋਂ ਸੁਚੇਤ ਰਹਿਣ ਲਈ ਆਖਿਆ। ਉਨ੍ਹਾਂ ਕਿਹਾ ਕਿ ਪੰਜਾਬ ਦੀ ਸ਼ਾਂਤੀ, ਤਰੱਕੀ ਤੇ ਖ਼ੁਸ਼ਹਾਲੀ ਦੀ ਰੱਖਿਆ ਕਰਨ ਲਈ ਸੂਬਾ ਸਰਕਾਰ ਵਚਨਬੱਧ ਹੈ। ਭਗਵੰਤ ਮਾਨ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਅਮਨ, ਫਿਰਕੂ ਸਦਭਾਵਨਾ ਤੇ ਭਾਈਚਾਰੇ ਵਰਗੀਆਂ ਕਦਰਾਂ-ਕੀਮਤਾਂ ਦੀ ਰਾਖੀ ਲਈ ਸਰਗਰਮ ਭੂਮਿਕਾ ਨਿਭਾਉਣ।

ਪੰਜਾਬ ਕੋਲ ਹੋਰ ਸੂਬਿਆਂ ਲਈ ਇਕ ਬੂੰਦ ਵੀ ਪਾਣੀ ਫਾਲਤੂ ਨਾ ਹੋਣ ਦੀ ਗੱਲ ਦੁਹਰਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਦਰਿਆਈ ਪਾਣੀਆਂ ਦੇ ਮੁੱਦੇ ਉਤੇ ਸੂਬੇ ਦੇ ਹਿੱਤ ਹਰ ਕੀਮਤ ਉਤੇ ਸੁਰੱਖਿਅਤ ਰੱਖੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਗੱਲ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਪੰਜਾਬ ਕਿਸੇ ਹੋਰ ਸੂਬੇ ਨੂੰ ਆਪਣੇ ਹਿੱਸੇ ਦਾ ਪਾਣੀ ਦੇਵੇਗਾ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਪਹਿਲਾਂ ਹੀ ਪਾਣੀ ਦੀ ਕਿੱਲਤ ਝੱਲ ਰਿਹਾ ਹੈ ਕਿਉਂਕਿ ਧਰਤੀ ਹੇਠਲੇ ਪਾਣੀ ਦਾ ਪੱਧਰ ਤੇਜ਼ੀ ਨਾਲ ਡਿੱਗ ਰਿਹਾ ਹੈ ਅਤੇ ਸੂਬੇ ਦੇ ਦਰਿਆ ਸੁੱਕਦੇ ਜਾ ਰਹੇ ਹਨ।

ਮੁੱਖ ਮੰਤਰੀ ਨੇ ਆਖਿਆ ਕਿ ਜਿਨ੍ਹਾਂ ਸੂਬੇ ਦੀ ਦੌਲਤ ਦੀ ਬੇਰਹਿਮੀ ਨਾਲ ਲੁੱਟ ਕੀਤੀ, ਉਨ੍ਹਾਂ ਨੂੰ ਵਾਰੀ ਸਿਰ ਸਲਾਖਾਂ ਪਿੱਛੇ ਸੁੱਟਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕਾਂ ਨੇ ਆਮ ਆਦਮੀ ਦਾ ਸਰਮਾਇਆ ਲੁੱਟਣ ਦਾ ਘਿਨਾਉਣਾ ਜੁਰਮ ਕੀਤਾ ਹੈ ਅਤੇ ਉਨ੍ਹਾਂ ਨੂੰ ਆਪਣੇ ਪਾਪਾਂ ਦੀ ਸਜ਼ਾ ਮਿਲੇਗੀ। ਭਗਵੰਤ ਮਾਨ ਨੇ ਕਿਹਾ ਕਿ ਅਜਿਹੇ ਲੋਕਾਂ ਤੋਂ ਵਾਪਸ ਕਰਵਾਏ ਪੈਸੇ ਦੀ ਵਰਤੋਂ ਲੋਕਾਂ ਦੀ ਖ਼ੁਸ਼ਹਾਲੀ ਤੇ ਸੂਬੇ ਦੇ ਤਰੱਕੀ ਲਈ ਕੀਤੀ ਜਾਵੇਗੀ।

ਇਸ ਤੋਂ ਪਹਿਲਾਂ ਕੈਬਨਿਟ ਮੰਤਰੀ ਹਰਜੋਤ ਬੈਂਸ ਨੇ ਮੁੱਖ ਮੰਤਰੀ ਤੇ ਹੋਰ ਮਹਿਮਾਨਾਂ ਦਾ ਸਮਾਰੋਹ ਵਿੱਚ ਪੁੱਜਣ ਉਤੇ ਸਵਾਗਤ ਕੀਤਾ। ਉਨ੍ਹਾਂ ਸੂਬਾ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਿੱਖਿਆ ਖੇਤਰ ਦੇ ਸੁਧਾਰ ਲਈ ਚੁੱਕੇ ਕਦਮਾਂ ਬਾਰੇ ਵੀ ਦੱਸਿਆ।

# ਪੰਜਾਬ ਨੇ ਪਿਛਲੇ 9 ਮਹੀਨਿਆਂ ਵਿੱਚ ਟੈਕਸਟਾਈਲ ਸੈਕਟਰ ਵਿੱਚ 3200 ਕਰੋੜ ਰੁਪਏ ਦਾ ਨਿਵੇਸ਼ ਸੁਰੱਖਿਅਤ ਕੀਤਾ : ਅਨਮੋਲ ਗਗਨ ਮਾਨ



ਚੰਡੀਗੜ੍ਹ, 5 ਜਨਵਰੀ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਵਿੱਚ ਵੱਧ ਤੋਂ ਵੱਧ ਨਿਵੇਸ਼ ਲਿਆਉਣ ਲਈ ਲਗਾਤਾਰ ਯਤਨਸ਼ੀਲ ਹੈ ਤਾਂ ਜੋ ਪੰਜਾਬ ਨੂੰ ਆਰਥਿਕ ਪੱਖੋਂ ਮਜ਼ਬੂਤ ਕੀਤਾ ਜਾ ਸਕੇ ਅਤੇ ਸੂਬੇ ਦੇ ਨੌਜਵਾਨਾਂ ਨੂੰ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਮਿਲ ਸਕਣ।

ਇਸ ਸਬੰਧ ਵਿੱਚ ਵਧੇਰੇ ਜਾਣਕਾਰੀ ਦਿੰਦਿਆਂ ਨਿਵੇਸ਼ ਪ੍ਰੋਤਸਾਹਨ ਮੰਤਰੀ ਅਨਮੋਲ ਗਗਨ ਮਾਨ ਨੇ ਦੱਸਿਆ ਕਿ ਸੂਬੇ ਨੇ ਪਿਛਲੇ 9 ਮਹੀਨਿਆਂ ਵਿੱਚ ਟੈਕਸਟਾਈਲ, ਟੈਕਨੀਕਲ ਟੈਕਸਟਾਈਲ, ਲਿਬਾਸ ਅਤੇ ਮੇਕਅੱਪ ਖੇਤਰ ਵਿੱਚ 3200 ਕਰੋੜ ਤੋਂ ਵੱਧ ਦਾ ਨਿਵੇਸ਼ ਸਫ਼ਲਤਾਪੂਰਵਕ ਸੁਰੱਖਿਅਤ ਕੀਤਾ ਹੈ। ਉਨ੍ਹਾਂ ਦੱਸਿਆ ਕਿ ਨਿਵੇਸ਼ ਕਰਨ ਵਾਲੀਆਂ ਕੰਪਨੀਆਂ ਵਿੱਚ ਸਨਾਤਨ ਪੋਲੀਕੋਟ, ਨਾਹਰ ਸਪਿਨਿੰਗ ਮਿੱਲਜ਼ ਅਤੇ ਹੋਰ ਕਈ ਪ੍ਰਮੁੱਖ ਕੰਪਨੀਆਂ ਸ਼ਾਮਲ ਹਨ।

ਉਨ੍ਹਾਂ ਦੱਸਿਆ ਕਿ ਟੈਕਸਟਾਈਲ ਸੈਕਟਰ ਵਿੱਚ 3200 ਕਰੋੜ ਰੁਪਏ ਦੇ ਨਿਵੇਸ਼ ਨਾਲ ਕੱਪੜਾ ਉਦਯੋਗ ਵਿੱਚ 13,000 ਤੋਂ ਵੱਧ ਹੁਨਰਮੰਦ ਕਾਮਿਆਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਇਸ ਗੱਲ ਤੇ ਜ਼ੋਰ ਦੇ ਕੇ ਕਿਹਾ ਕਿ ਇਹ ਨਿਵੇਸ਼ ਰਾਜ ਸਰਕਾਰ ਦੁਆਰਾ ਕੀਤੀਆਂ ਗਈਆਂ ਪਹਿਲਕਦਮੀਆਂ ਨੂੰ ਉਜਾਗਰ ਕਰਦਾ ਹੈ ਜੋ ਕਿ ਰਾਜ ਵਿੱਚ ਇੱਕ ਉਦਯੋਗਿਕ ਵਾਤਾਵਰਣ ਦੀ ਸਿਰਜਣਾ 'ਤੇ ਕੇਂਦ੍ਰਿਤ ਹੈ ਅਤੇ ਕਾਰੋਬਾਰ ਲਈ ਅਨੁਕੂਲ ਹੈ।

ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਦੀ ਯੋਗ ਅਗਵਾਈ ਹੇਠ ਪੰਜਾਬ ਸਰਕਾਰ ਦੀਆਂ ਉਦਯੋਗ ਪੱਖੀ ਨੀਤੀਆਂ, ਸੜਕਾਂ, ਰੇਲਵੇ ਅਤੇ ਹਵਾਈ ਮਾਰਗਾਂ ਦੇ ਮਾਮਲੇ ਵਿੱਚ ਪੰਜਾਬ ਦੀ ਵਧੀਆ ਕਨੈਕਟੀਵਿਟੀ, ਬਿਨਾਂ ਕਿਸੇ ਨਿਵਾਸ ਪਾਬੰਦੀਆਂ ਦੇ ਮਜ਼ਦੂਰਾਂ ਨਾਲ ਚੰਗੇ ਸਬੰਧ ਅਤੇ ਨਿਰਵਿਘਨ ਬਿਜਲੀ ਸਪਲਾਈ ਆਦਿ ਸੂਬੇ ਵਿੱਚ ਕਾਰੋਬਾਰ ਲਈ ਢੁਕਵਾਂ ਮਾਹੌਲ ਪ੍ਰਦਾਨ ਕਰਦੇ ਹਨ।

# ਸਿਹਤ ਵਿਭਾਗ ਨੇ ਸੀਤ ਲਹਿਰ ਤੋਂ ਬਚਣ ਲਈ ਐਡਵਾਈਜ਼ਰੀ ਕੀਤੀ ਜਾਰੀ

ਮੋਗਾ, 5 ਜਨਵਰੀ (ਪੋਸਟ ਬਿਊਰੋ): ਸੂਬੇ ਵਿੱਚ ਲਗਾਤਾਰ ਚੱਲ ਰਹੀ ਸੀਤ ਲਹਿਰ ਦੇ ਮੱਦੇਨਜ਼ਰ, ਪੰਜਾਬ ਵਿੱਚ ਤਾਪਮਾਨ ਵਿੱਚ ਗਿਰਾਵਟ ਦੇਖੀ ਜਾ ਰਹੀ ਹੈ ਅਤੇ ਠੰਢ ਦੇ ਲੰਬੇ ਸਮੇਂ ਤੱਕ ਸੰਪਰਕ ਵਿੱਚ ਰਹਿਣ ਨਾਲ ਕਈ ਬਿਮਾਰੀਆਂ ਜਿਵੇਂ ਫਲੂ, ਨੱਕ ਵਗਣਾ, ਹਾਈਪੋਥਰਮੀਆ, ਫਰੌਸਟਬਾਈਟ ਆਦਿ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਅਜਿਹੇ ਠੰਢੇ ਮੌਸਮ ਤੋਂ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਲਈ ਸਿਹਤ ਵਿਭਾਗ ਵੱਲੋਂ ਇੱਕ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ।



ਇਸ ਐਡਵਰਾਈਜ਼ਰੀ ਬਾਰੇ ਵਧੇਰੇ ਜਾਣਕਾਰੀ ਦਿੰਦਿਆਂ ਸਿਵਲ ਸਰਜਨ ਮੋਗਾ ਡਾ. ਤ੍ਰਿਪਤਪਾਲ ਸਿੰਘ ਸੰਧੂ ਨੇ ਦੱਸਿਆ ਕਿ ਠੰਡੀ ਲਹਿਰ ਦੇ ਦੌਰਾਨ ਜਿੰਨਾ ਸੰਭਵ ਹੋ ਸਕੇ ਘਰ ਦੇ ਅੰਦਰ ਰਹੋ ਅਤੇ ਠੰਡੀ ਹਵਾ ਦੇ ਸੰਪਰਕ ਨੂੰ ਰੋਕਣ ਲਈ ਯਾਤਰਾ ਨੂੰ ਘੱਟ ਤੋਂ ਘੱਟ ਕਰੋ। ਢਿੱਲੀ ਫਿਟਿੰਗ ਅਤੇ ਕੱਪੜੇ ਦੀਆਂ ਕਈ ਪਰਤਾਂ ਪਹਿਨੋ। ਤੰਗ ਕੱਪੜੇ ਖ਼ੂਨ ਦੇ ਗੇੜ ਨੂੰ ਘਟਾਉਂਦੇ ਹਨ। ਕੱਪੜਿਆਂ ਦੀ ਇੱਕ ਪਰਤ ਦੀ ਬਜਾਏ ਵਾਈਂਡਪਰੂਫ਼ ਗਰਮ ਉੱਨੀ ਮਲਟੀ-ਲੇਅਰ ਕੱਪੜੇ ਪਹਿਨੋ। ਸਿਰ, ਗਰਦਨ, ਹੱਥਾਂ ਅਤੇ ਪੈਰਾਂ ਦੀਆਂ ਉਂਗਲਾਂ ਨੂੰ ਢੁਕਵੇਂ ਢੰਗ ਨਾਲ ਢੱਕਣਾ ਚਾਹੀਦਾ ਹੈ ਕਿਉਂਕਿ ਜਿਆਦਾਤਰ ਸਰਦੀ ਜਾਂ ਗਰਮੀ ਦਾ ਨੁਕਸਾਨ ਸਰੀਰ ਦੇ ਇਨ੍ਹਾਂ ਅੰਗਾਂ ਰਾਹੀਂ ਹੁੰਦਾ ਹੈ। ਦਸਤਾਨੇ ਨਾਲੋਂ ਮਿਟਨ ਨੂੰ ਤਰਜੀਹ ਦਿਓ, ਮਿਟਨ ਵਧੇਰੇ ਨਿੱਘ ਅਤੇ ਇੰਸੂਲੇਸ਼ਨ ਪ੍ਰਦਾਨ ਕਰਦੇ ਹਨ। ਗਰਮੀ ਦੇ ਨੁਕਸਾਨ ਨੂੰ ਰੋਕਣ ਲਈ ਟੋਪੀਆਂ ਅਤੇ ਮਫ਼ਲਰ ਦੀ ਵਰਤੋਂ ਕਰੋ, ਇੰਸੂਲੇਟਡ/ਵਾਟਰਪਰੂਫ ਜੁੱਤੇ ਪਾਓ।

ਉਨ੍ਹਾਂ ਅੱਗੇ ਦੱਸਿਆ ਕਿ ਸਰੀਰ ਦੇ ਤਾਪਮਾਨ ਦੇ ਸੰਤੁਲਨ ਨੂੰ ਬਣਾਈ ਰੱਖਣ ਲਈ ਸਿਹਤਮੰਦ ਭੋਜਨ ਖਾਓ। ਲੋੜੀਂਦੀ ਰੋਗ ਪ੍ਰਤੀਰੋਧਕ ਸ਼ਕਤੀ ਬਣਾਈ ਰੱਖਣ ਲਈ ਵਿਟਾਮਿਨ-ਸੀ ਨਾਲ ਭਰਪੂਰ ਫਲ ਅਤੇ ਸਬਜ਼ੀਆਂ ਖਾਓ। ਗਰਮ ਤਰਲ ਪਦਾਰਥ ਨਿਯਮਿਤ ਤੌਰ 'ਤੇ ਪੀਓ, ਕਿਉਂਕਿ ਇਹ ਠੰਡੇ ਨਾਲ ਲੜਨ ਲਈ ਸਰੀਰ ਦੀ ਗਰਮੀ ਨੂੰ ਬਰਕਰਾਰ ਰੱਖੇਗਾ। ਆਪਣੀ ਚਮੜੀ ਨੂੰ ਨਿਯਮਤ ਤੌਰ 'ਤੇ ਤੇਲ, ਪੈਟਰੋਲੀਅਮ ਜੈਲੀ ਜਾਂ ਬਾਡੀ ਕ੍ਰੀਮ ਨਾਲ ਨਮੀ ਦਿਓ, ਬਜ਼ੁਰਗ ਲੋਕਾਂ ਅਤੇ ਬੱਚਿਆਂ ਦਾ ਖਾਸ ਧਿਆਨ ਰੱਖੋ।

ਠੰਡ ਦੇ ਲੱਛਣਾਂ ਜਿਵੇਂ ਕਿ ਠੰਡੇ ਦੀ ਲਹਿਰ ਦੇ ਸੰਪਰਕ ਵਿੱਚ ਆਉਣ ਵੇਲੇ, ਉਂਗਲਾਂ, ਪੈਰਾਂ ਦੀਆਂ ਉਂਗਲਾਂ, ਕੰਨਾਂ ਦੀਆਂ ਲੋਬਾਂ ਅਤੇ ਨੱਕ ਦੇ ਸਿਰੇ 'ਤੇ ਸੁੰਨ ਹੋਣਾ, ਚਿੱਟੇ ਜਾਂ ਫਿੱਕੇ ਦਿੱਖ ਦੇ ਲੱਛਣਾਂ ਦਾ ਧਿਆਨ ਰੱਖੋ।

ਉਨ੍ਹਾਂ ਅੱਗੇ ਦੱਸਿਆ ਕਿ ਸੀਤ ਲਹਿਰ ਦੇ ਗੰਭੀਰ ਸੰਪਰਕ ਨਾਲ ਹਾਈਪੋਥਰਮੀਆ ਹੋ ਸਕਦਾ ਹੈ। ਸਰੀਰ ਦੇ ਤਾਪਮਾਨ ਵਿੱਚ ਕਮੀ ਜਿਸ ਨਾਲ ਬੋਲਣ ਵਿੱਚ ਕੰਬਣੀ, ਨੀਂਦ ਆਉਣਾ, ਮਾਸਪੇਸ਼ੀਆਂ ਵਿੱਚ ਅਕੜਾਅ, ਸਾਹ ਲੈਣ ਵਿਚ ਔਖਿਆਈ ਹੋ ਸਕਦੀ ਹੈ। ਹਾਈਪੋਥਰਮੀਆ ਇੱਕ ਮੈਡੀਕਲ ਐਮਰਜੈਂਸੀ ਹੈ ਜਿਸ ਲਈ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਹੁੰਦੀ ਹੈ।

ਹਾਈਪੋਥਰਮੀਆ/ਫਰੌਸਟਬਾਈਟ ਤੋਂ ਪੀੜਤ ਕਿਸੇ ਵਿਅਕਤੀ ਲਈ ਜਿੰਨੀ ਜਲਦੀ ਹੋ ਸਕੇ ਡਾਕਟਰੀ ਸਹਾਇਤਾ ਲਓ।

ਉਨ੍ਹਾਂ ਦੱਸਿਆ ਕਿ ਕੰਬਣੀ ਨੂੰ ਨਜ਼ਰਅੰਦਾਜ਼ ਨਾ ਕਰੋ ਕਿਉਂਕਿ ਇਹ ਪਹਿਲੀ ਨਿਸ਼ਾਨੀ ਹੈ ਕਿ ਸਰੀਰ ਗਰਮੀ ਗੁਆ ਰਿਹਾ ਹੈ। ਸ਼ਰਾਬ ਦਾ ਸੇਵਨ ਨਾ ਕਰੋ ਕਿਉਂਕਿ ਇਹ ਤੁਹਾਡੇ ਸਰੀਰ ਦਾ ਤਾਪਮਾਨ ਘਟਾਉਂਦਾ ਹੈ ਅਤੇ ਹਾਈਪੋਥਰਮੀਆ ਦੇ ਜੋਖਮ ਨੂੰ ਵਧਾਉਂਦਾ ਹੈ।

ਸਿਵਲ ਸਰਜਨ ਨੇ ਮੋਗਾ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਸਿਹਤ ਵਿਭਾਗ ਦੀ ਇਸ ਅਡਵਾਈਜਰੀ ਨੂੰ ਜਰੂਰ ਅਮਲ ਵਿੱਚ ਲਿਆਉਣ ਤਾਂ ਕਿ ਠੰਢ ਵਿੱਚ ਲੱਗਣ ਵਾਲੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ।

# ਗੁਰਦੁਆਰਾ ਅਗਾੜਾ ਪਿਛਾੜਾ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮਨਾਇਆ



ਤਰਨ ਤਾਰਨ, 5 ਜਨਵਰੀ (ਪੋਸਟ ਬਿਊਰੋ): ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਇਤਿਹਾਸਕ ਅਸਥਾਨ ਗੁਰਦੁਆਰਾ ਅਗਾੜਾ ਪਿਛਾੜਾ ਪਾਤਸ਼ਾਹੀ ਪੰਜਵੀਂ ਪਿੰਡ ਜੀਓਬਾਲਾ ਵਿਖੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਪੂਰਨ ਸ਼ਰਧਾ ਨਾਲ ਸਤਿਕਾਰ ਸਹਿਤ ਕਾਰਸੇਵਾ ਵਾਲੇ ਸੰਤ ਮਹਾਂਪੁਰਸ਼ ਬਾਬਾ ਗੁਰਪਿੰਦਰ ਸਿੰਘ ਗੁਰਸਰ ਸਤਲਾਣੀ ਵਾਲਿਆਂ ਵਲੋਂ ਸੰਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਪੱਧਰ ਤੇ ਮਨਾਇਆ ਗਿਆ।

ਇਸ ਮੌਕੇ ਸੰਗਤਾਂ ਨਾਲ ਭਰੇ ਵਿਸ਼ੇਸ਼ ਦੀਵਾਨ ਵਿੱਚ ਬੁੱਢਾ ਦਲ ਦੇ ਸਕੱਤਰ ਦਲਜੀਤ ਸਿੰਘ ਬੇਦੀ ਨੇ ਇਸ ਅਸਥਾਨ ਦੀ ਇਤਿਹਾਸਕ ਮਹੱਤਤਾ ਸੰਗਤਾਂ ਨਾਲ ਸਾਂਝੀ ਕੀਤੀ। ਉਨ੍ਹਾਂ ਕਿਹਾ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਬਾਬਾ ਬਲਬੀਰ ਸਿੰਘ 96 ਕਰੋੜੀ ਵਲੋਂ 12-13-14 ਮਾਰਚ ਨੂੰ ਸਮੂਹ ਪੰਥਕ ਸੰਸਥਾਵਾਂ, ਸਭਾਵਾਂ ਦੇ ਸਹਿਯੋਗ ਨਾਲ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਛੇਵੇਂ ਮੁਖੀ ਖਾਲਸਾ ਰਾਜ ਦੇ ਰਾਖੇ ਤੇ ਅਰਦਾਸੇ ਦੇ ਪਹਿਰੇਦਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਤਤਕਾਲੀ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਜੀ ਦੀ ਦੂਜੀ ਸ਼ਹੀਦੀ ਸ਼ਤਾਬਦੀ ਸ਼੍ਰੋਮਣੀ ਕਮੇਟੀ ਦੇ ਸਹਿਯੋਗ ਨਾਲ ਮਨਾਈ ਜਾਏਗੀ।

ਉਨ੍ਹਾਂ ਕਿਹਾ ਕਿ ਇਸ ਸ਼ਤਾਬਦੀ ਦੇ ਸਮਾਗਮ ਗੁਰਦੁਆਰਾ ਬੁਰਜ ਅਕਾਲੀ ਬਾਬਾ ਫੂਲਾ ਸਿੰਘ ਅਤੇ ਗੁ: ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਦਰਬਾਰ ਸਾਹਿਬ ਵਿਖੇ ਹੋਣਗੇ। ਉਨ੍ਹਾਂ ਸੰਗਤਾਂ ਨੂੰ ਇਨ੍ਹਾਂ ਸਮਾਗਮਾਂ ਵਿੱਚ ਵੱਧ ਚੜ੍ਹ ਕੇ ਸਮੂਲੀਅਤ ਕਰਨ ਲਈ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਬਾਬਾ ਗੁਰਪਿੰਦਰ ਸਿੰਘ ਤੇ ਬਾਬਾ ਇੰਦਰਬੀਰ ਸਿੰਘ ਸੰਗਤਾਂ ਦੇ ਸਹਿਯੋਗ ਨਾਲ ਗੁ: ਅਗਾੜਾ ਪਿਛਾੜਾ ਵਿਖੇ ਇਮਾਰਤਾਂ ਦੀ ਉਸਾਰੀ ਲਈ ਘਾਲਣਾ ਘਾਲ ਰਹੇ ਹਨ। ਉਨ੍ਹਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਬਾਬਾ ਗੁਰਪਿੰਦਰ ਸਿੰਘ ਨੂੰ ਕਾਰ ਸੇਵਾ ਲਈ ਵੱਧ ਤੋਂ ਵੱਧ ਸਹਿਯੋਗ ਦਿਤਾ ਜਾਵੇ।

ਇਸ ਮੌਕੇ ਰਾਗੀਆਂ ਕਵੀਆਂ, ਪ੍ਰਚਾਰਕਾਂ ਨੇ ਗੁਰਬਾਣੀ ਤੇ ਸਿੱਖ ਇਤਿਹਾਸ ਸੰਗਤਾਂ ਨਾਲ ਗਿਆਨੀ ਸਤਨਾਮ ਸਿੰਘ ਢਾਡੀ ਲਾਲਪੁਰਾ, ਗਿਆਨੀ ਅਮਰਜੀਤ ਸਿੰਘ ਸਭਰਾ ਕਵੀਸ਼ਰ, ਬਾਬਾ ਗੁਰਦੀਪ ਸਿੰਘ ਖਜਾਲੇ ਵਾਲੇ, ਭਾਈ ਤਰਸੇਮ ਸਿੰਘ ਬੁੱਢਾ ਕੋਟ ਨੇ ਸਾਂਝਾ ਕੀਤਾ। ਸੰਤ ਬਾਬਾ ਗੁਰਪਿੰਦਰ ਸਿੰਘ ਸਤਲਾਣੀ ਸਾਹਿਬ ਜੋ ਗੁਰਦੁਆਰਾ ਅਗਾੜਾ ਪਿਛਾੜਾ ਦੀ ਕਾਰਸੇਵਾ ਕਰਵਾ ਰਹੇ ਹਨ ਅਈਆਂ ਸੰਗਤਾਂ ਦਾ ਧੰਨਵਾਦ ਕੀਤਾ। ਵਿਸ਼ੇਸ਼ ਤੌਰ ਤੇ ਬਾਬਾ ਗੱਜਣ ਸਿੰਘ ਤਰਨਾ ਦਲ ਬਾਬਾ ਬਕਾਲਾ, ਬਾਬਾ ਅਵਤਾਰ ਸਿੰਘ ਬਿਧੀ ਚੰਦ ਸਪਰਦਾ ਤਰਨਾ ਦਲ, ਬਾਬਾ ਕੁਲਦੀਪ ਸਿੰਘ ਹਜ਼ੂਰ ਸਾਹਿਬ, ਬਾਬਾ ਸੁਖਦੇਵ ਸਿੰਘ ਸੁੱਖਾ ਭੂਰੀ ਵਾਲੇ, ਬਾਬਾ ਵੀਰ ਸਿੰਘ ਜੀਓਬਾਲਾ, ਬਾਬਾ ਗੁਰਦੇਵ ਸਿੰਘ ਭੱਟੀ, ਬਾਬਾ ਮਨਜਿੰਦਰ ਸਿੰਘ ਲਾਲਪੁਰਾ ਵਧਾਇਕ, ਬਾਬਾ ਹੀਰਾ ਸਿੰਘ ਠੱਠਾ, ਬਾਬਾ ਅਵਤਾਰ ਸਿੰਘ ਧੱਤਲਾਂਵਾਲੇ, ਭਾਈ ਕੁਲਵਿੰਦਰ ਸਿੰਘ, ਬਾਬਾ ਸੁਲੱਖਣ ਸਿੰਘ ਪੰਜਵੜ, ਇੰਦਰਪਾਲ ਸਿੰਘ ਫੌਜੀ ਹਜ਼ੂਰ ਸਾਹਿਬ, ਪਰਮਜੀਤ ਸਿੰਘ ਬਾਜਵਾ ਮੈਨੇਜ਼ਰ ਆਦਿ ਹਾਜ਼ਰ ਹੋਏ।

# ਵਧੀਕ ਡਿਪਟੀ ਕਮਿਸ਼ਨਰ ਰਾਹੁਲ ਚਾਬਾ ਵਲੋਂ ਜ਼ਿਲ੍ਹਾ ਹੈਂਡਲੂਮ ਐਕਸਪੋ ਦਾ ਉਦਘਾਟਨ



ਲੁਧਿਆਣਾ, 5 ਜਨਵਰੀ (ਪੋਸਟ ਬਿਊਰੋ): ਵਧੀਕ ਡਿਪਟੀ ਕਮਿਸ਼ਨਰ (ਜਨਰਲ) ਰਾਹੁਲ ਚਾਬਾ ਵਲੋਂ ਜ਼ਿਲ੍ਹਾ ਹੈਂਡਲੂਮ ਐਕਸਪੋ ਦਾ ਉਦਘਾਟਨ ਕੀਤਾ ਗਿਆ ਜਿਹੜਾ ਕਿ ਭਾਰਤ ਸਰਕਾਰ ਦੇ ਕੱਪੜਾ ਮੰਤਰਾਲਾ, ਡਿਵੈਲਪਮੈਂਟ ਕਮਿਸ਼ਨਰ (ਹੈਂਡਲੂਮ) ਅਧੀਨ ਵੀਵਰਜ ਸਰਵਿਸ ਸੈਂਟਰ, ਪਾਣੀਪਤ ਵੱਲੋਂ ਜ਼ਿਲ੍ਹਾ ਉਦਯੋਗ ਕੇਂਦਰ (ਡੀ.ਆਈ.ਸੀ), ਲੁਧਿਆਣਾ ਦੇ ਤਾਲਮੇਲ ਨਾਲ 5 ਜਨਵਰੀ ਤੋਂ 10 ਜਨਵਰੀ 2023 ਤੱਕ ਪੰਜਾਬ ਟਰੇਡ ਸੈਂਟਰ, ਐਸ.ਬੀ.ਆਈ. ਬਿਲਡਿੰਗ ਦੇ ਨਾਲ, ਮੰਜੂ ਸਿਨੇਮਾ ਨੇੜੇ, ਮਿਲਰਗੰਜ, ਲੁਧਿਆਣਾ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ।

ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਜ਼ਿਲ੍ਹਾ ਹੈਂਡਲੂਮ ਐਕਸਪੋ ਵਿੱਚ ਵੱਖ-ਵੱਖ ਹੈਂਡਲੂਮ ਉਤਪਾਦਾਂ ਦੇ ਡਿਸਪਲੇ-ਕਮ ਸੇਲ ਉਦੇਸ਼ ਲਈ 25 ਵਿਸ਼ੇਸ਼ ਸਟਾਲ ਸਥਾਪਤ ਕੀਤੇ ਗਏ ਹਨ ਜਿਨ੍ਹਾਂ ਵਿੱਚ ਦਰੀ/ਚਟਾਈ/ ਗਲੀਚੇ/ਬੈਂਡ ਦੀਆਂ ਚੱਦਰਾਂ/ਸ਼ਾਲਾਂ ਆਦਿ ਸ਼ਾਮਲ ਹਨ।






# ਲੇਖਾ-ਜੋਖਾ 2022: ਪੰਜਾਬ ਦੇ ਗਵੱਈਆਂ ਤੇ ਭਾਰੀ ਰਿਹਾ 2022 ਦਾ ਵਰ੍ਹਾ

-ਮਨਜਿੰਦਰ ਸਿੰਘ ਸਰੌਦ

### ਲੰਘੇ ਵਰ੍ਹੇ ਲੱਚਰਤਾ ਭਰਪੂਰ ਗੀਤਾਂ ਤੋਂ ਕਲਾਕਾਰਾਂ ਨੇ ਵੱਟਿਆ ਪਾਸਾ

ਹਰ ਵਾਰ ਦੀ ਤਰ੍ਹਾਂ ਬਾਕੀ ਵਰ੍ਹਿਆਂ ਵਾਂਗ 2022 ਵੀ ਸਾਡੇ ਤੋਂ 'ਅਛੋਪਲੇ' ਜਿਹੇ ਮੂੰਹ ਭੁਆ ਕੇ ਆਪਣੀਆਂ ਖੱਟੀਆਂ-ਮਿੱਠੀਆਂ ਯਾਦਾਂ ਨੂੰ ਕਲਾਵੇ ਵਿੱਚ ਲੈਂਦਿਆਂ ਤੁਰ ਚੱਲਿਐ । ਹਰ ਵਰ੍ਹੇ ਕਿਸੇ ਨਾ ਕਿਸੇ ਖੇਤਰ ਦੇ ਵਿਚ ਕਾਫ਼ੀ ਕੁਝ ਅਜਿਹਾ ਹੁੰਦਾ ਹੈ ਜਿਸ ਨੂੰ ਵੇਖ ਆਪਣੇ ਆਵਾਮ ਅਤੇ ਸਮਾਜ ਦਾ ਭਲਾ ਚਾਹੁਣ ਵਾਲਿਆਂ ਦੇ ਮੱਥੇ ਤੇ ਚਿੰਤਾ ਦੀਆਂ ਤਿਊੜੀਆਂ ਉਭਰੀਆਂ ਲਾਜ਼ਮੀ ਹੋ ਜਾਂਦੀਆਂ ਹਨ । ਜਿੱਥੇ ਲੰਘ ਚੁੱਕੇ ਵਰ੍ਹੇ ਦੌਰਾਨ ਬਾਕੀ ਖੇਤਰਾਂ ਅੰਦਰ ਕਾਫੀ ਉਲਟਫੇਰ ਵੇਖਿਆ ਗਿਆ । ਉਥੇ ਹੀ ਕਲਾ ਦੇ ਖੇਤਰ ਲਈ ਇਹ ਵਰ੍ਹਾ ਬੇਹੱਦ ਮਾੜਾ ਗਿਣਿ-ਆ ਗਿਆ । ਕਈ ਵੱਡੇ ਕਲਾਕਾਰ ਪਿਛਲੇ ਦਿਨੀਂ ਆਪਣੇ ਚਾਹੁਣ ਵਾਲਿਆਂ ਨੂੰ ਸਦੀਵੀ ਵਿਛੋੜਾ ਦੇ ਗਏ ਅਤੇ ਕਈਆਂ ਨੂੰ ਸਰਕਾਰਾਂ ਨੇ ਆਪਣੇ ਮੱਕੜ ਜਾਲ ਵਿੱਚ ਉਲਝਾ ਲਿਆ । ਬਹੁਤੇ ਕਲਾਕਾਰਾਂ ਦੇ ਗੀਤ ਆਏ ਅਤੇ ਗਏ ਪਰ ਆਮ ਜਨਤਾ ਅੰਦਰ ਕੋਈ ਖਾਸ ਪਛਾਣ ਨਾ ਬਣਾ ਸਕੇ । ਕਲਕਾਰੀ ਦੇ ਖੇਤਰ ਨੂੰ ਅਸੀਂ ਇਸ ਲਈ ਅਹਿਮ ਗਿਣਦੇ ਹਾਂ ਕਿਉਂਕਿ ਕਲਾਕਾਰ ਜਿੱਥੇ ਸਮਾਜਿਕ ਸਰੋਕਾਰਾਂ ਲਈ 'ਸੂਖਮਭਾਵੀ' ਹੁੰਦੇ ਹਨ ਉਥੇ ਹੀ ਉਨ੍ਹਾਂ ਨੂੰ ਸਮਾਜ ਦਾ ਸੀਸਾ ਵੀ ਮੰਨਿਆ ਜਾਂਦਾ । ਇਹ ਵਿਸ਼ਾ ਵੱਖਰਾ ਹੈ ਕਿ ਚਕਾਚੌਂਧ ਭਰੀ ਜ਼ਿੰਦਗੀ ਨੂੰ ਆਧਾਰ ਬਣਾ ਕੇ ਕਿ ਮਾਰੀ ਪਲਟੀ ਨਾਲ ਕਲਾਕਾਰੀ ਖੇਤਰ ਦੇ ਵਿੱਚ ਆਈ ਗਿਰਾਵਟ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ।

15 ਫ਼ਰਵਰੀ 2022 ਨੂੰ ਪੰਜਾਬੀ ਫਿਲਮ ਅਦਾਕਾਰੀ ਦੇ ਖੇਤਰ ਦਾ 'ਟਹਿਕਦਾ ਜੁਗਨੂੰ' ਦੀਪ ਸਿੱਧੂ ਦਿੱਲੀ ਤੋਂ ਵਾਪਸ ਪਰਤਦੇ ਸਮੇਂ ਇੱਕ ਸੜਕ ਹਾਦਸੇ ਵਿੱਚ ਸਦਾ ਲਈ ਖਾਮੋਸ਼ ਹੋ ਗਿਆ । ਕਲਾ ਦੇ ਖੇਤਰ ਅੰਦਰ ਦੀਪ ਸਿੱਧੂ ਦੀਆਂ ਪਾਈਆਂ ਪੈੜਾਂ ਲੰਮਾ ਸਮਾਂ 'ਤਵਾਰੀਖ ਦੇ ਚੇਤਿਆਂ' ਦਾ ਹਿੱਸਾ ਬਣੀਆਂ ਰਹਿਣਗੀਆਂ। ਕਿਸਾਨੀ ਸੰਘਰਸ਼ ਦੌਰਾਨ ਚਰਚਿਤ ਚਿਹਰਾ ਬਣ ਕੇ ਉਭਰੇ ਦੀਪ ਸਿੱਧੂ ਨੇ ਜੋਰਾ 10 ਨੰਬਰੀਆ ਵਰਗੀਆਂ ਕਈ ਪੰਜਾਬੀ ਫ਼ਿਲਮਾਂ ਵਿੱਚ ਚੰਗਾ ਕਿਰਦਾਰ ਨਿਭਾ ਕੇ ਆਪਣੇ ਸਰੋਤਿਆਂ ਦੇ ਦਿਲਾਂ ਦੇ ਦਿਲਾਂ ਤੇ ਵੱਖਰੀ ਛਾਪ ਛੱਡੀ । ਪੰਜਾਬੀ ਫ਼ਿਲਮ ਨਿਰਦੇਸ਼ਕ ਅਮਰਦੀਪ ਸਿੰਘ ਗਿੱਲ ਨਾਲ ਦੀਪ ਸਿੱਧੂ ਦੀ ਜੋੜੀ ਪੰਜਾਬੀ ਸਿਨੇਮੇ ਦੇ ਅੰਦਰ ਕੁਝ ਵੱਖਰਾ ਕਰਨ ਲਈ ਯਤਨਸ਼ੀਲ ਸੀ ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜੂਰ ਸੀ ਕਿ ਇਹ ਫ਼ਨਕਾਰ ਸਾਥੋਂ ਸਦਾ ਲਈ ਵਿਛੜ ਗਿਆ । ਦੀਪ ਸਿੱਧੂ ਦੀ ਜ਼ਿੰਦਗੀ ਦੇ ਆਖ਼ਰੀ ਦਿਨਾਂ ਅੰਦਰ ਉਸ ਨੇ ਪੰਜਾਬ ਵਿਧਾਨ ਸਭਾ ਚੋਣਾਂ ਮੌਕੇ ਹਲਕਾ ਅਮਰਗੜ੍ਹ ਦੀ ਚੋਣ ਨੂੰ ਵਿਸ਼ਵ ਪੱਧਰ ਤੇ ਖਿੱਚ ਦਾ ਕੇਂਦਰ ਬਣਾ ਦਿੱਤਾ ਸੀ ਦੀਪ ਸਿੱਧੂ ਦੇ ਚਹੇਤੇ ਅੱਜ ਵੀ ਉਸ ਦੀਆਂ ਯਾਦਾਂ ਨੂੰ ਕਿਸੇ 'ਸੋਹਣੇ ਸੱਜਣ' ਦੇ ਗਹਿਣੇ ਵਾਂਗਰਾਂ ਸਾਂਭੀ ਬੈਠੇ ਹਨ।

ਪੰਜਾਬੀ ਗਾਇਕੀ ਅਤੇ ਗੀਤਕਾਰੀ ਦੇ ਖੇਤਰ ਦੇ ਬੁਲੰਦ ਜਜ਼ਬਿਆਂ ਦਾ ਪ੍ਰਤੀਕ ਮੰਨੇ ਜਾਂਦੇ ਸਿੱਧੂ ਮੂਸੇਵਾਲਾ ਦੀ 29 ਮਈ ਨੂੰ ਹੋਈ ਦਰਦਨਾਕ ਮੌਤ ਨੇ ਪੰਜਾਬੀ ਮਾਂ ਬੋਲੀ ਦੇ ਉਪਾਸ਼ਕਾਂ ਨੂੰ ਬੁਰੀ ਤਰ੍ਹਾਂ 'ਝੰਭ' ਸੁੱਟਿਆ । ਇਹ ਪੰਜਾਬੀ ਕਲਾ ਦੇ ਖੇਤਰ ਤੇ ਦੂਜੀ ਵੱਡੀ ਸੱਟ ਸੀ । ਸਿੱਧੂ ਮੂਸੇਵਾਲਾ ਨੇ ਆਪਣੀ ਗਾਇਕੀ ਦੇ ਸਫ਼ਰ ਨੂੰ ਕੈਨੇਡਾ ਦੀ ਧਰਤੀ ਤੋਂ ਸ਼ੁਰੂ ਕਰਨ ਉਪਰੰਤ ਪੰਜਾਬ ਆ ਕੇ ਸਿਰੇ ਦੀਆ ਸਫਲਤਾਵਾਂ ਹਾਸਲ ਕੀਤੀਆਂ । ਇਸ ਹੋਣਹਾਰ ਨੌਜਵਾਨ ਗਾਇਕ ਦੇ ਗਾਏ ਗੀਤ ਪੂਰੀ ਦੁਨੀਆਂ ਦੇ ਅਸਮਾਨ ਤੇ ਸੁੱਚੇ ਮੋਤੀਆਂ ਦੀ ਤਰ੍ਹਾਂ ਚਮਕੇ । ਸਿੱਧੂ ਮੂਸੇ ਵਾਲੇ ਦੀ ਦਿਲੀ ਇੱਛਾ ਸੀ ਅਤੇ ਉਹ ਅਕਸਰ ਕਹਿੰਦਾ ਸੀ ਕਿ ਉਸ ਨੇ ਆਪਣੇ ਇਲਾਕੇ ਮਾਨਸਾ ਦੇ ਮੱਥੇ ਤੇ ਪਛੜੇਪਣ ਦੇ ਕਲੰਕ ਨੂੰ ਮਿਟਾਉਣ ਦੇ ਲਈ ਸਿਆ-ਸਤ ਵਿੱਚ ਪੈਰ ਧਰਿਆ,ਪਰ ਇਹ ਚੰਦਰੀ ਸਿਆਸਤ ਵੀ ਉਸ ਨੂੰ ਰਾਸ ਨਾ ਆਈ । ਅੰਤ ਲੱਖਾਂ ਨੌਜਵਾਨਾਂ ਦੇ ਦਿਲਾਂ ਤੇ ਰਾਜ ਕਰਨ ਵਾਲਾ ਇਹ ਕਲਾਕਾਰ ਪੰਜਾਬ ਦੀਆਂ ਜੜ੍ਹਾਂ ਤੱਕ ਫੈਲੇ ਗੈਂਗਸਟਰਵਾਦ ਦੀ ਭੇਟ ਚੜ੍ਹ ਗਿਆ । ਸਿੱਧੂ ਮੂਸੇਵਾਲਾ ਦੀ ਮੌਤ ਤੋਂ ਬਾਅਦ ਅੱਜ ਤਕ ਕਿੰਨੀਆਂ ਹੀ ਸੇਜਲ ਅੱਖਾਂ ਉਸ ਦੇ ਵੈਰਾਗ ਵਿਚ ਵਿਚ ਹੰਝੂ ਕੇਰ ਰਹੀਆਂ ਹਨ । ਯੁਗਾ ਜੁਗੰਤਰਾ ਬਾਅਦ ਪੈਦਾ ਹੁੰਦੇ ਨੇ ਅਜਿਹੇ ਕਲਾਕ-ਾਰ।

ਪੰਜਾਬੀ ਗਾਇਕੀ ਦੇ ਖੇਤਰ ਅੰਦਰ ਦੋਗਾਣਾ ਜੋੜੀਆਂ ਦਾ ਲੰਬਾ ਸਮਾਂ ਬੋਲਬਾਲਾ ਰਿਹਾ ਅਤੇ ਕਈ ਦੋਗਾਣਾ ਜੋੜੀਆਂ ਨੇ ਦਹਾਕਿਆਂ ਬੱਧੀ ਲੋਕ ਮਨਾਂ ਤੇ ਰਾਜ ਕੀਤਾ । ਸਵਰਗੀ ਮਨਜੀਤ ਰਾਹੀ ਅਤੇ ਦਲਜੀਤ ਕੌਰ ਦੀ ਜੋੜੀ ਨੇ ਪੰਜਾਬ ਦੇ ਵਿਆਹਾਂ ਤੋਂ ਲੈ ਕੇ ਸਭਿਆਚਾਰਕ ਮੇਲਿਆਂ ਤੱਕ ਨਵੀਆਂ ਲੀਹਾਂ ਨੂੰ ਜਨਮ ਦਿੱਤਾ । ਦੋਗਾਣਾ ਜੋੜੀ ਟੁੱਟਣ ਤੋਂ ਬਾਅਦ ਮਨਜੀਤ ਰਾਹੀ ਪੰਜਾਬ ਦੇ ਅਮਲੋਹ ਸ਼ਹਿਰ ਦੇ ਲਾਗਲੇ ਪਿੰਡ ਮਾਜਰੀ ਅੰਦਰ ਮੰਦਹਾਲੀ ਭਰੀ ਜ਼ਿੰਦਗੀ ਦੀ ਦਿਨ-ਕਟੀ ਕਰਨ ਤੋਂ ਬਾਅਦ ਇਸ ਸੰਸਾਰ ਤੋਂ ਕੂਚ ਕਰ ਗਿਆ । ਮਨਜੀਤ ਰਾਹੀ ਦੇ ਗਾਏ ਗੀਤ ਅੱਜ ਵੀ 2 ਪੀੜ੍ਹੀਆਂ ਦੇ ਦਿਲਾਂ ਦਾ ਸ਼ਿਗਾਰ ਹਨ । ਇਹ ਕਲਾਕਾਰ ਵੀ 2022 ਦੌਰਾਨ ਸਦੀਵੀ ਵਿਛੋੜਾ ਦੇ ਗਿਆ । ਕਿਸੇ ਸਮੇਂ ਪੱਛਮੀ ਬੰਗਾਲ ਦੇ ਸਿਲੀਗੁੜੀ ਵਿੱਚ ਜਨਮ ਲੈ ਕੇ ਪੰਜਾਬੀ ਫਿਲਮਾਂ ਦੀ ਰਕਾਨ ਕਹਾਉਣ ਵਾਲੀ ਸੋਹਣੀ ਸੁਨੱਖੀ ਮੁਟਿਆਰ ਦਲਜੀਤ ਕੌਰ ਗੁੰਮਨਾਮੀ ਦੀਆਂ ਘੁੰਮਣ-ਘੇਰੀਆਂ ਨਾਲ ਖਹਿੰਦੀ ਹੋਈ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਗੁਰੂਸਰ ਸੁਧਾਰ ਵਿਖੇ ਇਸ ਸੰਸਾਰ ਨੂੰ ਅਲਵਿਦਾ ਆਖ ਗਈ । ਉੱਚ ਕੋਟੀ ਦੀ ਪੜ੍ਹੀ-ਲਿਖੀ ਦਲਜੀਤ ਕੌਰ ਅਤੇ ਪੰਜਾਬੀ ਫਿਲਮਾਂ ਦੇ ਹੀਰੋ ਵਰਿੰਦਰ ਦੀ ਜੋੜੀ ਦੀ ਕਿਸੇ ਸਮੇਂ ਵੀ ਚਰਚਾ ਹੁੰਦੀ ਸੀ।

ਦਲਜੀਤ ਕੌਰ ਨੇ ਆਪਣੇ ਫ਼ਿਲਮੀ ਜੀਵਨ ਦੌਰਾਨ ਵੱਡੀ ਗਿਣਤੀ ਵਿੱਚ ਹਿੱਟ ਫ਼ਿਲਮਾਂ ਪੰਜਾਬੀ ਸਿਨੇਮੇ ਨੂੰ ਦਿੱਤੀਆਂ ਸਨ ਪਰ ਆਪਣੇ ਜੀਵਨ ਸਾਥੀ ਦੀ ਮੌਤ ਤੋਂ ਬਾਅਦ ਉਹ ਬੁਰੀ ਤਰਾਂ ਟੁੱਟ ਗਈ । ਦਲਜੀਤ ਕੌਰ ਦੇ ਆਪਣੀ ਕੋਈ ਔਲਾਦ ਨਾ ਹੋਣ ਕਾਰਨ ਉਸ ਨੇ ਆਪਣੀ ਜ਼ਿੰਦਗੀ ਦੇ ਪਿਛਲੇ ਪੱਖ ਨੂੰ ਮੁੰਬਈ ਵਿਖੇ ਬਿਤਾਉਣ ਤੋਂ ਬਾਅਦ ਪੰਜਾਬ ਆ ਕੇ ਆਪਣੇ ਸਰੋਤਿਆਂ ਨਾਲੋਂ ਹਮੇਸ਼ਾਂ ਲਈ ਨਾਤਾ ਤੋੜ ਲਿਆ । ਬਿਨਾਂ ਸ਼ੱਕ ਦਲਜੀਤ ਕੌਰ ਦੇ ਪੰਜਾਬੀ ਸਿਨਮੇ ਅੰਦਰ ਪਾਏ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ ਪਰ ਇਹ ਵਰ੍ਹਾ ਉਸ ਤੇ ਵੀ ਭਾਰੀ ਰਿਹਾ । ਨਾਮੀ ਗਾਇਕ ਗੁਰਮੀਤ ਸਣੇ ਕਈ ਹੋਰ ਪੁਰਾਣੇ ਕਲਾਕਾਰਾਂ ਦੇ ਵਿਛੋੜੇ ਨੇ ਪੰਜਾਬੀ ਸੰਗੀਤ ਇੰਡਸਟਰੀ ਨੂੰ ਧੁਰ ਅੰਦਰੋਂ ਹਿਲਾ ਕੇ ਰੱਖ ਦਿੱਤਾ । 2022 ਦੌਰਾਨ ਹੀ ਬਹੁਤੇ ਕਲਾਕਾਰਾਂ ਦੇ ਗੀਤ ਆਏ ਗਏ ਅਤੇ ਗਏ ਦੀ ਲੀਹ ਤੇ ਚਲਦਿਆਂ ਲੋਕ ਜੁਬਾਨ ਦਾ ਰਸ ਨਾ ਮਾਣ ਸਕੇ । ਕਈ ਚੰਗੇ ਕਲਾਕਾਰਾਂ ਦੇ ਗੀਤ ਵੀ ਲੋਕਾਂ ਨੇ ਨਕਾਰ ਦਿੱਤੇ । ਪੰਜਾਬੀ ਸੰਗੀਤ ਇੰਡਸਟਰੀ ਵਿਚ ਭਾਵੇਂ ਇਸ ਸਮੇਂ ਦਰਜਨ ਦੇ ਕਰੀਬ ਕਲਾਕਾਰਾਂ ਨੇ ਪੈਸੇ ਖਰਚ ਕੇ ਆਪਣੀ ਵੱਖਰੀ ਥਾਂ ਬਣਾਉਣ ਲਈ ਹੱਥ-ਪੈਰ ਜ਼ਰੂਰ ਮਾਰੇ ਪਰ ਉਨ੍ਹਾਂ ਦੀ ਵੀ ਗੱਲ ਨਾ ਬਣ ਸਕੀ । ਕਈਆਂ ਦੇ ਗਾਏ ਗੀਤ ਤਾਂ ਮਸ਼ਹੂਰੀ ਜੋਗਾ ਪੈਸਾ ਵੀ ਨਾ ਬਣਾ ਸਕੇ।

ਕਈ ਪੰਜਾਬੀ ਗਾਇਕਾਂ ਨੇ ਇਸ ਵਰੇ ਗੀਤਾਂ ਵਿੱਚ ਬੁਰੀ ਤਰ੍ਹਾਂ ਮਾਰ ਖਾਣ ਤੋਂ ਬਾਅਦ ਪੰਜਾਬੀ ਫ਼ਿਲਮਾਂ ਅੰਦਰ ਹੱਥ ਅਜਮਾਉਣ ਦੀ ਕੋਸ਼ਿਸ਼ ਕੀਤੀ ਪਰ ਉਥੇ ਵੀ ਕੁਝ ਪੱਲੇ ਨਾ ਪਿਆ ਅਤੇ ਕਰਜਾਈ ਹੋ ਕੇ ਰਾਜਸਥਾਨ ਦੇ ਟਿੱਬਿਆਂ ਵੱਲ ਅੱਕੀਂ ਪਲਾਹੀਂ ਹੱਥ ਮਾਰਦੇ ਵੇਖੇ ਗਏ । ਹਾਂ ਕਈ ਸਦਾ ਬਹਾਰ ਗਾਇਕ ਗੁਰਦਾਸ ਮਾਨ, ਪੰਮੀ ਬਾਈ,ਸਤਿੰ-ਦਰ ਸਰਤਾਜ, ਦਲਜੀਤ ਦੁਸਾਂਝ ਗਿੱਪੀ ਗਰੇਵਾਲ, ਸੁਖਵਿੰਦਰ ਸੁੱਖੀ, ਹਰਜੀਤ ਹਰਮਨ, ਹਰਭਜਨ ਮਾਨ, ਰਵਿੰਦਰ ਗਰੇਵਾਲ, ਰਣਜੀਤ ਬਾਵਾ, ਕੰਵਰ ਗਰੇਵਾਲ, ਰਾਜ ਕਾਕੜਾ ਆਦਿ ਵੱਲੋਂ ਆਪਣੇ ਗੀਤਾਂ ਰਾਹੀਂ ਭਰਵੀਂ ਹਾਜ਼ਰੀ ਲਵਾ ਕੇ ਦਰਸ਼ਕਾਂ ਦੇ ਚੇਤਿਆਂ ਵਿੱਚ ਵਸਣ ਦਾ ਯਤਨ ਜ਼ਰੂਰ ਕੀਤਾ ਗਿਆ । ਇਸ ਵਰ੍ਹੇ ਇਕ ਗੱਲ ਪੰਜਾਬੀ ਸੰਗੀਤ ਜਗਤ ਅੰਦਰ ਅਹਿਮ ਰਹੀ ਕਿ ਕਈ ਕਲਾਕਾਰਾਂ ਵੱਲੋਂ ਲੱਚਰਤਾ ਭਰਪੂਰ ਗੀਤਾਂ ਤੋਂ ਦੂਰੀ ਬਣਾ ਕੇ ਕੁਝ ਚੰਗਾ ਕਰਨ ਨੂੰ ਪਹਿਲ ਦਿੰਦਿਆਂ ਕਾਫ਼ੀ ਕੁਝ ਵੱਖਰਾ ਕਰਨ ਦਾ ਯਤਨ ਕੀਤਾ ਗਿਆ ਜਿਸਨੂੰ ਕਾਬਲੇ-ਤਰੀਫ਼ ਆਖਿਆ ਜਾ ਸਕਦਾ ਹੈ । ਇਸ ਵਰ੍ਹੇ ਦੇ ਆਖਰੀ ਦਿਨਾਂ ਦੌਰਾਨ ਕੇਂਦਰੀ ਏਜੰਸੀ ਇਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਵੱਲੋਂ ਕਈ ਨਾਮਵਰ ਪੰਜਾਬੀ ਕਲਾਕਾਰਾਂ ਦੇ ਘਰਾਂ ਤੇ ਮਾਰੇ ਛਾਪਿਆਂ ਦੀ ਚਰਚਾ ਕਈ ਦਿਨ ਹੁੰਦੀ ਰਹੀ । ਕੁੱਲ ਮਿਲਾ ਕੇ 2022 ਦਾ ਵਰ੍ਹਾ ਪੰਜਾਬੀ ਗਾਇਕੀ ਦੇ ਖੇਤਰ ਅੰਦਰ ਕਲਾਕਾਰਾਂ ਦੇ ਲੱਚਰਤਾ ਤੋਂ ਪਾਸਾ ਵੱਟਣ ਦੇ ਬਾਵਜੂਦ 'ਚੰਗੇ ਪਾਸੇ' ਨੂੰ ਕੋਈ ਵੱਖਰੀ ਪਛਾਣ ਨਾ ਬਣਾ ਸਕਿਆ । ਮਾਲਕ ਮੇਹਰ ਕਰੇ ਅਗਲੇ ਵਰ੍ਹੇ ਅੰਦਰ ਪੰਜਾਬੀ ਸੰਗੀਤ ਇੰਡਸਟਰੀ ਪੰਜਾਬੀ ਸਮਾਜ ਦੀ ਤਰਜਮਾਨੀ ਕਰਦਿਆਂ ਨਵੀਆਂ ਪਿਰਤਾਂ ਜ਼ਰੂਰ ਪਾਵੇ ।

# ਸਥਾਨਕ ਸਰਕਾਰਾਂ ਬਾਰੇ ਮੰਤਰੀ ਵਲੋਂ ਸਿੱਧਵਾਂ ਨਹਿਰ ਦੀ ਸਫ਼ਾਈ ਅਤੇ ਨਹਿਰ ਦੁਆਲੇ ਚੇਨ ਲਿੰਕਡ ਵਾੜ ਲਗਾਉਣ ਦੇ ਕਾਰਜ਼ਾਂ ਦੀ ਸ਼ੁਰੂਆਤ

ਚੰਡੀਗੜ੍ਹ, 5 ਜਨਵਰੀ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਭਰ ਦੇ ਜਲ ਸਰੋਤਾਂ ਨੂੰ ਸਾਫ਼ ਕਰਨ ਲਈ ਵਚਨਬੱਧਤਾ ਦਿਖਾਉਂਦੇ ਹੋਏ, ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ ਨੇ ਸਿੱਧਵਾਂ ਨਹਿਰ ਦੀ ਸਫ਼ਾਈ ਦਾ ਕੰਮ ਬੁੱਧਵਾਰ ਤੋਂ ਭਾਈ ਰਣਧੀਰ ਸਿੰਘ (ਬੀ.ਆਰ.ਐਸ.) ਨਗਰ ਵਿੱਚ ਸਥਿਤ ਨਹਿਰ ਦੇ ਪੁਲ ਤੋਂ ਸ਼ੁਰੂ ਕੀਤਾ।



ਕੈਬਨਿਟ ਮੰਤਰੀ ਡਾ. ਨਿੱਜਰ ਨੇ ਸ਼ਹਿਰ ਦੀ ਹਦੂਦ ਅੰਦਰ ਨਹਿਰ ਦੇ 13 ਕਿਲੋਮੀਟਰ ਲੰਬੇ ਹਿੱਸੇ ਦੇ ਨਾਲ-ਨਾਲ ਚੇਨ ਲਿੰਕਡ ਲੋਹੇ ਦੀ ਵਾੜ (2 ਮੀਟਰ ਉਚਾਈ) ਲਗਾਉਣ ਦੇ ਪ੍ਰੋਜੈਕਟ ਦੀ ਸ਼ੁਰੂਆਤ ਵੀ ਕੀਤੀ। ਇਹ ਪ੍ਰੋਜੈਕਟ ਵਸਨੀਕਾਂ ਵੱਲੋਂ ਕੂੜਾ ਨਹਿਰ ਵਿੱਚ ਸੁੱਟਣ ਤੋਂ ਰੋਕਣ ਦੇ ਉਦੇਸ਼ ਨਾਲ ਸ਼ੁਰੂ ਕੀਤਾ ਗਿਆ ਹੈ। 6.64 ਕਰੋੜ ਰੁਪਏ ਦੀ ਲਾਗਤ ਨਾਲ ਚੇਨ ਲਿੰਕਡ ਵਾੜ ਲਗਾਉਣ ਦਾ ਕੰਮ ਛੇ ਮਹੀਨਿਆਂ ਵਿੱਚ ਪੂਰਾ ਕਰ ਲਿਆ ਜਾਵੇਗਾ।

ਇਸ ਮੌਕੇ ਵਿਧਾਇਕ ਗੁਰਪ੍ਰੀਤ ਬੱਸੀ ਗੋਗੀ, ਮਦਨ ਲਾਲ ਬੱਗਾ, ਅਸ਼ੋਕ ਪਰਾਸ਼ਰ ਪੱਪੀ, ਦਲਜੀਤ ਸਿੰਘ ਭੋਲਾ ਗਰੇਵਾਲ, ਕੁਲਵੰਤ ਸਿੰਘ ਸਿੱਧੂ, ਮੇਅਰ ਬਲਕਾਰ ਸਿੰਘ ਸੰਧੂ, ਕਾਰਜਕਾਰੀ ਨਗਰ ਨਿਗਮ ਕਮਿਸ਼ਨਰ ਆਦਿੱਤਿਆ ਡਚਲਵਾਲ, ਲੁਧਿਆਣਾ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਤਰਸੇਮ ਸਿੰਘ ਭਿੰਡਰ, ਸੀਨੀਅਰ ਆਮ ਆਦਮੀ ਪਾਰਟੀ ਆਗੂ ਅਹਿਬਾਬ ਗਰੇਵਾਲ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

ਨਗਰ ਨਿਗਮ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਹ ਨਹਿਰ ਸਿੰਚਾਈ ਵਿਭਾਗ ਦੇ ਅਧਿਕਾਰ ਖੇਤਰ ਵਿੱਚ ਆਉਂਦੀ ਹੈ। ਸ਼ਹਿਰ ਵਿੱਚੋਂ ਲੰਘਣ ਵਾਲੀ ਨਹਿਰ ਵਿੱਚ ਕੂੜੇ ਅਤੇ ਗੰਦਗੀ ਦੇ ਢੇਰ ਨੂੰ ਲੈ ਕੇ ਵੱਧ ਰਹੀ ਚਿੰਤਾ ਦੇ ਵਿਚਕਾਰ, ਨਗਰ ਨਿਗਮ ਨੇ ਸਿੰਚਾਈ ਵਿਭਾਗ ਨਾਲ ਤਾਲਮੇਲ ਕਰਕੇ ਨਹਿਰ ਦੀ ਸਫ਼ਾਈ ਲਈ ਕਦਮ ਚੁੱਕੇ ਹਨ। ਨਹਿਰ ਦੇ ਵੱਖ-ਵੱਖ ਪੁਆਇੰਟਾਂ 'ਤੇ ਆਰਜ਼ੀ ਰੈਂਪ ਬਣਾਏ ਗਏ ਹਨ ਅਤੇ ਜੇਸੀਬੀ ਮਸ਼ੀਨਾਂ ਅਤੇ ਟਿੱਪਰਾਂ ਦੀ ਮਦਦ ਨਾਲ ਨਹਿਰ ਦੀ ਸਫ਼ਾਈ ਕੀਤੀ ਜਾ ਰਹੀ ਹੈ।

ਨਹਿਰ ਦੀ ਸਫਾਈ ਦੇ ਪ੍ਰੋਜੈਕਟ ਦੀ ਨਿਗਰਾਨੀ ਕਰ ਰਹੇ ਨਗਰ ਨਿਗਮ ਦੇ ਜੋਨਲ ਕਮਿਸ਼ਨਰ ਜਸਦੇਵ ਸਿੰਘ ਸੇਖੋਂ ਨੇ ਦੱਸਿਆ ਕਿ ਸਿੰਚਾਈ ਵਿਭਾਗ ਨੇ 21 ਦਿਨਾਂ ਲਈ ਨਹਿਰ ਵਿੱਚ ਪਾਣੀ ਦੇ ਵਹਾਅ ਨੂੰ ਰੋਕਣ ਲਈ ਇੱਕ ਸ਼ਡਿਊਲ ਤਿਆਰ ਕੀਤਾ ਹੈ। ਇਸ ਦੌਰਾਨ ਲੋਹਾਰਾ ਪੁਲ ਤੋਂ ਬਾੜੇਵਾਲ ਨਹਿਰ ਦੇ ਪੁਲ ਤੱਕ ਨਹਿਰ ਦੀ ਸਫ਼ਾਈ ਦੀ ਪ੍ਰਕਿਰਿਆ ਪੂਰੀ ਕੀਤੀ ਜਾਵੇਗੀ। ਜੇਕਰ ਲੋੜ ਪਈ ਤਾਂ ਸਿੰਚਾਈ ਵਿਭਾਗ ਨੂੰ ਕੁੱਝ ਹੋਰ ਦਿਨਾਂ ਲਈ ਨਹਿਰ ਵਿੱਚ ਪਾਣੀ ਦਾ ਵਹਾਅ ਰੋਕਣ ਲਈ ਕਿਹਾ ਜਾਵੇਗਾ।

ਕੈਬਨਿਟ ਮੰਤਰੀ ਡਾ. ਨਿੱਜਰ ਨੇ ਕਿਹਾ ਕਿ ਨਗਰ ਨਿਗਮ ਵੱਲੋਂ ਨਹਿਰ ਦੀ ਸਫਾਈ ਅਤੇ ਇਸ ਦੇ ਆਲੇ-ਦੁਆਲੇ ਚੇਨ ਲਿੰਕਡ ਵਾੜ ਲਗਾਉਣ ਲਈ ਕੀਤੇ ਗਏ ਉਪਰਾਲੇ ਸ਼ਲਾਘਾਯੋਗ ਹਨ ਪਰ ਲੋਕਾਂ ਨੂੰ ਵੀ ਚਾਹੀਦਾ ਹੈ ਕਿ ਉਹ ਨਹਿਰ ਦੀ ਸਫਾਈ ਰੱਖਣ ਅਤੇ ਨਹਿਰ ਵਿੱਚ ਕੂੜਾ ਨਾ ਸੁੱਟਣ। ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਜੇਕਰ ਵਸਨੀਕ ਨਹਿਰ ਵਿੱਚ ਕੂੜਾ ਸੁੱਟਣ ਤੋਂ ਨਹੀਂ ਹੱਟਦੇ ਤਾਂ ਨਗਰ ਨਿਗਮ ਉਲੰਘਣਾ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ ਲਈ ਮਜਬੂਰ ਹੋਵੇਗਾ।

ਨਗਰ ਨਿਗਮ ਜ਼ੋਨ ਡੀ ਦਫ਼ਤਰ ਵਿਖੇ ਨਵੇਂ ਸਾਲ ਦੀ ਸ਼ੁਰੂਆਤ ਮੌਕੇ ਮਿਊਂਸੀਪਲ ਇੰਪਲਾਈਜ਼ ਸੰਘਰਸ਼ ਕਮੇਟੀ ਵਲੋਂ ਰੱਖੇ ਗਏ ਸੁਖਮਨੀ ਸਾਹਿਬ ਦੇ ਪਾਠ ਮੌਕੇ ਕੈਬਨਿਟ ਮੰਤਰੀ ਡਾ. ਨਿੱਜਰ ਨਤਮਸਤਕ ਹੋਏ ਅਤੇ ਉਨ੍ਹਾਂ ਸ਼ਹਿਰ ਵਾਸੀਆਂ ਨੂੰ ਵਾਤਾਵਰਨ ਅਤੇ ਧਰਤੀ ਹੇਠਲੇ ਪਾਣੀ ਨੂੰ ਬਚਾਉਣ ਲਈ ਅੱਗੇ ਆਉਣ ਦੀ ਅਪੀਲ ਕੀਤੀ। ਕੈਬਨਿਟ ਮੰਤਰੀ ਨੇ ਮੁਲਾਜ਼ਮ ਯੂਨੀਅਨ ਦੇ ਚੇਅਰਮੈਨ ਅਸ਼ਵਨੀ ਸਹੋਤਾ ਅਤੇ ਪ੍ਰਧਾਨ ਜਸਦੇਵ ਸੇਖੋਂ ਵੱਲੋਂ ਚੁੱਕੀਆਂ ਗਈਆਂ ਮੁਲਾਜ਼ਮ ਹੱਕੀ ਮੰਗਾਂ ਨੂੰ ਪੂਰਾ ਕਰਨ ਦਾ ਭਰੋਸਾ ਵੀ ਦਿੱਤਾ।

ਕੈਬਨਿਟ ਮੰਤਰੀ ਨੇ ਵੱਖ-ਵੱਖ ਗੈਰ ਸਰਕਾਰੀ ਸੰਗਠਨਾਂ/ਸਮਾਜਿਕ ਕਾਰਕੁੰਨਾਂ ਨੂੰ ਵੀ ਸਨਮਾਨਿਤ ਕੀਤਾ ਜੋ ਕਿ ਨਗਰ ਨਿਗਮ ਨਾਲ ਕੰਮ ਕਰਦੇ ਰਹੇ ਹਨ। ਇਨ੍ਹਾਂ ਵਿੱਚ ਸ਼ਾਹੀ ਇਮਾਮ ਪੰਜਾਬ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ, ਟੀਮ 1699 ਤੋਂ ਗੁਰਸਾਹਿਬ ਸਿੰਘ ਅਤੇ ਦਵਿੰਦਰ ਨਾਗੀ, ਸਿਟੀ ਨੀਡਜ਼ ਤੋਂ ਮਨੀਤ ਦੀਵਾਨ ਅਤੇ ਲੈਟਸ ਕਲੀਨ ਲੁਧਿਆਣਾ ਫਾਊਂਡੇਸ਼ਨ, ਨੇਕੀ ਦੀ ਰਸੋਈ ਆਦਿ ਸਮੇਤ ਹੋਰ ਗੈਰ ਸਰਕਾਰੀ ਸੰਗਠਨਾਂ ਦੇ ਮੈਂਬਰ ਵੀ ਸ਼ਾਮਲ ਸਨ।

## Change of Name

**I, Bhupinder Singh Toor,** residing at 22-30 Times Square Blvd, Stoney Creek, ON, L8J 0L8, do hereby change my name from **Bhupinder Singh Toor to Bhupinder Singh Sahota** with immediate effect. Henceforth, I shall be known as Bhupinder Singh Sahota for all purposes. Ph: 6477710222







## ਲੜਕੀ ਦੀ ਲੋੜ

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ।ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ।ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

## ਲੜਕੇ ਦੀ ਲੋੜ

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com







## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। **'PR'** ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**







## ਫੀਮੇਲ ਹਾਊਸਕੀਪਰ ਦੀ ਲੋੜ

ਮਾਰਖਮ ਹਾਊਸ, ਜਿਸ ਵਿਚ ਕ੍ਰਿਸ਼ਨਾ ਮੰਦਰ ਹੈ, ਲਈ ਫੁਲ ਟਾਈਮ ਲਿਵ ਇਨ ਫੀਮੇਲ ਹਾਊਸਕੀਪਰ ਦੀ ਲੋੜ ਹੈ। ਘਰ ਪੂਰੀ ਤਰ੍ਹਾਂ ਸ਼ਾਕਾਹਾਰੀ ਹੈ, ਇੱਥੋਂ ਤੱਕ ਕਿ ਪਿਆਜ ਅਤੇ ਲਹਿਸਣ ਦੀ ਵਰਤੋਂ ਦੀ ਵੀ ਆਗਿਆ ਨਹੀਂ ਹੈ। ਕੰਮ ਦੇ ਵਿਚ ਖਾਣਾ ਬਣਾਉਣਾ, ਸਾਫ-ਸਫਾਈ ਅਤੇ ਸਾਰੇ ਘਰ ਦੀ ਵਧੀਆ ਤਰੀਕੇ ਨਾਲ ਸੰਭਾਲ ਕਰਨੀ ਸ਼ਾਮਲ ਹਨ। ਹਾਊਸਕੀਪਰ ਨੂੰ ਘਰ ਦੇ ਮੈਂਬਰ ਵਾਂਗ ਰੱਖਿਆ ਜਾਵੇਗਾ। ਚਾਹਵਾਨ ਕ੍ਰਿਪਾ ਕਰਕੇ vbsharma@vbsharma.ca ਉਤੇ ਅਪਲਾਈ ਕਰਨ। ਫੋਨ ਨੰਬਰ 416-292-4431 ext. 224 ਉਤੇ 3 ਵਜੇ ਤੋਂ ਬਾਅਦ ਸੰਪਰਕ ਕਰ ਸਕਦੇ ਹਨ।

# ਨਾ ਕੋਈ ਗੈਰ ਕਾਨੂੰਨੀ ਕਾਲੋਨੀ ਨਾ ਕਟੇ ਅਤੇ ਨਾ ਹੀ ਕੋਈ ਨਾਜਾਇਜ਼ ਕਾਲੋਨੀ ਵਿੱਚ ਪਲਾਟ ਖਰੀਦੇ : ਅਰੋੜਾ

*** ਧਾਰਮਿਕ ਤੇ ਇਤਹਾਸਕ ਮਹੱਤਤਾ ਵਾਲਾ ਅੰਮ੍ਰਿਤਸਰ ਬਣੇਗਾ ਦੇਸ਼ ਦਾ ਆਧੁਨਿਕ ਸ਼ਹਿਰ * ਸ੍ਰੀ ਦਰਬਾਰ ਸਾਹਿਬ ਅਤੇ ਦੁਰਗਿਆਨਾ ਮੰਦਰ ਨਤਮਸਤਕ ਹੋਏ ਕੈਬਨਿਟ ਮੰਤਰੀ ਅਮਨ ਅਰੋੜਾ**





ਚੰਡੀਗੜ੍ਹ, 5 ਜਨਵਰੀ (ਗਿਆਨ ਸਿੰਘ): ਸੂਚਨਾ ਅਤੇ ਲੋਕ ਸੰਪਰਕ, ਸ਼ਹਿਰੀ ਵਿਕਾਸ ਤੇ ਹਾਊਸਿੰਗ ਅਤੇ ਗੈਰ ਰਵਾਇਤੀ ਊਰਜਾ ਮੰਤਰੀ ਅਮਨ ਅਰੋੜਾ ਨੇ ਅੱਜ ਅੰਮ੍ਰਿਤਸਰ ਵਿਕਾਸ ਅਥਾਰਟੀ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਕਿਹਾ ਕਿ ਅੰਮ੍ਰਿਤਸਰ ਸ਼ਹਿਰ, ਜੋ ਕਿ ਆਪਣੀ ਧਾਰਮਿਕ ਤੇ ਇਤਹਾਸਿਕ ਮਹੱਤਤਾ ਲਈ ਦੁਨੀਆਂ ਭਰ ਵਿੱਚ ਜਾਣਿਆ ਜਾਂਦਾ ਹੈ, ਨੂੰ ਵਿਸ਼ਵ ਦੇ ਵੱਡੇ ਸ਼ਹਿਰਾਂ ਦਾ ਹਾਣੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸ਼ਹਿਰ ਲਈ ਸਾਡੇ ਕੋਲ ਵੱਡੀਆਂ ਯੋਜਨਾਵਾਂ ਹਨ ਅਤੇ ਛੇਤੀ ਹੀ ਇਨਾਂ ਉਤੇ ਅਮਲ ਸ਼ੁਰੂ ਕਰਕੇ ਅੰਮ੍ਰਿਤਸਰ ਨੂੰ ਦੇਸ਼ ਦਾ ਬਿਹਤਰੀਨ ਸ਼ਹਿਰ ਬਣਾਇਆ ਜਾਵੇਗਾ। ਅੱਜ ਅੰਮਿਤਸਰ, ਗੁਰਦਾਸਪੁਰ, ਤਰਨ ਤਾਰਨ ਅਤੇ ਪਠਾਨਕੋਟ ਜਿਲਿਆਂ ਦੇ ਕਲੋਨਾਈਜਰਾਂ ਤੇ ਰੈਜੀਡੈਂਸ਼ੀਅਲ ਵੈਲਫੇਅਰ ਸੁਸਾਇਟੀਆਂ ਦੇ ਮੈਂਬਰਾਂ ਨਾਲ ਕੀਤੀਆਂ ਵਿਸਥਾਰਪੂਰਵਕ ਮੀਟਿੰਗਾਂ ਵਿੱਚ ਪੰਜਾਬ ਸਰਕਾਰ ਦੀ ਨੀਤੀ ਨੂੰ ਸਪੱਸ਼ਟ ਕਰਦਿਆਂ ਸ੍ਰੀ ਅਰੋੜਾ ਨੇ ਕਿਹਾ ਕਿ ਸਰਕਾਰ ਕਿਸੇ ਵੀ ਗੈਰਕਾਨੂੰਨੀ ਕੰਮ ਨੂੰ ਉਤਸ਼ਾਹਿਤ ਨਹੀਂ ਕਰੇਗੀ ਅਤੇ ਨਾਜਾਇਜ ਕਾਲੋਨੀਆਂ ਵੀ ਉਨਾਂ ਵਿਚੋਂ ਇਕ ਹਨ। ਮੀਟਿੰਗ ਵਿੱਚ ਕੈਬਨਿਟ ਮੰਤਰੀ ਸ ਹਰਭਜਨ ਸਿੰਘ ਈ ਟੀ ਓ, ਸ਼ਹਿਰੀ ਵਿਕਾਸ ਤੇ ਹਾਊਸਿੰਗ ਵਿਭਾਗ ਦੇ ਸਕੱਤਰ ਅਜੋਏ ਸਿਨਹਾ, ਏ.ਡੀ.ਏ. ਦੇ ਮੁਖੀ ਦੀਪ ਸ਼ਿਖਾ, ਸਹਾਇਕ ਮੁਖੀ ਸ੍ਰੀ ਰਜਤ ਓਬਰਾਏ, ਚੇਅਰਮੈਨ ਜਿਲ੍ਹਾ ਯੋਜਨਾ ਕਮੇਟੀ ਸਜਸਪ੍ਰੀਤ ਸਿੰਘ ਅਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ। ਉਨਾਂ ਕਿਹਾ ਕਿ ਮੈਂ ਸਾਰੇ ਕਾਲੋਨਾਈਜਰਾਂ ਨੂੰ ਸਪੱਸ਼ਟ ਦੱਸਣਾ ਚਾਹੁੰਦਾ ਹਾਂ ਕਿ ਕੋਈ ਵੀ ਕਾਲੋਨਾਈਜਰ ਪੁੱਡਾ ਦੀ ਪ੍ਰਵਾਨਗੀ ਤੋਂ ਬਿਨਾਂ ਕਿਸੇ ਵੀ ਸ਼ਹਿਰ/ਕਸਬੇ ਵਿੱਚ ਕਾਲੋਨੀ ਨਾ ਕਟੇ। ਉਨਾਂ ਆਮ ਲੋਕਾਂ ਨੂੰ ਮੁਖਾਤਿਬ ਹੁੰਦੇ ਕਿਹਾ ਕਿ ਕੋਈ ਵੀ ਨਾਗਰਿਕ ਨਾਜਾਇਜ਼ ਕਾਲੋਨੀ ਵਿੱਚ ਘਰ ਬਣਾਉਣ ਦਾ ਸੁਪਨਾ ਲੈ ਕੇ ਪਲਾਟ ਨਾ ਖਰੀਦੇ, ਕਿਉਂਕਿ ਸਰਕਾਰ ਅਜਿਹੀਆਂ ਕਾਲੋਨੀਆਂ ਅਤੇ ਕਾਲੋਨਾਈਜਰਾਂ ਖਿਲਾਫ਼ ਸਖ਼ਤ ਕਾਰਵਾਈ ਕਰੇਗੀ।

ਉਨਾਂ ਕਿਹਾ ਕਿ ਸਰਕਾਰ ਨੇ ਲੋਕਾਂ ਅਤੇ ਕਾਲੋਨਾਈਜਰ ਦੀ ਮੰਗ ਅਨੁਸਾਰ ਨਵੀਂ ਨੀਤੀ ਬਣਾਈ ਹੈ ਜਿਸ ਦੇ ਦਾਇਰੇ ਵਿਚ ਰਹਿ ਕੇ ਸਾਰੀਆਂ ਧਿਰਾਂ ਕੰਮ ਕਰਨ। ਉਨਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜੋ ਵੀ ਨਾਜਾਇਜ਼ ਕਾਲੋਨੀ ਕੱਟੀ ਗਈ ਹੈ ਉਸ ਖਿਲਾਫ਼ ਕਾਰਵਾਈ ਕੀਤੀ ਜਾਵੇ। ਉਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਾਡੇ ਵਿਭਾਗ ਵਲੋਂ ਭਵਿੱਖ ਵਿੱਚ ਕੋਈ ਵੀ ਗੈਰ ਕਾਨੂੰਨੀ ਉਸਾਰੀ ਨਹੀਂ ਹੋਣ ਦਿੱਤੀ ਜਾਵੇਗੀ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਅਰੋੜਾ ਨੇ ਕਿਹਾ ਕਿ ਅਸੀਂ 5773 ਅਜਿਹੇ ਪਿੰਡ ਜਿਥੇ ਕਾਲੋਨੀ ਕਟਣ ਦੀ ਸੰਭਾਵਨਾ ਨਹੀਂ ਹੈ ਨੂੰ ਐਨ.ਓ.ਸੀ. ਤੋਂ ਛੋਟ ਦੇ ਦਿੱਤੀ ਹੈ। ਪਰ ਬਾਕੀਆਂ ਲਈ ਐਨ.ਓ.ਸੀ. ਜ਼ਰੂਰੀ ਹੈ। ਉਨਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਲਾਪਰਵਾਹੀ ਕਾਰਨ 14 ਹਜ਼ਾਰ ਦੇ ਕਰੀਬ ਗੈਰ ਕਾਨੂੰਨੀ ਕਾਲੋਨੀਆਂ ਪੰਜਾਬ ਵਿੱਚ ਉਸਰ ਚੁਕੀਆਂ ਹਨ, ਜਿਨਾਂ ਤੱਕ ਮੁੱਢਲੀਆਂ ਸਹੂਲਤਾਂ ਪਹੁੰਚਾਉਣਾ ਵੀ ਇਕ ਵੱਡੀ ਚੁਣੌਤੀ ਬਣੀ ਹੋਈ ਹੈ ਅਤੇ ਕਿਸੇ ਹੰਗਾਮੀ ਹਾਲਤ ਵਿੱਚ ਫਾਇਰ ਬ੍ਰਿਗੇਡ ਦੀ ਗੱਡੀ ਵੀ ਨਹੀਂ ਜਾ ਸਕਦੀ।

ਉਨਾਂ ਦੱਸਿਆ ਕਿ ਸਰਕਾਰ ਨੇ ਪਿਛਲੇ 9 ਮਹੀਨੇ ਦੇ ਕਾਰਜਕਾਲ ਵਿੱਚ ਐਕਸਾਈਜ, ਜੀ.ਐਸ.ਟੀ. ਸਮੇਤ ਸਾਰੇ ਖੇਤਰਾਂ ਵਿੱਚ ਆਪਣੀ ਆਮਦਨ ਵਧਾਈ ਹੈ ਅਤੇ ਭਵਿੱਖ ਵਿੱਚ ਹੋਰ ਪੈਸਾ ਕਮਾ ਕੇ ਲੋਕਾਂ ’ਤੇ ਖਰਚ ਕੀਤਾ ਜਾਵੇਗਾ।

ਇਸ ਤੋਂ ਪਹਿਲਾਂ ਅਮਨ ਅਰੋੜਾ ਅਤੇ ਬਿਜਲੀ ਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਦੁਰਗਿਆਨਾ ਮੰਦਿਰ ਵਿਖੇ ਮੱਥਾ ਟੇਕਿਆ। ਦੋਵੇਂ ਮੰਤਰੀ ਸਾਹਿਬਾਨ ਨੇ ਸ੍ਰੀ ਦਰਬਾਰ ਸਾਹਿਬ ਵਿੱਚ ਕੀਰਤਰ ਸਰਵਨ ਕੀਤਾ ਅਤੇ ਅਰਦਾਸ ਵਿੱਚ ਸ਼ਾਮਲ ਹੋਏ। ਪ੍ਰਬੰਧਕਾਂ ਵਲੋਂ ਮੰਤਰੀ ਸਾਹਿਬਾਨ ਨੂੰ ਯਾਦਗਾਰੀ ਚਿੰਨ੍ਹ, ਕਿਤਾਬਾਂ ਅਤੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ।

ਕੈਪਸ਼ਨ : ਸੂਚਨਾ ਅਤੇ ਲੋਕ ਸੰਪਰਕ, ਸ਼ਹਿਰੀ ਵਿਕਾਸ ਤੇ ਹਾਊਸਿੰਗ ਅਤੇ ਗੈਰ ਰਵਾਇਤੀ ਊਰਜਾ ਮੰਤਰੀ ਅਮਨ ਅਰੋੜਾ ਅਤੇ ਬਿਜਲੀ ਤੇ ਲੋਕ ਨਿਰਮਾਣ ਮੰਤਰੀ ਸ: ਹਰਭਜਨ ਸਿੰਘ ਈ.ਟੀ.ਓ. ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਦੁਰਗਿਆਨਾ ਮੰਦਿਰ ਵਿੱਖੇ ਨਤਮਸਤਕ ਹੋਣ ਮੌਕੇ।

# ਪ੍ਰਵਾਸੀ ਪੰਜਾਬੀਆਂ ਦੇ ਵੱਖ-ਵੱਖ ਮਾਮਲਿਆਂ ਨੂੰ ਹੱਲ ਕਰਨ ਲਈ ਸਾਰਥਕ ਕਦਮ ਚੁੱਕੇ : ਕੁਲਦੀਪ ਸਿੰਘ ਧਾਲੀਵਾਲ

ਚੰਡੀਗੜ੍ਹ, 5 ਜਨਵਰੀ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਨੇ ਸਾਲ 2022 ਦੌਰਾਨ ਪ੍ਰਵਾਸੀ ਪੰਜਾਬੀਆਂ ਦੇ ਵੱਖ-ਵੱਖ ਮਾਮਲਿਆਂ ਨੂੰ ਹੱਲ ਕਰਨ ਲਈ ਸਾਰਥਕ ਕਦਮ ਚੁੱਕੇ ਹਨ, ਜਿਸ ਨਾਲ ਪ੍ਰਵਾਸੀ ਪੰਜਾਬੀਆਂ ਨੂੰ ਰਾਹਤ ਮਿਲੀ ਹੈ।

ਪੰਜਾਬ ਦੇ ਪ੍ਰਵਾਸੀ ਭਾਰਤੀ ਮਾਮਲਿਆਂ ਨਾਲ ਸਬੰਧਤ ਮੰਤਰੀ ਸ. ਕੁਲਦੀਪ ਸਿੰਘ ਧਾਲੀਵਾਲ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਐਨ.ਆਰ.ਆਈ. ਪੰਜਾਬੀਆਂ ਦੇ ਮਸਲਿਆਂ ਤੇ ਸ਼ਿਕਾਇਤਾਂ ਨੂੰ ਛੇਤੀ ਅਤੇ ਤਸੱਲੀਬਖ਼ਸ਼ ਢੰਗ ਨਾਲ ਹੱਲ ਕਰਨ ਲਈ ਜਲੰਧਰ, ਐਸ.ਏ.ਐਸ ਨਗਰ, ਲੁਧਿਆਣਾ, ਮੋਗਾ ਅਤੇ ਅੰਮ੍ਰਿਸਰ ਵਿਖੇ ਕ੍ਰਮਵਾਰ 16, 19, 23, 26 ਅਤੇ 30 ਦਸਬੰਰ ਨੂੰ ‘ਐਨ.ਆਰ.ਆਈ. ਪੰਜਾਬੀਆਂ ਨਾਲ ਮਿਲਣੀ’ ਪ੍ਰੋਗਰਾਮ ਕੀਤੇ, ਜਿਸ ਦੌਰਾਨ ਪ੍ਰਵਾਸੀ ਪੰਜਾਬੀਆਂ ਦੇ ਮਸਲੇ ਤੁਰੰਤ ਹੱਲ ਕਰਨ ਲਈ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਅਤੇ ਬਕਾਇਆ ਮੁੱਦਿਆਂ ਨੂੰ ਨਿਰਧਾਰਤ ਸਮਾਂ ਸੀਮਾ ਤਹਿਤ ਹੱਲ ਕਰਨ ਲਈ ਕਿਹਾ।

ਧਾਲੀਵਾਲ ਨੇ ਦੱਸਿਆ ਕਿ 15 ਐਨ.ਆਰ.ਆਈ. ਪੁਲੀਸ ਥਾਣਿਆਂ ਨੂੰ ਅਪਗਰੇਡ ਕਰਨ ਲਈ ਪ੍ਰਤੀ ਥਾਣਾ 2 ਲੱਖ ਰੁਪਏ ਅਤੇ ਕੁੱਲ 30 ਲੱਖ ਰੁਪਏ ਛੇਤੀ ਹੀ ਜਾਰੀ ਕੀਤੇ ਗਏ ਤਾਂ ਜੋ ਉੱਥੇ ਬੁਨਿਆਦੀ ਸਹੂਲਤਾਂ ‘ਚ ਸੁਧਾਰ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸਦੇ ਨਾਲ ਹੀ ਪੰਜਾਬ ‘ਚ ਪ੍ਰਵਾਸੀ ਪੰਜਾਬੀ ਭਾਰਤੀਆਂ ਦੇ ਮਸਲਿਆਂ ਦੇ ਤੁਰੰਤ ਨਿਪਟਾਰੇ ਲਈ ਜਲਦ ਹੀ ਫਾਸਟ ਟ੍ਰੈਕ ਅਦਾਲਦਤਾਂ ਸਥਾਪਿਤ ਕੀਤੀਆਂ ਜਾਣਗੀਆਂ।

# ਪੰਜਾਬ ਦੇ ਸੈਰ ਸਪਾਟਾ ਮੰਤਰੀ ਅਨਮੋਲ ਗਗਨ ਮਾਨ ਵੱਲੋਂ 30 ਉਮੀਦਵਾਰਾਂ ਨੂੰ ਟੂਰਿਸਟ ਗਾਈਡ ਲਾਈਸੈਂਸ ਜਾਰੀ



ਚੰਡੀਗੜ, 5 ਜਨਵਰੀ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਪੰਜਾਬ 'ਚ ਸੈਰ ਸਪਾਟੇ ਨੂੰ ਉਤਸ਼ਾਹਿਤ ਕਰਨ ਅਤੇ ਪੰਜਾਬ ਵਿੱਚ ਆਉਣ ਵਾਲੇ ਸੈਲਾਨੀਆਂ ਨੂੰ ਵੱਧ ਤੋਂ ਵੱਧ ਸਹੂਲਤਾਂ ਦੇਣ ਲਈ ਲਗਾਤਾਰ ਯਤਨਸ਼ੀਲ ਹੈ। ਇਸੇ ਮੰਤਵ ਦੀ ਪੂਰਤੀ ਲਈ ਅੱਜ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ, ਨਿਵੇਸ਼ ਪ੍ਰੋਤਸਾਹਨ, ਕਿਰਤ ਅਤੇ ਸਿਕਾਇਤ ਨਿਵਾਰਣ ਮੰਤਰੀ ਅਨਮੋਲ ਗਗਨ ਮਾਨ ਨੇ ਚੰਡੀਗੜ੍ਹ 'ਚ ਸਥਿਤ ਦਫਤਰ ਵਿਖੇ 30 ਉਮੀਦਵਾਰਾਂ ਨੂੰ ਟੂਰਿਸਟ ਗਾਇਡ ਲਾਇਸੈਂਸ ਜਾਰੀ ਕੀਤੇ। ਇਸ ਮੌਕੇ ਸੈਰ ਸਪਾਟਾ ਅਤੇ ਸਭਿਆਚਾਰ ਮਾਮਲੇ ਵਿਭਾਗ ਦੇ ਸਕੱਤਰ, ਗੁਰਕਿਰਤ ਕਿਰਪਾਲ ਸਿੰਘ ਵਿਸ਼ੇਸ ਤੌਰ ਤੇ ਹਾਜ਼ਰ ਸਨ।

ਇਸ ਸਬੰਧ ਵਿੱਚ ਵਧੇਰੇ ਜਾਣਕਾਰੀ ਦਿੰਦਿਆਂ ਸੈਰ ਸਪਾਟਾ ਅਤੇ ਸਭਿਆਚਾਰਕ ਮਾਮਲੇ ਮੰਤਰੀ ਅਨਮੋਲ ਗਗਨ ਮਾਨ ਨੇ ਕਿਹਾ ਕਿ ਕਿਸੇ ਵੀ ਦੇਸ਼ ਜਾਂ ਰਾਜ ਦਾ ਦੌਰਾ ਕਰਨ ਵਾਲੇ ਸੈਲਾਨੀਆਂ ਨਾਲ ਸਹਿਯੋਗ ਕਰਨ ਵਿੱਚ ਟੂਰ ਗਾਇਡ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਇੱਕ ਟੂਰ ਗਾਈਡ ਦੀ ਡਿਊਟੀ ਅਤੇ ਜ਼ੰਮਿੇਵਾਰੀ ‘ਚ ਸੈਲਾਨੀਆਂ ਦੇ ਸੂਬੇ ਵਿੱਚ ਆਉਣ ਤੋਂ ਸ਼ੁਰੂ ਹੋ ਕੇ ਰਵਾਨਗੀ ਤੱਕ ਦੀਆਂ ਟੂਰ ਗਤੀਵਿਧੀਆਂ ਸ਼ਾਮਲ ਹੁੰਦੀਆਂ ਹਨ। ਉਨ੍ਹਾਂ ਕਿਹਾ ਵਧੀਆ ਟੂਰ ਗਾਈਡ ਹੀ ਆਪਣੇ ਦੇਸ਼ ਜਾਂ ਰਾਜ ਦੇ ਇਤਿਹਾਸ, ਵਿਰਾਸਤਾਂ, ਸੱਭਿਆਚਾਰ, ਭਾਸ਼ਾ ਅਤੇ ਵਿਸ਼ੇਸ਼ਤਾਵਾਂ ਬਾਰੇ ਸੈਨਾਨੀਆਂ ਨੂੰ ਅਸਲ ਝਲਕ ਪੇਸ਼ ਕਰਦੇ ਹਨ।

# ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਵੱਲੋਂ ਟਰੱਕ ਆਪਰੇਟਰਾਂ ਦੀਆਂ ਅਦਾਇਗੀਆਂ 31 ਜਨਵਰੀ ਤੱਕ ਕੀਤੇ ਜਾਣ ਦੇ ਹੁਕਮ



**ਟਰੱਕ ਆਪ੍ਰੇਟਰਾਂ ਨਾਲ ਲਾਲ ਚੰਦ ਕਟਾਰੂਚੱਕ ਵੱਲੋਂ ਮੀਟਿੰਗ**

ਚੰਡੀਗੜ੍ਹ, 5 ਜਨਵਰੀ (ਪੋਸਟ ਬਿਊਰੋ): ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਹਰੇਕ ਵਰਗ ਦੀ ਭਲਾਈ ਅਤੇ ਉਹਨਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਪੂਰਨ ਤੌਰ ਉੱਤੇ ਵਚਨਬੱਧ ਹੈ। ਇਹ ਵਿਚਾਰ ਅੱਜ ਸੈਕਟਰ 39 ਦੇ ਅਨਾਜ ਭਵਨ ਵਿਖੇ ਸੂਬੇ ਦੇ ਖੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਟਰੱਕ ਆਪ੍ਰੇਟਰਾਂ ਨਾਲ ਇਕ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਪ੍ਰਗਟ ਕੀਤੇ।

ਇਸ ਦੌਰਾਨ ਕਟਾਰੂਚੱਕ ਨੇ ਵਿਭਾਗੀ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਕਿ ਟਰੱਕ ਆਪਰੇਟਰਾਂ ਨੂੰ ਬਣਦੀਆਂ ਅਦਾਇਗੀਆਂ 31 ਜਨਵਰੀ, 2023 ਤੱਕ ਹਰ ਹਾਲਾਤ ਵਿੱਚ ਅਦਾ ਕਰ ਦਿੱਤੀਆਂ ਜਾਣ ਅਤੇ ਇਸ ਸਬੰਧੀ ਸਾਰੇ ਜ਼ਿਲ੍ਹਿਆਂ ਨੂੰ ਹਦਾਇਤਾਂ ਕੀਤੀਆਂ ਜਾਣ ਤਾਂ ਜੋ ਇਸ ਵਰਗ ਨੂੰ ਆਰਥਿਕ ਤੰਗੀ ਦਾ ਸਾਹਮਣਾ ਨਾ ਕਰਨਾ ਪਵੇ। ਇਸ ਮੌਕੇ ਉਹਨਾਂ ਨੇ ਟਰੱਕ ਆਪ੍ਰੇਟਰਾਂ ਨੂੰ 3 ਮੈਂਬਰੀ ਕਮੇਟੀ ਬਣਾਉਣ ਲਈ ਵੀ ਕਿਹਾ ਤਾਂ ਜੋ ਭਵਿੱਖ ਵਿੱਚ ਕਿਸੇ ਵੀ ਮਸਲੇ ਸਬੰਧੀ ਖੁੱਲ੍ਹ ਕੇ ਸਰਕਾਰ ਨਾਲ ਵਿਚਾਰ ਵਟਾਂਦਰਾ ਕੀਤਾ ਜਾ ਸਕੇ। ਇਸ ਮੌਕੇ ਉਹਨਾਂ ਇਹ ਵੀ ਜਾਣਕਾਰੀ ਦਿੱਤੀ ਕਿ ਸਾਰੇ ਟਰੱਕਾਂ ਵਿੱਚ ਛੇਤੀ ਹੀ ਜੀ.ਪੀ.ਐਸ. ਪ੍ਰਣਾਲੀ ਲਗਾਈ ਜਾਵੇਗੀ ਤਾਂ ਜੋ ਕੰਮਕਾਜ ਵਿੱਚ ਹੋਰ ਵੀ ਪਾਰਦਰਸ਼ਤਾ ਲਿਆਂਦੀ ਜਾ ਸਕੇ।


ਇਸ ਮੌਕੇ ਆਪ੍ਰੇਟਰਾਂ ਵੱਲੋਂ ਕਲੱਸਟਰ ਪ੍ਰਣਾਲੀ ਦੀ ਥਾਂ ‘ਤੇ ਮਾਰਕੀਟ ਕਮੇਟੀਆਂ ਵਿੱਚ ਟੈਂਡਰ ਸਿਰਫ਼ ਟਰੱਕ ਆਪ੍ਰੇਟਰਾਂ ਨੂੰ ਅਲਾਟ ਕਰਨ, ਗੁਦਾਮਾਂ ਤੱਕ ਪਹੁੰਚ ਸੜਕਾਂ ਦੀ ਹਾਲਤ ਵਿੱਚ ਸੁਧਾਰ ਕਰਨ ਅਤੇ ਐਸ.ਓ.ਆਰ. ਰੇਟਾਂ ਵਿੱਚ ਵਾਧਾ ਕਰਨ ਸਬੰਧੀ ਰੱਖੀਆਂ ਗਈਆਂ ਮੰਗਾਂ ਉੱਤੇ ਮੰਤਰੀ ਨੇ ਹਮਦਰਦੀ ਨਾਲ ਵਿਚਾਰ ਕਰਨ ਦਾ ਭਰੋਸਾ ਦਿੱਤਾ।

ਇਸ ਮੌਕੇ ਵਿਭਾਗ ਦੇ ਡਾਇਰੈਕਟਰ ਅਮਰਪਾਲ ਸਿੰਘ ਅਤੇ ਜੁਆਇੰਟ ਡਾਇਰੈਕਟਰ ਡਾ. ਅੰਜੁਮਨ ਭਾਸਕਰ ਵੀ ਮੌਜੂਦ ਸਨ।



# ਫ਼ਿਲਮੀ ਦੁਨੀਆਂ

## ਰਣਬੀਰ ਦੀ ਫ਼ਿਲਮ 'ਐਨੀਮਲ' ਦਾ ਪੋਸਟਰ ਹੋਇਆ ਰਿਲੀਜ਼






ਬਾਲੀਵੁੱਡ ਅਦਾਕਾਰ ਰਣਬੀਰ ਕਪੂਰ ਦੀ ਆਉਣ ਵਾਲੀ ਫਿਲਮ 'ਐਨੀਮਲ' ਦੇ ਨਿਰਮਾਤਾਵਾਂ ਨੇ ਅਦਾਕਾਰ ਦੀ ਫ਼ਿਲਮ ਵਿਚਲੀ ਪਹਿਲੀ ਝਲਕ ਵਾਲਾ ਪੋਸਟਰ ਸਾਂਝਾ ਕੀਤਾ ਹੈ। ਇਹ ਫਿਲਮ ਪੰਜ ਭਾਸ਼ਾਵਾਂ ਹਿੰਦੀ, ਤੇਲਗੂ, ਤਾਮਿਲ, ਮਲਿਆਲਮ ਅਤੇ ਕੰਨੜ ਵਿੱਚ ਇਸ ਸਾਲ ਅਗਸਤ ਮਹੀਨੇ ਰਿਲੀਜ਼ ਹੋਵੇਗੀ। ਇਸ ਫ਼ਿਲਮ ਦਾ ਨਿਰਦੇਸ਼ਕ ਸੰਦੀਪ ਰੈੱਡੀ ਵਾਂਗਾ ਹੈ, ਜਿਸ ਨੂੰ 2019 ਵਿੱਚ ਆਈ ਬੌਲੀਵੁੱਡ ਫਿਲਮ 'ਕਬੀਰ ਸਿੰਘ' ਅਤੇ 2017 ਦੀ ਮਸ਼ਹੂਰ ਤੇਲਗੂ ਫਿਲਮ 'ਅਰਜੁਨ ਰੈੱਡੀ' ਲਈ ਜਾਣਿਆ ਜਾਂਦਾ ਹੈ। ਫਿਲਮ 'ਐਨੀਮਲ' ਦਾ ਨਿਰਮਾਣ ਭੂਸ਼ਨ ਕੁਮਾਰ ਅਤੇ ਕ੍ਰਿਸ਼ਨ ਕੁਮਾਰ ਦੇ ਟੀ-ਸੀਰੀਜ਼, ਮੁਰਾਦ ਖੇਤਾਨੀ ਦੇ ਸਾਈਨ 1 ਸਟੂਡੀਓ ਅਤੇ ਪ੍ਰਣਯ ਰੈੱਡੀ ਵਾਂਗਾ ਦੇ ਭੱਦਰਾਕਲੀ ਪਿਕਚਰਜ਼ ਨੇ ਮਿਲ ਕੇ ਕੀਤਾ ਹੈ। ਨਿਰਮਾਤਾਵਾਂ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ 'ਤੇ ਅੱਧੀ ਰਾਤ ਸਮੇਂ ਕਪੂਰ ਦੀ ਨਵੀਂ ਦਿੱਖ ਵਾਲਾ ਪੋਸਟਰ ਪਾਇਆ ਹੈ, ਜਿਸ ਵਿੱਚ ਅਦਾਕਾਰ ਹੱਥ ਵਿੱਚ ਕੁਹਾੜੀ ਫੜੀ ਹੋਈ ਹੈ ਅਤੇ ਉਹ ਖ਼ੂਨ ਨਾਲ ਲੱਥਪਥ ਹੋਇਆ ਸਿਗਰਟ ਸੁਲਗਾਉਂਦਾ ਦਿਖਾਈ ਦੇ ਰਿਹਾ ਹੈ। ਨਿਰਮਾਤਾਵਾਂ ਨੇ ਕਿਹਾ, ''ਅਸੀਂ ਦਰਸ਼ਕਾਂ ਨਾਲ ਪਹਿਲੀ ਝਲਕ ਸਾਂਝੀ ਕਰਕੇ ਖੁਸ਼ ਹਾਂ। ਪੋਸਟਰ ਵਿਚਲੀ ਰਣਬੀਰ ਦੀ ਝਲਕ ਫਿਲਮ ਦੀ ਕਹਾਣੀ ਨੂੰ ਬਿਆਨ ਰਹੀ ਹੈ ਅਤੇ ਸਾਨੂੰ ਯਕੀਨ ਹੈ ਕਿ ਫਿਲਮ ਦਰਸ਼ਕਾਂ ਦੀਆਂ ਉਮੀਦਾਂ 'ਤੇ ਪੂਰਾ ਉੱਤਰੇਗੀ।'' ਫਿਲਮ 'ਐਨੀਮਲ' ਵਿੱਚ ਅਨਿਲ ਕਪੂਰ, ਰਸ਼ਮਿਕਾ ਮੰਦਾਨਾ, ਬੌਬੀ ਦਿਓਲ ਅਤੇ ਤ੍ਰਿਪਤੀ ਦੀਮਰੀ ਅਹਿਮ ਭੂਮਿਕਾਵਾਂ ਵਿਚ ਹਨ।

## 'ਪ੍ਰੋਜੈਕਟ ਕੇ' ਨੇ ਰਿਲੀਜ਼ ਤੋਂ ਪਹਿਲਾਂ ਹੀ ਕਮਾ ਲਏ 170 ਕਰੋੜ



ਪ੍ਰਭਾਸ ਦੀ ਆਉਣ ਵਾਲੀ ਫ਼ਿਲਮ 'ਪ੍ਰੋਜੈਕਟ ਕੇ' ਦੀ ਰਿਲੀਜ਼ ਡੇਟ ਦਾ ਐਲਾਨ ਹੋਣਾ ਅਜੇ ਬਾਕੀ ਹੈ ਪਰ ਇਹ 170 ਕਰੋੜ ਰੁਪਏ ਦੀ ਕਮਾਈ ਕਰ ਚੁੱਕੀ ਹੈ। ਫ਼ਿਲਮ ਦਾ ਨਿਰਦੇਸ਼ਨ ਨਾਗ ਅਸ਼ਵਿਨ ਸੰਭਾਲ ਰਹੇ ਹਨ। ਉਹ ਸ਼ਾਨਦਾਰ ਫ਼ਿਲਮਾਂ ਲਈ ਮਸ਼ਹੂਰ ਹਨ। ਭਾਰਤੀ ਫ਼ਿਲਮ ਇੰਡਸਟਰੀ ਦੇ ਵੱਡੇ ਸਿਤਾਰੇ ਇਸ ਫ਼ਿਲਮ ਦਾ ਹਿੱਸਾ ਹੋਣਗੇ। ਇਸ 'ਚ ਦੀਪਿਕਾ ਪਾਦੂਕੋਣ, ਅਮਿਤਾਭ ਬੱਚਨ, ਪਵਨ ਕਲਿਆਣ ਸਮੇਤ ਕਈ ਲੋਕਾਂ ਦੇ ਨਾਂ ਸ਼ਾਮਿਲ ਹਨ।

ਇੰਡੀਆ ਟੂਡੇ ਦੀ ਰਿਪੋਰਟ ਮੁਤਾਬਕ ਪ੍ਰਭਾਸ ਦੀ 'ਪ੍ਰੋਜੈਕਟ ਕੇ' ਦੇ ਨਿਜ਼ਾਮ ਰਾਈਟਸ 70 ਕਰੋੜ 'ਚ ਵੇਚੇ ਗਏ ਹਨ। ਇਨ੍ਹਾਂ ਨੂੰ ਸੁਨੀਲ ਨਾਰੰਗ ਨੇ ਖਰੀਦਿਆ ਹੈ। ਸੁਨੀਲ ਨਾਰੰਗ ਏਸ਼ੀਅਨ ਸੁਨੀਲ ਦੇ ਨਾਮ ਨਾਲ ਇੰਡਸਟਰੀ 'ਚ ਬਹੁਤ ਮਸ਼ਹੂਰ ਹਨ। ਖ਼ਬਰਾਂ ਮੁਤਾਬਕ ਫ਼ਿਲਮ ਦੇ ਆਂਧਰਾ ਪ੍ਰਦੇਸ਼ ਦੇ ਅਧਿਕਾਰ ਕਰੀਬ 100 ਕਰੋੜ 'ਚ ਵਿਕ ਚੁੱਕੇ ਹਨ। ਯਾਨੀ ਕਿ ਟਾਲੀਵੁੱਡ 'ਚ ਹੀ ਫ਼ਿਲਮ ਨੇ ਕੁਲ 170 ਕਰੋੜ ਦੀ ਕਮਾਈ ਕਰ ਲਈ ਹੈ। ਕਰੀਬ 50 ਫੀਸਦੀ ਕਮਾਈ ਫ਼ਿਲਮ ਆਪਣੇ ਅਧਿਕਾਰਾਂ ਤੋਂ ਹੀ ਕਰੇਗੀ। ਇਸ ਫ਼ਿਲਮ ਦੇ ਬਾਕੀ ਡਿਸਟ੍ਰੀਬਿਊਸ਼ਨ ਰਾਈਟਸ ਦੀ ਵੀ ਕਾਫੀ ਮੰਗ ਹੈ। ਰਿਲੀਜ਼ ਤੋਂ ਬਾਅਦ ਵੀ ਬਾਕਸ ਆਫਿਸ ਕਲੈਕਸ਼ਨ ਬਾਕੀ ਹੈ।

ਪ੍ਰਭਾਸ ਤੇ ਉਨ੍ਹਾਂ ਦੀ ਟੀਮ ਨੇ ਫਿਲਮ ਦੀ ਲਗਭਗ 80 ਫੀਸਦੀ ਸ਼ੂਟਿੰਗ ਪੂਰੀ ਕਰ ਲਈ ਹੈ। ਸਿਰਫ਼ 20 ਫੀਸਦੀ ਸ਼ੂਟਿੰਗ ਬਾਕੀ ਹੈ। ਇਸ ਨੂੰ ਵੀ ਆਉਣ ਵਾਲੇ ਕੁਝ ਮਹੀਨਿਆਂ 'ਚ ਪੂਰਾ ਕਰ ਲਿਆ ਜਾਵੇਗਾ। ਫ਼ਿਲਮ 'ਚ ਹੈਵੀ ਸੀ. ਜੀ. ਆਈ. (ਕੰਪਿਊਟਰ ਜਨਰੇਟਿਡ ਇਮੇਜਰੀ) ਨਜ਼ਰ ਆਵੇਗੀ। ਇਸ ਲਈ ਪੋਸਟ-ਪ੍ਰੋਡਕਸ਼ਨ 'ਚ ਲੰਮਾ ਸਮਾਂ ਲੱਗੇਗਾ। ਇਹ ਵੀ ਕਿਹਾ ਜਾ ਰਿਹਾ ਹੈ ਕਿ ਫ਼ਿਲਮ 2024 'ਚ ਰਿਲੀਜ਼ ਹੋਣ ਜਾ ਰਹੀ ਹੈ, ਇਹ ਵੀ ਕੋਈ ਵੱਡੀ ਗੱਲ ਨਹੀਂ ਹੈ। ਨਿਰਮਾਤਾਵਾਂ ਨੂੰ ਫ਼ਿਲਮ ਤੋਂ ਕਾਫੀ ਉਮੀਦਾਂ ਹਨ। 500 ਕਰੋੜ ਦੇ ਬਜਟ 'ਚ ਬਣਨ ਵਾਲੀ ਇਹ ਫ਼ਿਲਮ ਕਿੰਨਾ ਕਮਾਲ ਦਿਖਾਏਗੀ ਇਹ ਤਾਂ ਸਮਾਂ ਹੀ ਦੱਸੇਗਾ। ਪ੍ਰਭਾਸ ਦੀ 'ਰਾਧੇ ਸ਼ਿਆਮ' ਤੇ 'ਸਾਹੋ' ਵੀ ਵੱਡੇ ਬਜਟ ਦੀਆਂ ਫ਼ਿਲਮਾਂ ਸਨ ਪਰ ਦੋਵਾਂ 'ਚੋਂ ਇਕ ਵੀ ਬਾਕਸ ਆਫਿਸ 'ਤੇ ਕਮਾਲ ਨਹੀਂ ਕਰ ਸਕੀ।

ਜੇਕਰ 'ਪ੍ਰੋਜੈਕਟ ਕੇ' ਵੀ ਬਾਕਸ ਆਫਿਸ 'ਤੇ ਫਲਾਪ ਹੁੰਦੀ ਹੈ ਤਾਂ 'ਬਾਹੂਬਲੀ' ਸਟਾਰ ਇਕ ਵਾਰ ਮੁੜ ਲੋਕਾਂ ਦੇ ਨਿਸ਼ਾਨੇ 'ਤੇ ਆ ਜਾਣਗੇ। ਉਂਝ ਵੀ ਪ੍ਰਭਾਸ 'ਆਦਿਪੁਰਸ਼' ਨੂੰ ਲੈ ਕੇ ਕਾਫੀ ਮਜ਼ਾਕ ਦਾ ਸਾਹਮਣਾ ਕਰ ਚੁੱਕੇ ਹਨ। ਦੱਸਿਆ ਜਾ ਰਿਹਾ ਹੈ ਕਿ ਇਹ ਫ਼ਿਲਮ ਇਸ ਸਾਲ ਦੀ ਦੂਜੀ ਤਿਮਾਹੀ 'ਚ ਰਿਲੀਜ਼ ਹੋਵੇਗੀ। ਫ਼ਿਲਮ 'ਚ ਕ੍ਰਿਤੀ ਸੈਨਨ ਮੁੱਖ ਭੂਮਿਕਾ 'ਚ ਨਜ਼ਰ ਆਉਣ ਵਾਲੀ ਹੈ।

## ਵਿਦਿਆ ਨੇ ਮਨਾਇਆ 44ਵਾਂ ਜਨਮਦਿਨ




ਬਾਲੀਵੁੱਡ ਵਿੱਚ ਆਪਣੀ ਵੱਖਰੀ ਪਛਾਣ ਕਾਇਮ ਕਰਨ ਵਾਲੀ ਅਦਾਕਾਰਾ ਵਿਦਿਆ ਬਾਲਨ ਨੇ ਅੱਜ ਆਪਣਾ 44ਵਾਂ ਜਨਮ ਦਿਨ ਮਨਾਇਆ। ਆਪਣੇ ਨਿਵੇਕਲੇ ਕੰਮ ਸਦਕਾ ਵਿਦਿਆ ਬਾਲਨ ਨੂੰ ਬੌਲੀਵੁੱਡ ਦੀ ਬਹੁਪੱਖੀ ਅਦਾਕਾਰਾ ਗਿਣਿਆ ਜਾਂਦਾ ਹੈ। ਭਾਰਤ ਸਰਕਾਰ ਵੱਲੋਂ ਫਿਲਮ ਸਨਅਤ ਵਿੱਚ ਪਾਏ ਯੋਗਦਾਨ ਲਈ ਸਾਲ 2014 ਵਿੱਚ ਉਸ ਨੂੰ ਪਦਮ ਸ੍ਰੀ ਐਵਾਰਡ ਨਾਲ ਸਨਮਾਨਿਆ ਗਿਆ ਸੀ। ਉਸ ਨੇ ਆਪਣੇ ਸਿਨੇ ਜਗਤ ਦੇ ਸਫ਼ਰ ਦੀ ਸ਼ੁਰੂਆਤ ਸਾਲ 2005 ਤੋਂ ਕੀਤੀ ਸੀ। ਉਸ ਨੇ ਕਰੀਅਰ ਦੌਰਾਨ ਕਈ ਸ਼ਾਨਦਾਰ ਕੰਮ ਕੀਤੇ। ਉਸ ਦੀਆਂ ਕੁਝ ਫਿਲਮਾਂ ਨੂੰ ਬਿਹਤਰੀਨ ਗਿਣਿਆ ਜਾਂਦਾ ਹੈ। ਇਨ੍ਹਾਂ ਵਿੱਚੋਂ ਇੱਕ ਫਿਲਮ ਹੈ 'ਪਰਿਨੀਤਾ'। ਇਸ ਫ਼ਿਲਮ ਵਿੱਚ ਉਸ ਨਾਲ ਸੈਫ ਅਲੀ ਖਾਨ ਤੇ ਸੰਜੈ ਦੱਤ ਵੀ ਸਨ। ਇਸ ਦਾ ਨਿਰਦੇਸ਼ਨ ਪ੍ਰਦੀਪ ਸਰਕਾਰ ਨੇ ਕੀਤਾ ਸੀ। 'ਭੂਲ-ਭੁਲੱਈਆ' ਵਿੱਚ ਉਸ ਵੀ ਉਸ ਦੇ ਕੰਮ ਦੀ ਸ਼ਲਾਘਾ ਹੋਈ ਸੀ। ਪ੍ਰਿਯਦਰਸ਼ਨ ਦੇ ਨਿਰਦੇਸ਼ਨ ਵਾਲੀ ਇਸ ਫਿਲਮ ਵਿੱਚ ਵਿਦਿਆ ਬਾਲਨ ਨਾਲ ਅਕਸ਼ੈ ਕੁਮਾਰ, ਅਮੀਸ਼ਾ ਪਟੇਲ ਆਦਿ ਸਨ। 'ਦਿ ਡਰਟੀ ਪਿਕਚਰ' ਵਿੱਚ ਕੀਤੀ ਅਦਾਕਾਰੀ ਲਈ ਵਿਦਿਆ ਬਾਲਨ ਨੇ ਕੌਮੀ ਐਵਾਰਡ ਜਿੱਤਿਆ ਸੀ। ਇਹ ਫਿਲਮ ਭਾਰਤੀ ਅਦਾਕਾਰਾ ਸਿਲਕ ਸਮਿਤਾ ਦੇ ਜੀਵਨ 'ਤੇ ਆਧਾਰਿਤ ਸੀ। ਇਸ ਤੋਂ ਇਲਾਵਾ 'ਕਹਾਨੀ' ਅਤੇ 'ਤੁਮਾਰੀ ਸ਼ਾਲੂ' ਵਿੱਚ ਉਨ੍ਹਾਂ ਦੇ ਕੰਮ ਦੀ ਕਾਫ਼ੀ ਸ਼ਲਾਘਾ ਹੋਈ ਸੀ।

## ਮਹਾਤਮਾ ਗਾਂਧੀ ਤੇ ਜਯੋਤੀਰਾਓ ਫੂਲੇ ਦੇ ਕਿਰਦਾਰ ਨਿਭਾਏਗਾ ਪ੍ਰਤੀਕ



ਅਦਾਕਾਰ ਪ੍ਰਤੀਕ ਗਾਂਧੀ ਆਪਣੀਆਂ ਆਉਣ ਵਾਲੀਆਂ ਫਿਲਮਾਂ ਵਿੱਚ ਮਹਾਤਮਾ ਗਾਂਧੀ ਤੇ ਜਯੋਤੀਰਾਓ ਫੂਲੇ ਦੇ ਕਿਰਦਾਰ ਨਿਭਾਉਣ ਜਾ ਰਿਹਾ ਹੈ। ਉਹ ਆਪਣੇ ਇਨ੍ਹਾਂ ਦੋਵੇਂ ਪ੍ਰਾਜੈਕਟਾਂ ਤੋਂ ਕਾਫੀ ਖ਼ੁਸ਼ ਹੈ। ਅਦਾਕਾਰ ਦਾ ਕਹਿਣਾ ਹੈ ਕਿ ਇਤਿਹਾਸ ਦੀਆਂ ਇਨ੍ਹਾਂ ਦੋਵੇਂ ਮਹੱਤਵਪੂਰਨ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਦੇ ਕਿਰਦਾਰ ਨਿਭਾਉਣਾ ਉਸ ਦੀ ਸ਼ਖ਼ਸੀਅਤ ਅਤੇ ਅਦਾਕਾਰੀ ਦੋਵਾਂ ਵਿੱਚ ਨਿਖਾਰ ਲਿਆਏਗਾ। ਜਾਣਕਾਰੀ ਅਨੁਸਾਰ ਫਿਲਮ 'ਫੂਲੇ' ਆਨੰਤ ਮਹਾਦੇਵਨ ਵੱਲੋਂ ਲਿਖੀ ਤੇ ਨਿਰਦੇਸ਼ਿਤ ਕੀਤੀ ਜਾ ਰਹੀ ਹੈ। ਇਸ ਫ਼ਿਲਮ ਵਿੱਚ ਪ੍ਰਤੀਕ ਗਾਂਧੀ ਸਮਾਜ ਸੇਵੀ ਤੇ ਸਮਾਜ ਸੁਧਾਰਕ ਮਹਾਤਮਾ ਫੂਲੇ ਦੇ ਕਿਰਦਾਰ ਵਿੱਚ ਨਜ਼ਰ ਆਵੇਗਾ ਤੇ ਸਾਵਿੱਤਰੀਬਾਈ ਫੂਲੇ ਦਾ ਕਿਰਦਾਰ ਪੱਤਰਲੇਖਾ ਨਿਭਾਅ ਰਹੀ ਹੈ। ਫਿਲਮ ਦੀ ਸ਼ੂਟਿੰਗ ਇਸ ਸਾਲ ਅਪਰੈਲ ਮਹੀਨੇ ਵਿੱਚ ਸ਼ੁਰੂ ਹੋਵੇਗੀ। ਇਸ ਪ੍ਰਾਜੈਕਟ ਦੀ ਸਮਾਪਤੀ ਮਗਰੋਂ ਅਦਾਕਾਰ ਮਹਾਤਮਾ ਗਾਂਧੀ ਦੇ ਜੀਵਨ 'ਤੇ ਆਧਾਰਿਤ ਸੀਰੀਜ਼ 'ਸਕੈਮ 1992: ਦਿ ਹਰਸ਼ਦ ਮਹਿਤਾ ਸਟੋਰੀ' ਦੀ ਸ਼ੂਟਿੰਗ ਆਰੰਭੇਗਾ, ਜਿਸ ਦਾ ਨਿਰਦੇਸ਼ਨ ਹੰਸਲ ਮਹਿਤਾ ਵੱਲੋਂ ਕੀਤਾ ਜਾ ਰਿਹਾ ਹੈ। ਅਦਾਕਾਰ ਦਾ ਕਹਿਣਾ ਹੈ ਕਿ ਇਨ੍ਹਾਂ ਦੋਵੇਂ ਮਹੱਤਵਪੂਰਨ ਕਿਰਦਾਰਾਂ ਨੂੰ ਨਿਭਾਉਣਾ ਉਸ ਲਈ ਬਹੁਤ ਮਾਣ ਅਤੇ ਖੁਸ਼ੀ ਵਾਲੀ ਗੱਲ ਹੈ। ਦੋਵੇਂ ਹੀ ਕਿਰਦਾਰ ਬਹੁਤ ਪ੍ਰਭਾਵਸ਼ਾਲੀ ਹਨ, ਇਸ ਲਈ ਦੋਵਾਂ ਨੂੰ ਨਿਭਾਅ ਸਕਣਾ ਉਸ ਲਈ ਚੁਣੌਤੀਪੂਰਨ ਹੋਵੇਗਾ। ਅਦਾਕਾਰ ਦਾ ਕਹਿਣਾ ਹੈ ਕਿ ਮਹਾਤਮਾ ਗਾਂਧੀ ਦਾ ਕਿਰਦਾਰ ਨਿਭਾਉਣ ਲਈ ਉਸ ਨੂੰ ਭਾਰ ਵੀ ਘਟਾਉਣਾ ਪਵੇਗਾ।

## ਅਦੀਵੀ ਸ਼ੇਸ਼ ਨੇ 'ਜੀ2' ਦੀ ਝਲਕ ਕੀਤੀ ਸਾਂਝੀ



ਅਦਾਕਾਰ ਅਦੀਵੀ ਸ਼ੇਸ਼ ਨੇ ਕਮਰਸ਼ੀਅਲ ਫ਼ਿਲਮਾਂ 'ਮੇਜਰ' ਅਤੇ 'ਹਿੱਟ 2' ਨਾਲ ਦਿਲ ਜਿੱਤ ਲਿਆ ਹੈ। ਉਸ ਨੇ ਹੁਣ ਤਕ ਦੇ ਸਭ ਤੋਂ ਉਡੀਕੇ ਜਾ ਰਹੇ ਪ੍ਰਾਜੈਕਟ 'ਜੀ2' ਦੀ ਇਕ ਝਲਕ ਸਾਂਝੀ ਕੀਤੀ ਹੈ।ਗੁੱਡਾਚਾਰੀ ਦੀ ਪਹਿਲੀ ਸਥਾਪਨਾ ਬਹੁਤ ਸਫਲ ਰਹੀ ਤੇ ਦਰਸ਼ਕਾਂ ਨੂੰ ਆਕਰਸ਼ਤਿ ਕੀਤਾ। ਅਦੀਵੀ ਦਾ ਪੋਸਟਰ ਰਿਲੀਜ਼ ਹੋਣ ਦੇ ਨਾਲ ਹੀ ਇੰਟਰਨੈੱਟ 'ਤੇ ਹਲਚਲ ਮਚ ਗਈ ਸੀ। ਇਹ ਪੋਸਟਰ ਬਹੁਤ ਜ਼ਬਰਦਸਤ ਹੈ। ਪੋਸਟਰ ਵਿਚ ਲੀਡ ਅਦਾਕਾਰ ਅਦੀਵੀ ਸ਼ੇਸ਼ ਨੂੰ ਬੰਦੂਕ ਫੜ੍ਹੇ ਦਿਖਾਇਆ ਗਿਆ ਹੈ। ਜਿਵੇਂ ਕਿ ਪੋਸਟਰ ਵਿਚ ਲਿਖਿਆ ਹੈ, ਨੇਟੀਜ਼ਨ ਇਹ ਜਾਣਨ ਲਈ ਬਹੁਤ ਉਤਸ਼ਾਹਿਤ ਹਨ ਕਿ 9 ਜਨਵਰੀ, 2023 ਨੂੰ ਕੀ ਹੋਣ ਵਾਲਾ ਹੈ। ਉਸੇ ਫਰੈਂਚਾਇਜ਼ੀ ਦਾ ਭਾਗ 1 ਇਕ ਦਿਲਚਸਪ ਜਾਸੂਸੀ ਥ੍ਰਿਲਰ ਸੀ, ਜਿਸ ਨੇ ਦਰਸ਼ਕਾਂ ਨੂੰ ਹੈਰਾਨ ਕਰ ਦਿੱਤਾ। ਹੁਣ ਲੋਕ 9 ਜਨਵਰੀ ਨੂੰ ਅਦੀਵੀ ਸ਼ੇਸ਼ ਨੂੰ ਇਕ ਨਵੇਂ ਅੰਦਾਜ਼ 'ਚ ਦੇਖਣਗੇ।

## ਰਕੁਲ ਦੀ ਫ਼ਿਲਮ 'ਛਤਰੀਵਾਲੀ' 20 ਜਨਵਰੀ ਨੂੰ ਹੋਵੇਗੀ ਰਿਲੀਜ਼



ਬਾਲੀਵੁੱਡ ਅਦਾਕਾਰਾ ਰਕੁਲ ਪ੍ਰੀਤ ਸਿੰਘ ਦੀ ਫ਼ਿਲਮ 'ਛਤਰੀਵਾਲੀ' ਆਗਾਮੀ 20 ਜਨਵਰੀ ਨੂੰ ਜ਼ੀ5 'ਤੇ ਰਿਲੀਜ਼ ਹੋਵੇਗੀ। ਇਸ ਦਾ ਐਲਾਨ ਜ਼ੀ5 ਨੇ ਟਵਿੱਟਰ 'ਤੇ ਕੀਤਾ ਹੈ। ਇਸ ਫ਼ਿਲਮ ਨੂੰ ਰੌਨੀ ਸਕਰਿਊਵਾਲਾ ਨੇ ਪ੍ਰੋਡਿਊਸ ਕੀਤਾ ਹੈ ਜਦਕਿ ਨਿਰਦੇਸ਼ਨ ਤੇਜਸ ਪ੍ਰਭਾ ਵਿਜੇ ਦਿਓਸਕਰ ਨੇ ਕੀਤਾ ਹੈ। ਜ਼ੀ5 ਨੇ ਟਵੀਟ ਕਰਦਿਆਂ ਆਖਿਆ, ''ਆਗਾਮੀ 20 ਜਨਵਰੀ ਨੂੰ ਜ਼ੀ5 'ਤੇ ਫ਼ਿਲਮ 'ਛਤਰੀਵਾਲੀ' ਦੇਖਣ ਲਈ ਆਪਣੀ ਸਮਾਂ-ਸਾਰਨੀ ਠੀਕ ਕਰ ਲਓ..!'' ਇਹ ਫ਼ਿਲਮ ਹਰਿਆਣਾ ਦੀ ਪਿੱਠ ਭੂਮੀ 'ਤੇ ਆਧਾਰਿਤ ਹੈ ਅਤੇ ਇਸ ਵਿੱਚ ਰਕੁਲ ਪ੍ਰੀਤ ਸਿੰਘ ਇਕ ਕੰਡੋਮ ਫੈਕਟਰੀ ਮੁਖੀ ਦੀ ਭੂਮਿਕਾ ਨਿਭਾਅ ਰਹੀ ਹੈ। ਇਸ ਫ਼ਿਲਮ ਵਿੱਚ ਅਦਾਕਾਰ ਸੁਮੀਤ ਵਿਆਸ ਵੀ ਅਹਿਮ ਭੂਮਿਕਾ ਵਿੱਚ ਨਜ਼ਰ ਆਵੇਗਾ। ਨਿਰਮਾਤਾਵਾਂ ਦਾ ਕਹਿਣਾ ਹੈ ਫ਼ਿਲਮ 'ਛਤਰੀਵਾਲੀ' ਦਾ ਮਕਸਦ ਸਮਾਜ ਨੂੰ ਸੁਰੱਖਿਅਤ ਸੰਭੋਗ ਅਤੇ ਗਰਭ ਨਿਰੋਧਕਾਂ ਬਾਰੇ ਜਾਗਰੂਕ ਕਰਨਾ ਹੈ।




# ਕੁਈਨਜ਼ਵੁੱਡ ਕਾਲਜ ਆਫ਼ ਬਿਜ਼ਨਸ ਹੈਲਥ ਐਂਡ ਟੈਕਨਾਲੋਜੀ ਡਿਪਲੋਮਾ ਅਤੇ ਛੋਟੇ ਕੋਰਸ ਪੇਸ਼ ਕਰਦਾ ਹੈ

ਡਿਪਲੋਮਾ ਪ੍ਰੋਗਰਾਮਾਂ ਵਿੱਚ ਅਸੀਂ **Medical Office Assistant** ਪ੍ਰੋਗਰਾਮ ਪੇਸ਼ ਕਰ ਰਹੇ ਹਾਂ । ਇਹ ਪ੍ਰੋਗਰਾਮ ਉਹਨਾਂ ਸਾਰਿਆਂ ਲਈ ਢੁਕਵਾਂ ਹੈ ਜੋ ਡਾਕਟਰ ਦੇ ਦਫ਼ਤਰ ਵਿੱਚ ਕੰਮ ਕਰਨਾ ਚਾਹੁੰਦੇ ਹਨ। ਤੁਸੀਂ ਇਸ ਕੋਰਸ ਨੂੰ ਪੂਰਾ ਕਰਨ ਤੋਂ ਬਾਅਦ ਡਾਕਟਰ ਦੇ ਦਫਤਰ ਵਿੱਚ ਇੱਕ ਚੰਗੀ ਸਫੈਦ ਕਾਲਰ ਦੀ ਨੌਕਰੀ ਪ੍ਰਾਪਤ ਕਰ ਸਕਦੇ ਹੋ। ਇਹ ਪ੍ਰੋਗਰਾਮ 47 ਹਫ਼ਤਿਆਂ ਦਾ ਹੈ। ਇਸ ਪ੍ਰੋਗਰਾਮ ਵਿੱਚ ਡਾਕਟਰ ਦੇ ਦਫ਼ਤਰ ਵਿੱਚ 240 **Hours** ਦੀ ਵਿਹਾਰਕ ਸਿਖਲਾਈ ਸ਼ਾਮਲ ਹੈ ਜੋ ਕਿ ਗਿਆਨ ਪ੍ਰਾਪਤ ਕਰਨ ਵਿੱਚ ਮਦਦਗਾਰ ਹੈ।

ਇਹ ਪ੍ਰੋਗਰਾਮ ਕਿਸੇ ਵੀ ਕੰਪਨੀ ਦੇ ਪ੍ਰਸ਼ਾਸਕੀ ਖੇਤਰ, ਫਰੰਟ ਡੈਸਕ ਨੌਕਰੀਆਂ, ਰਿਸੈਪਸ਼ਨਿਸਟ, ਆਫਿਸ ਐਡਮਿਨਿਸਟ੍ਰੇਟੋ ਵਿੱਚ ਨੌਕਰੀ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ।

ਇਸ ਕੋਰਸ ਲਈ ਪੂਰਵ ਸ਼ਰਤ ਹੈ, ਪ੍ਰੋਗਰਾਮ ਵਿੱਚ ਦਾਖਲਾ ਲੈਣ ਲਈ ਕਿਸੇ ਵੀ ਦੇਸ਼ ਤੋਂ ਘੱਟੋ-ਘੱਟ ਬਾਰ੍ਹਵੀਂ ਜਮਾਤ ਜਾਂ ਤੁਹਾਡੀ ਉਮਰ 18 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ।

ਇਸ ਤੋਂ ਇਲਾਵਾ, Office Administration ਡਿਪਲੋਮਾ ਪ੍ਰੋਗਰਾਮ ਅਤੇ Personal Support Worker, Food Service Worker, ਪ੍ਰੋਗਰਾਮ ਵੀ ਪੇਸ਼ ਕੀਤੇ ਜਾਂਦੇ ਹਨ। ਛੋਟੇ ਕੋਰਸਾਂ ਵਿੱਚ, ਬੇਸਿਕ ਤੋਂ ਐਡਵਾਂਸ ਕੰਪਿਊਟਰ ਕੋਰਸ, ਅੰਗਰੇਜ਼ੀ ਭਾਸ਼ਾ ਦੇ ਕੋਰਸ, Accounting, ਆਈਲੈਟਸ, ਸੇਲਪਪ, ਡੇਟਾ ਐਂਟਰੀ ਅਤੇ ਫਰੈਂਚ ਕਲਾਸਾਂ ਵੀ ਇੱਥੇ ਦਿੱਤੀਆਂ ਜਾ ਰਹੀਆਂ ਹਨ। ਕਲਾਸਾਂ ਹਫ਼ਤੇ ਦੇ ਦਿਨ ਅਤੇ ਸ਼ਨੀਵਾਰ ਲਈ ਉਪਲਬਧ ਹਨ। Flexible schedule.

ਵਧੇਰੇ ਜਾਣਕਾਰੀ ਲਈ, ਤੁਸੀਂ 905-872-0088 ਤੇ ਕਾਲ ਕਰ ਸਕਦੇ ਹੋ।

Website: www.queenswood.com

Address: 2023 William, Pkwy, Unit 3, Brampton, ON, L6S 5N1

